# ਕੈਨੇਡਾ ਦਰਪਣ

17 ਅਪ੍ਰੈਲ , 1987

**April 17, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ Weekending April 17,1987 Vol.6 No14 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

# ਸਿੱਧੂ ਤੇ ਕਾਤਲਾਨਾ ਹਮਲੇ ਦੇ ਦੋਸ਼ੀਆਂ ਨੂੰ

# 20,20 ਸਾਲ ਕੈਦ ਹੋਈ

ਨੀਊ ਵੈਸਟਮਿਨਸਟਰ(ਬੀ.ਸੀ.)—ਸ਼ੁਕਰਵਾਰ 3 ਅਪਰੈਲ ਨੂੰ ਬੀ.ਸੀ. ਸੁਪਰੀਮ ਕੋਰਟ ਦੇ ਜੱਜ,ਜਸਟਿਸ ਹਾਵਰਡ ਕੈਲੇਗਨ ਨੇ,ਪੰਜਾਬ ਦੇ ਯੋਜਨਾ ਮੰਤਰੀ ਮਲਕੀਤ ਸਿੰਘ ਸਿੱਧੂ ਨੂੰ ਕਤਲ ਕਰਨ ਦੀ ਕੋਸ਼ਿਸ਼ ਦੇ ਦੋਸ਼ ਵਿਚ ਜਸਪਾਲ ਸਿੰਘ ਅਟਵਾਲ,ਜਸਬੀਰ ਸਿੰਘ ਅਟਵਾਲ,ਅਮਰਜੀਤ ਸਿੰਘ ਢੀਂਡਸਾ ਅਤੇ ਸੁਖਦਿਆਲ ਸਿੰਘ ਗਿੱਲ ਨੂੰ ਵੀਹ,ਵੀਹ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਇਨ੍ਹਾਂ ਵਿਅਕਤੀਆਂ ਨੂੰ 26 ਫਰਵਰੀ ਨੂੰ ਜਿਊਰੀ ਨੇ ਦੋਸ਼ੀ ਕਰਾਰ ਦਿੱਤਾ ਸੀ।

ਸਜ਼ਾ ਸੁਣਾਉਂਦਿਆਂ ਆਦਰਨੀਆ ਜੱਜ ਨੇ ਕਿਹਾ,"ਬਦੇਸ਼ੀ ਕਾਰਨਾ ਕਰਕੇ ਕੈਨੇਡਾ ਦੀ ਧਰਤੀ ਨੂੰ ਹਿੰਸਾ ਲਈ ਵਰਤਣ ਦੀ ਇਜ਼ਾਜ਼ਤ ਨਹੀਂ ਦਿੱਤੀ ਜਾ ਸਕਦੀ।"ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਨ੍ਹਾਂ ਵਿਅਕਤੀਆਂ ਦਾ ਵਤੀਰਾ ਬੁਜ਼ਦਿਲਾਨਾ ਤੇ ਕਠੋਰ ਸੀ। ਇਨ੍ਹਾਂ ਨੇ ਸਿੱਧੂ ਦਾ ਸ਼ਿਕਾਰੀਆਂ ਵਾਂਗ ਪਿੱਛਾ ਕੀਤਾ।

ਸਰਕਾਰੀ ਵਕੀਲ ਜਿਮ ਟੇਲਰ ਨੇ ਕਿਹਾ ਕਿ ਇਹ ਕਤਲ ਕਰਨ ਦੀ ਕੋਸ਼ਿਸ਼ ਦਾ ਮੁੱਦਾ ਰਾਜਨੀਤਕ ਸੀ ਕਿਉਂਕਿ ਇਹਦਾ ਪਿਛੋਕੜ ਪੰਜਾਬ ਵਿਚ ਵੱਖਵਾਦੀ ਲਹਿਰ ਉਠਣ ਨਾਲ ਹੈ।

ਆਦਰਨੀਆ ਜੱਜ ਨੇ ਕਿਹਾ ਕਿ ਸਜ਼ਾ ਸੁਣਾਉਣ ਸਮੇਂ ਇਸਦਾ ਖਿਆਲ ਰੱਖਿਆ ਗਿਆ ਹੈ ਕਿ ਇਹ ਸੁਸਾਇਟੀ ਅਜਿਹੇ ਹਮਲੇ ਨੂੰ ਘ੍ਰਿਣਤ ਨਜ਼ਰ ਨਾਲ ਦੇਖਦੀ ਹੈ।

ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਜਿਮ ਟੇਲਰ ਨੇ ਜੱਜ ਨੂੰ ਬੇਨਤੀ ਕੀਤੀ ਸੀ ਕਿ ਅਜਿਹੀ ਸਖਤ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ ਤਾਂਕਿ ਰਾਜਨੀਤਕ ਹਿੰਸਾ ਇਸ ਮੁਲਕ ਵਿਚੋਂ ਖਤਮ ਕੀਤੀ ਜਾ ਸਕੇ ਅਤੇ ਬਾਹਰਲੇ ਦੇਸ਼ਾਂ ਦੀਆਂ ਲੜਾਈਆਂ ਲਈ ਕੈਨੇਡਾ ਨੂੰ ਅਖਾੜਾ ਨਾ ਬਣਾਇਆ ਜਾਵੇ।

**ਇਹ ਵਿਅਕਤੀ ਕਮਿਊਨਿਟੀ ਦੇ ਨਾਂ ਤੇ ਧੱਬਾ ਹਨ—ਸਰਕਾਰੀ ਵਕੀਲ**

ਸਰਕਾਰੀ ਵਕੀਲ ਨੇ ਕਿਹਾ ਕਿ ਬੀ.ਸੀ. ਵਿਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕ ਸ਼ਾਂਤੀ-ਪਸੰਦ ਹਨ ਅਤੇ ਸਖਤ ਮਿਹਨਤ ਕਰਨ ਵਾਲੇ ਹਨ ਪਰ ਇਹ ਕੁਝ ਕੁ ਵਿਅਕਤੀਆਂ ਨੇ ਸਮੁੱਚੀ ਕਮਿਊਨਿਟੀ ਦੇ ਨਾਂ ਨੂੰ ਬਦਨਾਮ ਅਤੇ ਸ਼ਰਮਸ਼ਾਰ ਕੀਤਾ ਹੈ।

**ਗੁੰਮਰਾਹ ਕੀਤੇ ਗਏ ਨੌਜਵਾਨ—ਸਫਾਈ ਦਾ ਵਕੀਲ**

ਸਫਾਈ ਦੇ ਵਕੀਲਾਂ ਡੇਵਿਡ ਮਿਥਨਜ਼,ਜੇਫ ਗਰੀਨ ਤੇ ਜੌਹਨ ਗਰੀਨ ਨੇ ਕਿਹਾ ਕਿ ਉਹ ਸਰਕਾਰੀ ਵਕੀਲ ਦੀਆਂ ਕਹੀਆਂ ਗੱਲਾਂ ਨਾਲ ਸਹਿਮਤ ਨਹੀਂ। ਉਨ੍ਹਾਂ ਨੇ ਕਿਹਾ ਕਿ ਇਹ ਗੁੰਮਰਾਹ ਹੋਏ ਨੌਜਵਾਨ ਹਨ।

**ਵੈਨ ਸਿਟੀ ਦੇ ਨਵੇਂ ਡਾਇਰੈਕਟਰ ਖੁਸ਼ਪਾਲ ਗਿੱਲ:**
ਨਾਲ ਖੜ੍ਹੇ ਹਨ (ਦਰਸ਼ਨ ਗਿੱਲ, ਸੈਟੀ ਪਾਂਡੇਕਰ, ਐਮ. ਐਲ. ਏ. ਗਲਿਨ ਕਲਾਰਕ



ਮੁਕੱਦਮੇ ਸਮੇਂ ਜਿਊਰੀ ਨੂੰ ਦੱਸਿਆ ਗਿਆ ਸੀ ਕਿ ਮਲਕੀਤ ਸਿੰਘ ਸਿੱਧੂ ਅਤੇ ਉਸਦੀ ਪਤਨੀ ਆਪਣੇ ਭਾਣਜੇ ਪੀਟਰ ਗਿੱਲ ਦੇ ਵਿਆਹ ਉੱਤੇ ਆਏ ਹੋਏ ਸਨ ਅਤੇ ਟਹਿਸਾਸ ਵਿਚ ਪਾਰਟੀ ਅਟੈਂਡ ਕਰਨ ਗਏ ਸਨ। 25 ਮਈ ਨੂੰ ਵਾਪਸੀ ਸਮੇਂ ਇਹ ਕਾਤਲਾਨਾ ਹਮਲਾ ਗੋਲਡਰਿਵਰ ਦੇ ਨੇੜੇ ਕੀਤਾ ਗਿਆ ਸੀ। ਸਿੱਧੂ ਦੀ ਛਾਤੀ ਅਤੇ ਬਾਹ ਵਿਚ ਗੋਲੀਆਂ ਮਾਰੀਆਂ ਗਈਆਂ ਸਨ। ਜਾਣਕਾਰ ਸੂਤਰਾਂ ਅਨੁਸਾਰ ਉਸਦੀ ਬਾਂਹ ਨਕਾਰਾ ਹੋ ਗਈ ਹੈ ਅਤੇ ਇਕ ਗੋਲੀ ਅਜੇ ਵੀ ਉਸਦੇ ਜਿਸਮ ਵਿਚ ਹੈ।

## ਸਾਜ਼ਿਸ਼ ਕੇਸ ਮਈ ਵਿਚ

ਖਬਰਾਂ ਅਨੁਸਾਰ ਮਲਕੀਤ ਸਿੰਘ ਸਿੱਧੂ ਨੂੰ ਕਤਲ ਕਰਨ ਦੀ ਕਥਿਤ ਕੋਸ਼ਿਸ਼ ਦਾ ਕੇਸ ਮਈ ਦੇ ਪਹਿਲੇ ਜਾਂ ਦੂਜੇ ਹਫਤੇ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਹ ਕੇਸ 9 ਵਿਅਕਤੀਆਂ ਉੱਤੇ ਚੱਲੇਗਾ। ਇਨ੍ਹਾਂ 9 ਵਿਅਕਤੀਆਂ ਵਿਚ ਚਾਰ ਵਿਅਕਤੀ ਜਸਪਾਲ ਸਿੰਘ ਅਟਵਾਲ,ਜਸਵੀਰ ਸਿੰਘ ਅਟਵਾਲ,ਸੁਖਦਿਆਲ ਸਿੰਘ ਗਿੱਲ ਅਤੇ

ਬਾਕੀ ਸਫਾ 2 ਤੇ

ROYAL FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

Royal Furniture Ltd.

2607 Main St. (at 10th Ave.) Vancouver, B.C.

ROYAL - THE NAME FRIENDS RECOMMEND



PAUL TOOR

PH. 874-9525

# ਫੈਡਰੇਸ਼ਨ ਵਲੋਂ ਠੇਕਿਆਂ ਪਿਛੋਂ ਡਿਸਟਿਲਰੀਆਂ ਵਿਰੁੱਧ ਐਕਸ਼ਨ ਦੀ ਧਮਕੀ

ਅੰਮ੍ਰਿਤਸਰ:—ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਐਕਟਿੰਗ ਪ੍ਰਧਾਨ ਭਾਈ ਗੁਰਜੀਤ ਸਿੰਘ ਨੇ ਐਲਾਨ ਕੀਤਾ ਹੈ ਕਿ ਫੈਡਰੇਸ਼ਨ ਖਾਲਸਾ ਰਾਜ ਦੀ ਸਥਾਪਨਾ ਤੋਂ ਘੱਟ ਕੋਈ ਗੱਲ ਪ੍ਰਵਾਨ ਨਹੀਂ ਕਰੇਗੀ।

ਅੱਜ ਫੈਡਰੇਸ਼ਨ ਦੇ ਹੈਡ ਕੁਆਟਰਜ ਤੋਂ ਜਾਰੀ ਕੀਤੇ ਇਕ ਲਿਖਤੀ ਬਿਆਨ ਵਿਚ ਇਹ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਖਾਲਸਾ ਰਾਜ ਦੀ ਸਥਾਪਨਾ ਤੋਂ ਘੱਟ ਜੇ ਕਿਸੇ ਵੀ ਅਕਾਲੀ ਆਗੂ ਨੇ ਹਿੰਦੋਸਤਾਨ ਸਰਕਾਰ ਨਾਲ ਸਮਝੌਤਾ ਕੀਤਾ ਤਾਂ ਫੈਡਰੇਸ਼ਨ ਇਹ ਸਮਝੌਤਾ ਕਰਨ ਵਾਲੇ ਆਗੂਆਂ ਦਾ ਹਸ਼ਰ ਵੀ ਉਹੋ ਹੋਵੇਗਾ ਜਿਹੋ ਜਿਹਾ ਪਹਿਲਾਂ ਸਮਝੌਤਾ ਕਰਨ ਵਾਲਿਆਂ ਦਾ ਹੋਇਆ ਹੈ।

ਸਿੱਖ ਨੌਜਵਾਨਾਂ ਤੇ ਪੁਲੀਸ ਵਲੋਂ ਕੀਤੇ ਜਾ ਰਹੇ ਅੰਨ੍ਹੇ ਤਸ਼ੱਦਦ ਦੀ ਚਰਚਾ ਕਰਦਿਆਂ ਭਾਈ ਗੁਰਜੀਤ ਸਿੰਘ ਨੇ ਕਿਹਾ ਕਿ ਬੇਗੁਨਾਹ ਨੌਜੁਆਨਾਂ ਨੂੰ ਪਕੜ ਕੇ ਨੀਮ ਫੌਜੀ ਫੋਰਸ ਗ੍ਰਿਫਤਾਰੀ ਪਾਉਣ ਦੀ ਥਾਂ ਆਪਣੇ ਟਾਰਚਰ ਸੈਲਾਂ ਵਿਚ ਉਨ੍ਹਾਂ ਨੂੰ ਅਣਮਨੁੱਖੀ ਤਸੀਹੇ ਦਿੰਦੀ ਹੈ ਅਤੇ ਜੇ ਕਿਸੇ ਨੌਜੁਆਨ ਦੀ ਤਸੀਹਿਆਂ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਇਹ ਕਹਿ ਦਿੱਤਾ ਜਾਂਦਾ ਹੈ ਕਿ ਉਹ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਅਜਿਹਾ ਕਰਕੇ ਫਿਰ ਸਿੱਖ ਨੌਜੁਆਨਾਂ ਨੂੰ ਉਹੋ ਰਾਹ ਅਪਨਾਉਣ ਲਈ ਮਜਬੂਰ ਕਰ ਰਹੀ ਹੈ। ਜਦੋਂ ਕਿ ਉਹ ਇਕ ਸਿੱਖ ਨੌਜੁਆਨ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਕਰਨ ਦੇ ਬਦਲੇ ਦਰਜਨਾਂ ਹਿੰਦੂਆਂ ਨੂੰ ਕਤਲ ਕਰਦੇ ਸਨ।

ਭਾਈ ਗੁਰਜੀਤ ਸਿੰਘ ਨੇ ਕਿਹਾ ਕਿ ਹਰ ਰੋਜ਼ ਬੇਗੁਨਾਹ ਨੌਜੁਆਨਾਂ ਨੂੰ ਸ਼ਹੀਦ ਕਰਕੇ ਨਹਿਰਾਂ ਵਿਚ ਸੁਟਣ ਅਤੇ ਝੂਠੇ ਮੁਕਾਬਲਿਆਂ ਵਿਚ ਸ਼ਹੀਦ ਕਰਨ ਦੀ ਸਰਕਾਰ ਨੂੰ ਇਹ ਨੀਤੀ ਤਿਆਗਣੀ ਪਵੇਗੀ ਨਹੀਂ ਤਾਂ ਇਸਦੇ ਬਹੁਤ ਖਤਰਨਾਕ ਸਿੱਟੇ ਨਿਕਲਣਗੇ ਜਿਸਦੀ ਜ਼ਿੰਮੇਵਾਰੀ ਸਰਕਾਰ ਹੋਵੇਗੀ।

ਭਾਈ ਗੁਰਜੀਤ ਸਿੰਘ ਨੇ ਕਿਹਾ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਬੇਗੁਨਾਹ ਲੋਕਾਂ ਦੇ ਕਤਲਾਂ ਅਤੇ ਲੁਟ ਖੋਹ ਦੀ ਨੀਤੀ ਵਿਚ ਬਿਲਕੁਲ ਵਿਸ਼ਵਾਸ਼ ਨਹੀਂ ਰੱਖਦੀ ਪਰ ਫੈਡਰੇਸ਼ਨ ਆਗੂਆਂ ਤੇ ਸਰਗਰਮ ਵਰਕਰਾਂ ਨੂੰ ਪੁਲਿਸ ਜਾਣ ਬੁਝ ਕੇ ਫਸਾ ਰਹੀ ਹੈ ਅਤੇ ਇਸ ਆੜ ਹੇਠ ਵੱਡੀ ਪੱਧਰ ਤੇ ਗ੍ਰਿਫਤਾਰੀਆਂ ਹੋ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਫੈਡਰੇਸ਼ਨ ਪੰਥ ਦੋਖੀਆਂ ਜ਼ਾਲਮ ਪੁਲਿਸ ਅਫਸਰਾਂ,ਟਾਊਟਾਂ ਤੇ ਗਦਾਰਾਂ ਦੀਆਂ ਲਿਸਟਾਂ ਸਮੇਂ ਸਮੇਂ ਖਾਲਿਸਤਾਨ ਕਮਾਂਡੋ ਫੋਰਸ ਨੂੰ ਭੇਜਦੀ ਰਹਿੰਦੀ ਹੈ।

ਭਾਈ ਗੁਰਜੀਤ ਸਿੰਘ ਨੇ ਕਿਹਾ ਹੈ ਕਿ ਸ਼ਰਾਬ,ਤੰਬਾਕੂ,ਜਰਦਾ ਅਤੇ ਹੋਰ ਨਸ਼ਿਆਂ ਵਿਰੁੱਧ ਮੁਹਿੰਮ ਫੈਡਰੇਸ਼ਨ ਜਾਰੀ ਰੱਖੇਗੀ ਅਤੇ ਉਸਦਾ ਅਗਲਾ ਨਿਸ਼ਾਨਾ ਪੰਜਾਬ ਵਿਚ ਚੱਲ ਰਹੀਆਂ ਸ਼ਰਾਬ ਦੀਆਂ ਦੋ ਫੈਕਟਰੀਆਂ ਹਮੀਰਾ ਅਤੇ ਖਾਸਾ ਹੋਣਗੀਆਂ।

ਜੇ ਫੈਕਟਰੀਆਂ ਨੇ ਸ਼ਰਾਬ ਤਿਆਰ ਕਰਨੀ ਬੰਦ ਨਾ ਕੀਤੀ ਤਾਂ ਖਾਲਿਸਤਾਨ ਕਮਾਂਡੋ ਫੋਰਸ ਨੂੰ ਸਿੱਧੀ ਕਾਰਵਾਈ ਲਈ ਬੇਨਤੀ ਕੀਤੀ ਜਾਵੇਗੀ। ਉਨ੍ਹਾਂ ਨੇ ਇਸ ਧੰਦੇ ਵਿਚ ਲੱਗੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੁਝਾਓ ਦਿੱਤਾ ਕਿ ਉਹ ਆਪਣੇ ਨਿਰਭਾ ਲਈ ਹੋਰ ਧੰਦਾ ਅਪਣਾ ਲੈਣ ਅਤੇ ਪੈਸਿਆਂ ਦੇ ਲਾਲਚ 'ਚ ਜਾਨ ਨਾ ਗਵਾਉਣ।

ਭਾਈ ਗੁਰਜੀਤ ਸਿੰਘ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਂ ਦੀ ਦੁਰਵਰਤੋਂ ਦੀ ਚਰਚਾ ਕਰਦਿਆਂ ਕਿਹਾ ਕਿ ਕਈ ਕਿਤਾਬਾਂ ਰਸਾਲੇ ਅਤੇ ਹੋਰ ਲਿਟਰੇਚਰ ਛਾਪਣ ਵਾਲੇ ਆਪਣੀ ਦੁਕਾਨਦਾਰੀ ਚਮਕਾਉਣ ਲਈ ਸੰਤ ਜੀ ਸਬੰਧੀ ਅਸਲ ਤੱਥਾਂ ਨੂੰ ਤੋੜ-ਮਰੋੜ ਕੇ ਛਾਪ ਕੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰਦੇ ਹਨ ਅਤੇ ਸੰਤਾਂ ਦੀ ਟਾਈਟਲ 'ਤੇ ਫੋਟੋ ਹੋਣ ਕਾਰਨ ਲੋਕ ਅਜਿਹਾ ਲਿਟਰੇਚਰ ਖਰੀਦ ਲੈਂਦੇ ਹਨ। ਅਜਿਹੇ ਲੋਕਾਂ ਨੂੰ ਉਹ ਇਕ ਚਿਤਾਵਨੀ ਦਿੰਦੇ ਹਨ ਕਿ ਜੇ ਉਨ੍ਹਾਂ ਨੇ ਸੰਤਾਂ ਸੰਬੰਧੀ ਗਲਤ ਪ੍ਰਚਾਰ ਬੰਦ ਨਾ ਕੀਤਾ ਤਾਂ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ,ਸੰਤਾਂ ਸਬੰਧੀ ਕੁਝ ਵੀ ਲਿਖਣ ਤੋਂ ਪਹਿਲਾਂ ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪ੍ਰਵਾਨਗੀ ਜ਼ਰੂਰੀ ਹੋਵੇਗੀ। ਉਨ੍ਹਾਂ ਕਿਹਾ ਕਿ ਅਸ਼ਲੀਲ ਸਾਹਿਤ ਅਤੇ ਗੰਦੇ ਗੀਤ ਅਤੇ ਗੀਤ ਗਾਉਣ ਵਾਲਿਆਂ ਦੀ ਸਕਰੀਨਿੰਗ ਲਈ ਇਕ ਸੈਂਸਰ ਬੋਰਡ ਕਾਇਮ ਕੀਤਾ ਜਾ ਰਿਹਾ ਹੈ,ਜੋ ਜਲਦੀ ਹੀ ਕੰਮ ਸ਼ੁਰੂ ਕਰ ਦੇਵੇਗਾ। ਉਨ੍ਹਾਂ ਨੇ ਗ੍ਰੰਥੀਆਂ ਨੂੰ ਵੀ ਕੁੱਝ ਸੁਝਾਓ ਦਿੱਤਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਗੁਰੂਆਂ ਦਾ ਪੂਰਾ ਸਤਿਕਾਰ ਅਤੇ ਸੇਵਾ ਸੰਭਾਲ ਕਰਨ ਲੋੜ ਤੋਂ ਵੱਧ ਸੇਵਕ ਗੁਰਦਵਾਰਿਆਂ ਵਿਚ ਨਾਂ ਰੱਖੇ ਜਾਣ। ਇਸ ਸੁਝਾਓ ਦੀ ਪਾਲਣਾ ਨਾ ਕਰਨ ਵਾਲੇ ਗ੍ਰੰਥੀਆਂ ਨੂੰ ਵੀ ਸਜ਼ਾ ਮਿਲੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਦੇਖ-ਭਾਲ ਅਤੇ ਉਨ੍ਹਾਂ ਦੇ ਕੇਸਾਂ ਦੀ ਪੈਰਵਾਈ ਲਈ ਇਕ ਪੰਜ ਮੈਂਬਰੀ ਕਮੇਟੀ ਬਣਾ ਦਿਤੀ ਗਈ ਹੈ।

# ਕੱਟੜਵਾਦ ਨੂੰ ਨੱਥ ਪਾਵਾਂਗੇ:ਰਾਜੀਵ



ਨਵੀਂ ਦਿੱਲੀ:—ਪ੍ਰਧਾਂਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਕੱਟੜਪੰਥੀ ਤੇ ਮੂਲਵਾਦ ਦੀ ਵਬਾਅ 'ਤੇ ਅਸਰਦਾਇਕ ਢੰਗ ਨਾਲ ਕਾਬੂ ਪਾਉਣ ਲਈ ਸਰਕਾਰ ਨੂੰ ਕੋਈ ਨਾ ਕੋਈ ਕਦਮ ਲੈਣਾ ਹੀ ਪਵੇਗਾ।

ਇਥੇ ਕਾਂਗਰਸ ਸੰਸਦੀ ਦਲ ਦੀ ਕਾਰਜਕਾਰਨੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਗਾਂਧੀ ਨੇ ਕੱਟੜਪੰਥੀ ਦੇ ਉਭਾਰ ਬਾਰੇ ਮੈਂਬਰਾਂ ਦੀਆਂ ਭਾਵਨਾਵਾਂ ਨਾਲ ਸਹਿਮਤੀ ਪ੍ਰਗਟਾਈ ਅਤੇ ਮੰਨਿਆ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਕੱਟੜਪੰਥੀ ਨੇ ਬੜੀ ਤੇਜ਼ ਰਫਤਾਰ ਨਾਲ ਜ਼ੋਰ ਫੜਿਆ ਹੈ।

ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਸ੍ਰੀ ਹਰੀਕ੍ਰਿਸ਼ਨ ਸ਼ਾਸਤਰੀ,ਬੇਗਮ ਲਜਮਾ ਹੇਪਤੁੱਲਾ ਤੇ ਸ੍ਰੀ ਭਗਵਤ ਝਾਅ ਆਜ਼ਾਦ ਨੇ ਸੰਬੋਧਨ ਕੀਤਾ। ਕੱਟੜਵਾਦ ਬਾਰੇ ਵਿਚਾਰ ਮੁੱਖ ਤੌਰ 'ਤੇ ਹਾਲ ਹੀ ਵਿਚ ਬੋਟ ਕਲੱਬ ਵਿਚ ਹੋਈ ਰੈਲੀ ਦੇ ਪ੍ਰਸੰਗ ਵਿਚ ਹੋਇਆ। ਰੈਲੀ ਦਾ ਆਯੋਜਨ ਬਾਬਰੀ ਮਸਜਿਦ ਐਕਸ਼ਨ ਕਮੇਟੀ ਨੇ ਕੀਤਾ ਸੀ।

ਕਾਰਜਕਾਰਨੀ ਦੇ ਮੈਂਬਰਾਂ ਨੇ ਰੈਲੀ ਦੌਰਾਨ ਵੱਖ ਵੱਖ ਮੁਸਲਮਾਨ ਆਗੂਆਂ ਵਲੋਂ ਦਿੱਤੇ ਭੜਕਾਊ ਭਾਸ਼ਨਾਂ,ਖਾਸ ਤੌਰ 'ਤੇ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਵਲੋਂ ਕੀਤੀ ਗਈ ਤਕਰੀਰ ਦਾ ਸਖਤ ਨੋਟਿਸ ਲਿਆ।

ਮੈਂਬਰਾਂ ਨੇ ਪੱਛਮੀ ਬੰਗਾਲ ਤੇ ਕੇਰਲਾ ਵਿਚ ਪਾਰਟੀ ਦੀ ਹਾਰ 'ਤੇ ਸਖਤ ਚਿੰਤਾ ਪ੍ਰਗਟ ਕੀਤੀ ਅਤੇ ਪਾਰਟੀ ਦਾ ਅਕਸ ਸੁਧਾਰਨ ਲਈ ਕਈ ਕਦਮ ਸੁਝਾਏ।

**ਲੋਕ ਸਭਾ ਵਿਚ ਮੰਗ:** ਲੋਕ ਸਭਾ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਦੀਆਂ ਅਨੁਦਾਨ ਮੰਗਾਂ 'ਤੇ ਬਹਿਸ ਦੌਰਾਨ ਧਾਰਮਿਕ ਕੱਟੜਵਾਦ ਵਿਰੁੱਧ ਜ਼ੋਰਦਾਰ ਕਾਰਵਾਈ ਦੀ ਪੈਰਵੀ ਕੀਤੀ ਗਈ।

ਹਾਕਮ ਤੇ ਵਿਰੋਧੀ-ਦੋਹਾਂ ਧਿਰਾਂ ਦੇ ਮੈਂਬਰਾਂ ਨੇ ਮੰਗ ਕੀਤੀ ਕਿ ਧਰਮ 'ਤੇ ਆਧਾਰਿਤ ਸਿਆਸੀ ਪਾਰਟੀਆਂ ਉਪਰ ਪਾਬੰਦੀ ਲਗਾਈ ਜਾਵੇ ਉਨ੍ਹਾਂ ਨੇ ਧਰਮ ਤੇ ਸਿਆਸਤ ਦੇ ਨਿਖੇੜੇ ਲਈ ਠੋਸ ਕਦਮਾਂ ਦੀ ਵਕਾਲਤ ਕੀਤੀ।

ਕਈ ਮੈਂਬਰਾਂ ਨੇ ਬਾਬਰੀ ਮਸਜਿਦ ਤੇ ਰਾਮ ਜਨਮ ਭੂਮੀ ਦਾ ਮਾਮਲਾ ਉਠਾਇਆ ਤੇ ਸੁਝਾਅ ਦਿੱਤਾ ਕਿ ਇਸ ਮਸਲੇ ਨੂੰ ਆਪਸੀ ਗੱਲਬਾਤ ਤੇ ਆਮ ਸਹਿਮਤੀ ਰਾਹੀਂ ਨਜਿੱਠਿਆ ਜਾਵੇ।

ਨੈਸ਼ਨਲ ਕਾਨਫਰੰਸ ਦੇ ਪ੍ਰੋ.ਸੈਫੂਦੀਨ ਸੋਜ਼ ਨੇ ਸੁਝਾਅ ਦਿੱਤਾ ਕਿ ਸਰਕਾਰ ਮਸਲੇ ਦਾ ਹੱਲ ਲੱਭਣ ਲਈ ਸੰਸਦ ਦੇ ਮੁਸਲਮਾਨ ਮੈਂਬਰਾਂ ਦੀ ਇਕ ਮੀਟਿੰਗ ਸੱਦੇ।

# ਹਰਜੀਤ ਸਿੰਘ ਅਟਵਾਲ ਤੇ ਵਕੀਲ ਵਿਚਕਾਰ ਗੱਲਬਾਤ ਟੇਪ ਹੁੰਦੀ ਰਹੀ—

ਵੈਨਕੂਵਰ:—ਇਥੋਂ ਦੇ ਅਖਬਾਰ 'ਸਨ' ਨੇ ਆਪਣੀ ਸੁਰਖੀ ਵਿਚ ਇਹ ਖਬਰ ਦਿਤੀ ਹੈ ਕਿ ਕੈਨੇਡਾ ਦੀ ਇਨਟੈਲੀਜੈਂਸ ਪੂਰਾ ਇਕ ਸਾਲ—ਜੁਲਾਈ 1985 ਤੋਂ ਜੁਲਾਈ 1986—ਤੱਕ ਹਰਜੀਤ ਸਿੰਘ ਅਟਵਾਲ ਦੇ ਫੋਨ ਰਿਕਾਰਡ ਕਰਦੀ ਰਹੀ। ਇਹ ਫੋਨ ਰਿਕਾਰਡ ਕਰਨ ਦੀ ਇਜ਼ਾਜ਼ਤ ਫੈਡਰਲ ਕੋਰਟ ਆਫ ਕੈਨੇਡਾ ਦੇ ਜੱਜ ਡੈਰਲ ਵਰਨਰ ਹੀਲਡ ਨੇ ਦਿੱਤੀ।

ਖਬਰ ਅਨੁਸਾਰ ਜੱਜ ਦਾ ਨਾਂ ਕਾਫੀ ਦੇਰ ਗੁਪਤ ਰੱਖਿਆ ਗਿਆ। ਇਥੋਂ ਤੱਕ ਕਿ ਵਕੀਲ ਡੇਵਿਡ ਗਿਬਨਜ਼ ਨੂੰ ਵੀ ਇਹ ਨਾਂ ਨਹੀਂ ਦੱਸਿਆ ਗਿਆ। ਮੀਡੀਏ ਵਲੋਂ ਵੀ ਜੱਜ ਦੇ ਨਾਂ ਦਾ ਪਤਾ ਲਾਉਣ ਦੀਆਂ ਕੋਸ਼ਿਸ਼ਾਂ ਅੰਞਾਈਂ ਗਈਆਂ।

ਖਬਰ ਵਿਚ ਕਿਹਾ ਗਿਆ ਹੈ ਕਿ ਜੱਜ ਨੇ ਕੈਨੇਡਾ ਦੀ ਇੰਨਟੇਲੀਜੈਂਸ ਨੂੰ ਇਹ ਇਜ਼ਾਜ਼ਤ ਦਿਤੀ ਸੀ ਕਿ ਉਹ ਹਰਜੀਤ ਸਿੰਘ ਅਟਵਾਲ ਅਤੇ ਉਸਦੇ ਵਕੀਲ ਵਿਚਕਾਰ ਗੱਲਬਾਤ ਟੇਪ ਕਰ ਸਕਦੇ ਹਨ ਅਤੇ ਜਿਥੇ ਵੀ ਇਹ ਸ਼ੱਕੀ ਵਿਅਕਤੀ ਜਾਵੇ ਉਸਦਾ ਫੋਨ ਰਿਕਾਰਡ ਕਰ ਲਿਆ ਜਾਵੇ।

ਹਰਜੀਤ ਸਿੰਘ ਅਟਵਾਲ—ਮਲਕੀਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲੇ ਦੀ ਕਥਿਤ ਸਾਜ਼ਿਸ਼ ਵਿਚ ਇਸ ਸਮੇਂ ਜੇਲ੍ਹ ਵਿਚ ਹੈ।

ਹਰਜੀਤ ਸਿੰਘ ਅਟਵਾਲ ਦੇ ਵਕੀਲ ਗਿਬਨਜ਼ ਨੇ ਕਿਹਾ ਕਿ ਜੱਜ ਦੇ ਨਾਂ ਦਾ ਉਸਨੂੰ ਉਸ ਸਮੇਂ ਪਤਾ ਲੱਗਿਆ ਜਦੋਂ ਉਸਨੇ ਵਾਇਰਟੇਪ ਵਾਰੰਟਾਂ ਬਾਰੇ ਕਾਨੂੰਨੀ ਚਾਰਾਜੋਈ ਕੀਤੀ। ਕਾਨੂੰਨੀ ਚਾਰਾਜੋਈ ਫੈਡਰਲ ਕੋਰਟ ਦੇ ਉਸੇ ਜੱਜ ਨੇ ਪਿਛਲੇ ਹਫਤੇ ਸੁਣਾਈ।

ਪੰਨਾ 1 ਦੀ ਬਾਕੀ

ਅਮਰਜੀਤ ਸਿੰਘ ਢੀਂਡਸਾ ਵੀ ਸ਼ਾਮਲ ਹਨ।

ਇਨ੍ਹਾਂ ਤੋਂ ਬਿਨਾਂ ਦੋ ਵਿਅਕਤੀ ਹਰਜੀਤ ਸਿੰਘ ਅਟਵਾਲ ਤੇ ਪਿਆਰਾ ਸਿੰਘ ਨੱਤ,ਜੇਲ੍ਹ ਵਿਚ ਹਨ। ਜਿਨ੍ਹਾਂ ਦੀਆਂ ਜ਼ਮਾਨਤਾਂ ਦੀ ਅਰਜ਼ੀਆਂ ਨਾ ਮਨਜ਼ੂਰ ਹੋ ਗਈਆਂ ਸਨ। ਤਿੰਨ ਵਿਅਕਤੀ ਰਣਜੀਤ ਸਿੰਘ ਗਰਚਾ,ਅਮਰਜੀਤ ਸਿੰਘ ਸੰਧੂ ਅਤੇ ਡੁੰਮਣ ਸਿੰਘ ਸੰਧਰ ਜ਼ਮਾਨਤ ਤੇ ਹਨ।

# ਨਾਈ ਹੁਣ ਵਾਲਾਂ ਦੀ ਥਾਂ ਕਣਕ ਕੱਟਣਗੇ

ਅੰਮ੍ਰਿਤਸਰ:—ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਤਰਨਤਾਰਨ ਵਿਚ ਤਕਰੀਬਨ ਵਾਲ ਕੱਟਣ ਵਾਲੀਆਂ ਦੁਕਾਨਾਂ ਬੰਦ ਹੋ ਗਈਆਂ ਹਨ। ਸਾਡੇ ਪੱਤਰਪ੍ਰੇਰਕ ਨੇ ਜਦ ਇਸ ਸਬੰਧ ਵਿਚ ਕੁਝ ਨਾਈਆਂ ਨਾਲ ਸੰਪਰਕ ਕੀਤਾ ਅਤੇ ਪੁਛਿਆ ਕਿ ਧੰਦਾ ਬੰਦ ਹੋਣ ਕਾਰਨ ਤੁਹਾਡਾ ਗੁਜ਼ਾਰਾ ਕਿਵੇਂ ਹੋਵੇਗਾ? ਤਾਂ ਅੱਗੋਂ ਜਵਾਬ ਮਿਲਿਆ ਕਿ ਹੁਣ ਅਸੀਂ ਗਾਹਕਾਂ ਦੇ ਵਾਲ ਕੱਟਣ ਦੀ ਬਜਾਏ ਕਣਕਾਂ ਕੱਟਾਂਗੇ,ਗੁਜ਼ਾਰਾ ਤਾਂ ਕਰਨਾ ਹੀ ਹੋਇਆ ਅਤੇ ਅਸੀਂ ਆਪਣੀ ਜਾਨ ਭੰਗ ਦੇ ਭਾੜੇ ਨਹੀਂ ਗਵਾਉਣਾ ਚਾਹੁੰਦੇ।


## ਫਾਰਮ ਵਿਚ ਕੰਮ ਕਰਨ ਵਾਲਿਆਂ ਦੀ ਲੋੜ

● ਸਟਰਾਅ ਬੇਰੀ, ਰਸ ਬੇਰੀ, ਬਰਾਕਲੀ, ਗੋਭੀ, ਸਪਰੋਟ ਆਦਿ ● ਕੰਮ ਜੂਨ ਤੋਂ ਨਵੰਬਰ ਤੱਕ ਚੱਲੇਗਾ

● ਰਿਹਾਇਸ਼ ਲਈ ਕੈਬਨਾਂ ਦਾ ਬੰਦੋਬਸਤ ਹੋਵੇਗਾ। ਕੈਬਨਾਂ ਦੀ ਬੁਕਿੰਗ ਹੁਣੇ ਕਰਵਾ ਲਵੋ।

**ਕੰਮ ਤੇ ਆਉਣ ਜਾਣ ਲਈ ਟਰਾਂਸਪੋਰਟ ਦਾ ਵੀ ਪ੍ਰਬੰਧ ਹੈ**

ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।

**● ਬੱਸ ਅਤੇ ਟਰੱਕ ਡਰਾਈਵਰ ਦੀ ਵੀ ਲੋੜ ਹੈ**

ਹੋਰ ਜਾਣਕਾਰੀ ਲਈ :

**ਗੁਰਮੀਤ ਸਿੰਘ 856-7555** **ਰਣਜੀਤ ਸਿੰਘ ਕੁਲਾਰ 525-3448**

### ਅਮਰੀਕਨ ਏਜੰਸੀ ਦਾ ਮਸਲਾ:

# ਕੀ ਰੱਖਿਆ ਮੰਤਰੀ ਅਸਤੀਫਾ ਦੇ ਗਿਆ?

## ਭਾਰਤੀ ਲੀਡਰਾਂ ਦੇ ਬੈਂਕ ਅਕਾਊਂਟ ਚੈੱਕ ਹੋਣ ਲੱਗੇ

ਨਵੀਂ ਦਿੱਲੀ:—ਭਾਰਤ ਦੇ ਰੱਖਿਆ ਮੰਤਰੀ ਵੀ.ਪੀ.ਸਿੰਘ ਦੇ ਅਸਤੀਫੇ ਦੀ ਚਰਚਾ ਰਾਜਧਾਨੀ ਵਿਚ ਗਰਮ ਹੈ। ਪਤਾ ਲੱਗਾ ਹੈ ਕਿ ਇਕ ਅਮਰੀਕਨ ਏਜੰਸੀ 'ਫੇਅਰਫਿਕਸ'ਨੂੰ ਸਰਕਾਰ ਨੇ ਇਹ ਇਖਤਿਆਰ ਦਿਤੇ ਸਨ ਕਿ ਉਹ ਇਹ ਖੋਜ ਕਰੇ ਕਿ ਕਿੰਨ੍ਹਾਂ ਕਿੰਨ੍ਹਾਂ ਭਾਰਤੀ ਲੀਡਰਾਂ ਦੇ ਹਿਸਾਬ—ਕਿਤਾਬ ਬਦਦੇਸ਼ੀ ਬੈਂਕਾਂ ਵਿਚ ਹਨ। ਇਸ ਮਸਲੇ ਵਿਚ ਵਿਸ਼ਵਾਨਾਥ ਪ੍ਰਤਾਪ ਸਿੰਘ ਦਾ ਨਾਂ ਲਿਆ ਜਾ ਰਿਹਾ ਹੈ ਕਿਉਂਕਿ ਕੁਝ ਸਮਾਂ ਪਹਿਲਾਂ ਉਹ ਵਿੱਤ ਮੰਤਰੀ ਸਨ ਜਦੋਂ ਇਸ ਅਮਰੀਕਨ ਏਜੰਸੀ ਨੂੰ ਇਹ ਕੰਮ ਸ਼ੌਂਪਿਆ ਗਿਆ।

ਪਿਛਲੇ ਦਿਨੀਂ ਵਿਰੋਧੀ ਪਾਰਟੀਆਂ ਨੇ ਗੁੱਸੇ ਦਾ ਪ੍ਰਗਟਾਵਾ ਕਰਦਿਆਂ ਲੋਕ ਸਭਾ ਵਿਚੋਂ ਵਾਕ-ਆਊਟ ਕੀਤਾ ਅਤੇ ਦੋਸ਼ ਲਾਇਆ ਕਿ 'ਫਅਰਫਿਕਸ'ਗਰੁੱਪ ਬਾਰੇ ਰਾਜ ਵਿੱਤ ਮੰਤਰੀ ਬ੍ਰਹਮ ਦੱਤ ਨੇ ਲੋਕ ਸਭਾ ਵਿਚ ਗਲਤ ਬਿਆਨੀ ਕੀਤੀ ਹੈ। ਸਬੰਧਤ ਮੰਤਰੀ ਨੇ ਇਸ ਦੋਸ਼ ਦਾ ਖੰਡਨ ਕੀਤਾ ਸੀ ਕਿ ਅਮਰੀਕਨ ਇੰਨਟੈਲੀਜੈਂਸ ਨੂੰ ਇਹ ਕੰਮ ਸੌਂਪਿਆ ਗਿਆ ਹੈ।

ਚਾਰ ਘੰਟੇ ਦੀ ਲੋਕ ਸਭਾ ਵਿਚ ਬਹਿਸ ਪਿਛੋਂ ਕਾਂਗਰਸ ਪਾਰਟੀ ਦੇ ਸਥਿਤੀ ਹੋਰ ਵੀ ਹਾਸੋਹੀਣੀ ਹੋ ਗਈ ਕਿਉਂਕਿ ਕਾਂਗਰਸ ਦੇ ਬਹੁਤੇ ਮੈਂਬਰਾਂ ਨੂੰ ਸਰਕਾਰੀ ਸਟੈਂਡ ਬਾਰੇ ਸਪਸ਼ਟਤਾ ਨਹੀਂ ਸੀ।

**ਪਾਰਲੀਮੈਂਟਰੀ ਮੀਟਿੰਗ ਵਿਚ ਵਿਰੋਧ**

ਭਰੋਸੇਯੋਗ ਸੂਤਰਾਂ ਅਨੁਸਾਰ ਸੀਨੀਅਰ ਕਾਂਗਰਸੀ ਨੇਤਾ ਭਗਵਤ ਡਾਅ ਆਜ਼ਾਦ ਨੇ ਪਾਰਲੀਮੈਂਟਰੀ ਬੋਰਡ ਦੀ ਮੀਟਿੰਗ ਵਿਚ ਕਿਹਾ ਕਿ ਇਹ ਬਦਨਾਮ ਏਜੰਸੀ ਵਾਟਰਗੇਟ ਕਾਂਡ ਵਿਚ ਵੀ ਭਾਈਵਾਲ ਸੀ। ਉਨ੍ਹਾਂ ਕਿਹਾ ਕਿ ਅਜਿਹੀ ਬਦਨਾਮ ਅਮਰੀਕਨ ਏਜੰਸੀ ਨੂੰ ਇਹ ਕਿਉਂ ਸੌਂਪਿਆ ਗਿਆ ਜਦਕਿ ਅਮਰੀਕਾ ਦੀ ਸਰਕਾਰ ਭਾਰਤ ਦੇ ਵਿਰੋਧੀ ਕੰਮ ਕਰਦੀ ਹੈ।

**ਸੀ.ਆਈ.ਏ ਨਾਲ ਸਬੰਧ**

ਭਗਵਤ ਝਾਅ ਆਜ਼ਾਦਲੇ ਇਲਜ਼ਾਮ ਲਾਇਆ ਕਿ 'ਫੇਅਰਫੇਕਸ'ਏਜੰਸੀ ਸੀ.ਆਈ.ਏ.ਦੀ ਹੀ ਬਰਾਂਚ ਹੈ। ਸੀ.ਆਈ.ਏ ਭਾਰਤ ਵਿਚ ਖਿਚੋਤਾਣ ਪੈਦਾ ਕਰਨ ਵਾਲੀ ਸਰਾਰਤੀ ਏਜੰਸੀ ਹੈ। ਉਨ੍ਹਾਂ ਕਿਹਾ ਕਿ ਫੇਅਰਫਿਕਸ ਦੇ ਪ੍ਰਧਾਨ ਨੇ ਭਾਰਤੀ ਲੀਡਰਾਂ ਵਿਰੁੱਧ ਬਹੁਤ ਵਾਰੀ ਜ਼ਹਿਰ ਉਗਲਿਆ ਹੈ।

## ਵੀ.ਪੀ.ਸਿੰਘ ਦਾ ਅਸਤੀਫਾ ?

ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਸੀਨੀਅਰ ਕਾਂਗਰਸੀ ਹਲਕਿਆ ਵਿਚ ਇਹ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਵੀ.ਪੀ.ਸਿੰਘ ਨੂੰ ਅਸਤੀਫਾ ਦੇਣ ਲਈ ਮਜ਼ਬੂਰ ਕੀਤਾ ਜਾਵੇ। ਸਾਬਕਾ ਬਦੇਸ਼ ਮੰਤਰੀ ਦਿਨੇਸ਼ ਸਿੰਘ,ਬਾਲੀ ਰਾਮ ਭਗਤ ਅਤੇ ਪੀ.ਆਰ.ਕੁਮਾਰਮੰਗਲਮ ਵਲੋਂ ਵੀ ਵੀ.ਪੀ.ਸਿੰਘ ਦੇ ਐਕਸ਼ਨ ਦੀ ਮੁਜ਼ੱਮਤ ਕੀਤੀ ਗਈ।

## ਫੇਅਰਫੈਕਸ ਦੇ ਪ੍ਰਧਾਨ ਦਾ ਪ੍ਰਗਟਾਵਾ

ਵਾਸ਼ਿਗਟਨ ਤੋਂ ਫੇਅਰਫੈਕਸ ਇੰਨਟੈਲੀਜੈਂਸ ਏਜੰਸੀ ਦੇ ਪ੍ਰਧਾਨ ਨੇ ਇਕ ਇੰਟਰਵੀਊ ਵਿਚ ਕਿਹਾ ਕਿ ਫੇਅਰਫੈਕਸ ਅਜੇ ਵੀ ਭਾਰਤ ਸਰਕਾਰ ਲਈ ਕੰਮ ਕਰ ਰਹੀ ਹੈ।

# ਹਰਿਆਣਾ ਚੋਣਾਂ 7 ਜੂਨ ਨੂੰ ?

ਨਵੀਂ ਦਿੱਲੀ:—ਹਰਿਆਣਾ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਜੂਨ ਦੇ ਪਹਿਲੇ ਹਫਤੇ ਹੋਣ ਦੀ ਸੰਭਾਵਨਾ ਹੈ ਅਤੇ 7 ਜੂਨ ਦੀ ਤਾਰੀਖ ਸਿਆਸੀ ਹਲਕਿਆਂ ਵਿਚ ਚੱਕਰ ਲਾ ਰਹੀ ਹੈ। ਹਰਿਆਣਾ ਦੀ ਅਸੈਂਬਲੀ ਦੀ ਮਿਆਦ 23 ਜੂਨ ਤੱਕ ਹੈ।

ਹਰਿਆਣਾ ਦੀਆਂ ਚੋਣਾਂ ਕੇਰਲ,ਪੱਛਮੀ ਬੰਗਾਲ ਤੇ ਜੰਮੂ ਕਸਮੀਰ ਵਿਧਾਨ ਸਭਾਵਾਂ ਦੀਆਂ ਚੋਣਾਂ ਨਾਲ ਹੀ ਹੋਣੀਆਂ ਸਨ ਪਰ ਹਰਿਆਣੇ ਦੇ ਮੁੱਖ ਮੰਤਰੀ ਬੰਸੀ ਲਾਲ ਦੇ ਕਹਿਣ ਉਤੇ ਮਿਤੀ ਮੁਲਤਵੀ ਕਰ ਦਿਤੀ ਗਈ ਸੀ।

ਨੋਟੀਫੀਕੇਸ਼ਨ ਅਪਰੈਲ ਦੇ ਅੰਤ ਤੱਕ ਜਾਰੀ ਹੋਵੇਗਾ। ਵੋਟਰਾਂ ਦੀਆਂ ਸੂਚੀਆਂ ਪ੍ਰਕਾਸ਼ਿਤ ਹੋ ਗਈਆਂ ਹਨ।

ਚੋਣਾਂ ਵਿਚ ਇਸ ਸਮੇਂ ਕਾਂਗਰਸ ਦੇ ਜਿੱਤਣ ਦੇ ਹੀ ਆਸਾਰ ਜਾਪਦੇ ਹਨ ਕਿਉਂਕਿ ਲੋਕ ਦਲ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ ਅਤੇ ਇਸਦਾ ਅਸਰ 30 ਤੋਂ 35 ਜਾਟਾਂ ਦੀਆਂ ਸੀਟਾਂ ਉਤੇ ਪਵੇਗਾ। ਇਹ ਸੀਟਾਂ ਰੋਹਤਕ,ਸੋਨੀਪਤ,ਫਰੀਦਾਬਾਦ ਤੇ ਜ਼ੀਂਦ ਵਿਚ ਹਨ ਜਿਥੇ ਚਰਨ ਸਿੰਘ ਧੜੇ ਦਾ ਕਾਫੀ ਜ਼ੋਰ ਹੈ। ਭਾਰਤੀ ਜਨਤਾ ਪਾਰਟੀ ਦਾ ਅਸਰ ਗਸੂਖ ਅੰਬਾਲਾ ਅਤੇ ਰੋਹਤਕ ਸ਼ਹਿਰਾਂ ਤੱਕ ਸੀਮਤ ਹੈ ਪਰ ਇਸ ਵਾਰ ਡਾ.ਮੰਗਲ ਸੈਨ ਵਰਗੇ ਲੀਡਰਾਂ ਦੀਆਂ ਸੀਟਾਂ ਵੀ ਖਤਰੇ ਵਿਚ ਹਨ।

# ਸੁਲੱਖਣ ਸਿੰਘ ਸਰਾਏ 21 ਸਾਲ ਲਈ ਬੱਝਾ

ਲੰਡਨ:—ਇਥੋਂ ਮਿਲੀ ਖਬਰ ਅਨੁਸਾਰ ਸੁਲੱਖਣ ਸਿੰਘ ਸਰਾਏ,ਸਿਖ ਸਟੂਡੈਂਟ ਫੈਡਰੇਸ਼ਨ ਦਾ ਪ੍ਰਧਾਨ ਜੋ ਗਰੇਵਜ਼ਹਿੰਡ ਦੇ ਰਹਿਣ ਵਾਲਾ ਹੈ। ਸ਼੍ਰੋਮਣੀ ਦਲ ਦੇ ਇੰਗਲੈਂਡ ਦੇ ਲੀਡਰ ਸੰਗਤਾਰ ਸਿੰਘ ਸੰਧੂ ਅਤੇ ਸੋਹਣ ਸਿੰਘ ਲਿੱਦੜ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ 21 ਸਾਲ ਦੀ ਸਜ਼ਾ ਖਾ ਗਿਆ ਹੈ।

**ਸੁਲੱਖਣ ਸਿੰਘ ਸਰਾਏ ਨੂੰ ਇਸ ਸਾਜ਼ਿਸ਼ ਵਿਚ ਰਿੰਗ ਲੀਡਰ ਦੇ ਤੌਰ ਉਤੇ ਕੰਮ ਕਰਨ ਖਾਤਰ 16 ਸਾਲ ਦੀ ਹੋਰ ਸਜ਼ਾ ਸੁਣਾਈ ਗਈ ਹੈ।**


## ਫਾਰਮ ਵਰਕਰਾਂ ਦੀ ਲੋੜ ਹੈ

**ਫੋਰਟ ਲੈਂਗਲੀ 'ਚ ਸਥਿਤ ਫਾਰਮ'ਚ ਕੰਮ ਸ਼ੁਰੂ ਹੈ। ਘਰੋਂ ਚੱਕਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ। ਕੀਤੇ ਕੰਮ ਦੀ ਵਧੀਆ ਤਨਖਾਹ ਅਤੇ ਸਟੈਂਪਾਂ ਦਿੱਤੀਆਂ ਜਾਣਗੀਆਂ। ਅੱਜ ਹੀ ਕੰਮ ਸ਼ੁਰੂ ਕਰਨ ਲਈ ਫੋਨ ਕਰੋ:**

ਜਸਮਿੰਦਰ ਸਿੰਘ ਘੁਮਾਣ
591-9459
ਜਾਂ
ਜੋਗਿੰਦਰ ਸਿੰਘ ਗਿੱਲ (ਕੌਂਕੇ)
590-1438



PIZZA 222

222 IS # 1

222 IS 2 FOR 1



ORDER 2 PAY FOR 1

EVERY DAY

THIS OFFER APPLIES TO ALL LARGE,MEDIUM OR SMALL PIZZAS ON MENU

ਹੌਟ ਅਤੇ ਫਾਸਟ ਪੀਜ਼ੇ ਲਈ ਫੋਨ ਕਰੋ:
222-2222

222
ਦੇ ਸਟੋਰਾਂ ਵਿਚ Low Fat ਮੀਟ, ਅਸਲੀ ਚੀਜ਼ (cheese) ਤੇ ਤਾਜ਼ੀਆਂ ਸਬਜ਼ੀਆਂ ਹੀ ਵਰਤੀਆਂ ਜਾਂਦੀਆਂ ਹਨ

ਤੁਹਾਡੇ ਕਹਿਣ ਤੇ ਪੰਜਾਬੀ ਵਿਚ ਵੀ ਆਰਡਰ ਲਿਆ ਜਾ ਸਕਦਾ ਹੈ

ਭਾਰਤੀ ਕਮਿਊਨਿਟੀ ਦੇ ਸਭ ਤੋਂ ਮਨਪਸੰਦ ਪੀਜ਼ੇ
ਹੇਠ ਲਿਖੇ ਹਨ

1. 222 Special (222 ਸਪੈਸ਼ਲ)
Cheese, Tomato Sauce, Pepperoni, Mushroom, Onions, Greer Peppers and Ham. (Extra hot upon request)

2. 222 Vegetarian (ਵੈਜੀਟੇਰੀਅਨ)
(Cheese, Tomato Sauce, Mushrooms, Green Peppers, Onions Pineapple, Olives, Tomatoes)

Free Delivery on single orders
$ 1.99 Delivery charge for all 2 for 1 orders

ਤੁਹਾਡੀ ਸੇਵਾ ਲਈ 17 ਸਟੋਰ

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

## ਸੰਪਾਦਕੀ

# ਵੈਨਕੂਵਰ ਵਿਚ ਬੇਸਮਿੰਟਾਂ ਦਾ ਮਸਲਾ

ਪਿਛਲੇ ਕੁਝ ਮਹੀਨਿਆਂ ਤੋਂ ਵੈਨਕੂਵਰ ਵਿਚ ਇਕਹਿਰੇ ਪ੍ਰਵਾਰਾਂ ਲਈ ਬਣੇ ਘਰਾਂ ਵਿਚ ਬਣੀਆਂ ਬੇਸਮਿੰਟਾਂ ਦਾ ਮਸਲਾ ਕਾਫੀ ਗੰਭੀਰ ਰੂਪ ਵਿਚ ਚਰਚਾ ਦਾ ਕਾਰਨ ਬਣਿਆ ਹੈ । ਸਿਟੀ ਕੌਂਸਲ ਨੇ ਕੁਝ ਮਹੀਨੇ ਪਹਿਲਾਂ ਇਕ ਕਾਨੂੰਨ ਪਾਸ ਕੀਤਾ ਜਿਸ ਅਨੁਸਾਰ ਇਕਹਿਰੇ ਪ੍ਰਵਾਰਾਂ ਲਈ ਬਣੇ ਘਰਾਂ ਵਿਚ ਬੇਸਮਿੰਟਾਂ ਦ ਬਣਨਾ ਗੈਰ-ਕਾਨੂੰਨੀ ਕਰਾਰ ਦਿਤਾ ਗਿਆ । ਇਕ ਅੰਦਾਜ਼ੇ ਅਨੁਸਾਰ ਇਕੱਲੇ ਵੈਨਕੂਵਰ ਵਿਚ 50 ਹਜ਼ਾਰ ਦੇ ਲੱਗਪੱਗ ਲੋਕ ਬੇਸਮਿੰਟਾਂ ਵਿਚ ਕਿਰਾਇਆਂ ਉਤੇ ਰਹਿੰਦੇ ਹਨ । ਕਿਰਾਏ ਉਤੇ ਉਹ ਹੀ ਵਿਅਕਤੀ ਰਹਿੰਦਾ ਹੈ ਜਿਸ ਕੋਲ ਏਨੀ ਪਹੁੰਚ ਨਹੀਂ ਹੁੰਦੀ ਕਿ ਉਹ ਘਰ ਖਰੀਦਕੇ ਉਸਦੀਆਂ ਕਿਸ਼ਤਾਂ ਹਰ ਮਹੀਨੇ ਤਾਰ ਸਕੇ । ਬੇਸਮਿੰਟਾਂ ਦਾ ਬਣਨਾ ਵੀ ਇਸੇ ਲਈ ਜ਼ਰੂਰੀ ਹੋਇਆ ਕਿਉਂਕਿ ਜਿਨ੍ਹਾਂ ਦਰਮਿਆਨੀ ਆਮਦਨੀ ਵਾਲਿਆਂ ਨੇ ਘਰ ਖਰੀਦੇ ਉਨ੍ਹਾਂ ਲਈ ਅਸਮਾਨੀ ਚੜ੍ਹੇ ਵਿਆਜ-ਦਰਾਂ ਉਤੇ ਮਾਰਗੇਜ਼ਾਂ ਲੈਕੇ ਕਿਸ਼ਤਾਂ ਤਾਰਨੀਆਂ ਹੀ ਔਖੀਆਂ ਸਨ । ਫਰਜ਼ ਕਰੋ ਕਿਸੇ ਮਾਲਕ-ਮਕਾਨ ਦਾ ਦੋ ਚਾਰ ਮਹੀਨੇ ਕੰਮ ਟੁੱਟ ਜਾਵੇ ਤਾਂ ਤੀਸਰੇ ਮਹੀਨੇ ਬੈਂਕਾਂ ਘਰਾਂ ਨੂੰ ਜ਼ਬਤ ਕਰ ਲੈਣ ਲਈ ਕਚਹਿਰੀਆਂ ਵਿਚ ਜਾ ਵੜਦੀਆਂ ਹਨ ।

ਵਧਦੇ ਵਿਆਜ-ਦਰਾਂ ਦਾ ਸੰਤਾਪ ਲੋਕਾਂ ਨੇ ਕਈ ਵਾਰ ਹੰਢਾਇਆ ਹੈ ਕਿਉਂਕਿ ਸਰਮਾਏਦਾਰ ਸਿਸਟਮ ਵਿਚ ਮੱਧ-ਵਰਗੀ ਜਮਾਤ ਦੇ ਹੱਥ ਕੁਝ ਵੀ ਨਹੀਂ ਹੁੰਦਾ । ਘਰਾਂ ਦੀਆਂ ਕੀਮਤਾਂ ਵਧਾਏ ਘਟਾਏ ਜਾਣ ਦਾ ਕੰਮ ਰੀਅਲ ਇਸਟੇਟ ਦੇ ਸੱਟੇਬਾਜ਼ ਕਰਦੇ ਹਨ । ਕਈ ਵਾਰ ਆਰਜ਼ੀ ਤੌਰ ਉਤੇ ਕੀਮਤਾਂ ਵਧਾ ਦਿਤੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਲੋਕਾਂ ਨੇ ਲਹੂ-ਪਸੀਨੇ ਦੀ ਕਮਾਈ ਨਾਲ ਹਜ਼ਾਰਾਂ ਡਾਲਰ ਡਾਊਨ ਦਿਤੇ ਹੁੰਦੇ ਹਨ, ਉਹ ਖੂਹ ਵਿਚ ਪੈ ਜਾਂਦੇ ਹਨ ।

ਵੈਨਕੂਵਰ ਵਿਚ ਇਹ ਝਗੜਾ ਵੀ ਸ਼ਹਿਰ ਦੇ ਘਰ ਬਣਾਉਣ ਵਾਂਲੇ ਸੱਟੇਬਾਜ਼ਾਂ ਕਾਰਨ ਹੀ ਸ਼ੁਰੂ ਹੋਇਆ ਹੈ । ਉਹ ਇਹ ਚਾਹੁੰਦੇ ਹਨ ਕਿ ਉਹ ਹੋਰ ਉਸਾਰੀ ਕਰਨ ਅਤੇ ਗਰੀਬ ਲੋਕ ਬੇਸਮਿੰਟਾਂ ਦੀ ਥਾਂ ਉਨ੍ਹਾਂ ਦੇ ਬਣਾਏ ਅਪਾਰਟਮੈਂਟਾਂ ਵਿਚ ਵਧੇਰੇ ਕਿਰਾਏ ਦੇਣ । ਇਸ ਮਸਲੇ ਨੂੰ ਇਕੱਲੇ ਭਾਰਤੀ ਮੂਲ ਦੇ ਲੋਕਾਂ ਨਾਲ ਸਬੰਧਤ ਸਮਝਣਾ ਵੀ ਗਲਤ ਹੈ ਕਿਉਂਕਿ ਗਰੀਬੀ ਦੇ ਪੱਧਰ ਉਤੇ ਹੋਰ ਲੱਖਾਂ ਲੋਕ ਵੀ ਰਹਿ ਰਹੇ ਹਨ । ਸੋਸ਼ਲ ਅਸਿਸਟੈਂਸ਼ ਤੇ ਵੈਲਫੇਅਰ ਤੇ ਜਾਣ ਵਾਲਿਆਂ ਦੀ ਗਿਣਤੀ ਲੱਖਾਂ ਵਿਚ ਹੈ । ਇਸ ਸਮਾਜਕ ਨਾਬਰਾਬਰੀ ਵਿਰੁੱਧ ਵੀ ਆਵਾਜ਼ ਉਠਾਉਣੀ ਜ਼ਰੂਰੀ ਹੈ ।

ਇਹ ਆਮ ਲੋਕਾਂ ਦੇ ਦਬਾਅ ਦਾ ਹੀ ਸਿੱਟਾ ਹੈ ਕਿ ਕੌਂਸਲ ਨੂੰ ਬੇਸਮਿੰਟਾਂ ਦੇ ਮਾਮਲੇ ਉਤੇ ਝੁਕਣਾ ਪੈ ਰਿਹਾ ਹੈ । ਇਹ ਆਵਾਜ਼ ਹੋਰ ਵੀ ਤੇਜ਼ੀ ਨਾਲ ਉਠਾਈ ਜਾਣੀ ਜ਼ਰੂਰੀ ਹੈ ।

# ਉਨ੍ਹਾਂ ਨੂੰ ਪਛਾਣੋ ਜੋ ਤੁਹਾਡੇ ਬੱਚਿਆਂ ਤੋਂ ਹਾਸੇ ਖੋਹ ਰਹੇ ਹਨ

ਜੰਗ ਸਿੰਘ ਗਿਆਨੀ ਕੈਲੇਫੋਰਨੀਆਂ ਅਮਰੀਕਾ



ਸੱਜਰੇ-ਖਿੜੇ ਫੁੱਲਾਂ ਤੇ ਹਸਦੇ ਖੇਡਦੇ ਬੱਚਿਆਂ ਨੂੰ ਵੇਖਕੇ ਉਹ ਕਿਹੜਾ ਮਨੁੱਖ ਹੈ ਜਿਸਦਾ ਹਿਰਦਾ ਪ੍ਰਸੰਨਤਾ ਨਾਲ ਨਹੀਂ ਭਰ ਜਾਂਦਾ ? ਪਰ ਕਈ ਵੇਰ ਸਮਾਜ ਵਿਚ ਇਕ ਐਸਾ ਅਮਨ ਦੁਸ਼ਮਣ ਅਨਸਰ ਪੈਦਾ ਹੋ ਜਾਂਦਾ ਹੈ ਜੋ ਅਮਨ ਨਾਲ ਵਸਦੇ ਰਸਦੇ ਲੋਕਾਂ ਦਾ ਜਿਉਣਾ ਦੂਭਰ ਕਰ ਦਿੰਦਾ ਹੈ ਅਤੇ ਸਾਡੇ ਬੱਚਿਆਂ ਤੋਂ ਉਨ੍ਹਾਂ ਦੀਆਂ ਮੁਸਕਰਾਹਟਾਂ ਖੋਹ ਲੈਂਦਾ ਹੈ । ਇਹ ਹਕੀਕਤ ਚਿੱਟੇ ਦਿਨ ਵਾਂਗ ਰੌਸ਼ਨ ਹੈ, ਕਿ ਪੰਜਾਬ ਦੇ ਅਮਨ ਨੂੰ ਖਤਰੇ ਵਿਚ ਪਾਉਣ ਵਾਲੇ ਅਤੇ ਹਿੰਦੂਆਂ ਤੇ ਸਿੱਖਾਂ ਵਿਚ ਇਕ ਦੂਜੇ ਵਿਰੁਧ ਨਫਰਤ ਫੈਲਾਉਣ ਵਾਲੇ ਲੋਕਾਂ ਨੂੰ ਕੁਝ ਵਿਦੇਸ਼ੀ ਤਾਕਤਾਂ ਭੜਕਾ ਰਹੀਆਂ ਹਨ ਅਤੇ ਉਹ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਭੰਗ ਕਰਨ ਦੇ ਯਤਨ ਕਰ ਰਹੀਆਂ ਹਨ । ਜਿਹੜੇ ਲੋਕ ਸਾਮਰਾਜੀਆਂ ਦੇ ਬਹਿਕਾਵੇ ਵਿਚ ਆ ਕੇ ਆਪਣੇ ਦੇਸ਼ ਦੇ ਅਮਨ ਨੂੰ ਖਤਰੇ ਵਿਚ ਪਾ ਰਹੇ ਹਨ । ਉਨ੍ਹਾਂ ਦਾ ਸਭ ਤੋਂ ਵੱਡਾ ਹਥਿਆਰ ਮਜ਼ਹਬੀ ਕੱਟੜਵਾਦ ਹੈ । ਇਹੋ ਜਿਹੇ ਲੋਕ ਕਿਸੇ ਇਕ ਫਿਰਕੇ ਵਿਚ ਨਹੀਂ ਸਗੋਂ ਸਾਰੇ ਫਿਰਕਿਆਂ ਵਿਚ ਹਨ । ਹਿੰਦੂਆਂ .ਮੁਸਲਮਾਨਾਂ ਅਤੇ ਸਿੱਖਾਂ ਨੂੰ ਇਕ ਦੂਜੇ ਵਿਰੁਧ ਭੜਕਾਉਣ ਲਈ ਇਹ ਲੋਕ ਧਰਮ ਮੰਦਰਾਂ ਤੇ ਧਰਮ ਦੀ ਰੱਖਿਆ ਦਾ ਨਾਹਰਾ ਲਾਉਂਦੇ ਹਨ । ਕਦੇ ਬਾਬਰੀ ਮਸਜਦ ਦਾ ਵਿਖੇੜਾ ਖੜ੍ਹਾ ਕਰਦੇ ਹਨ ਅਤੇ ਕਦੇ ਅਕਾਲ ਤਖਤ ਦੀ ਦਿੱਲੀ ਦੇ ਤਖਤ ਨਾਲ ਟੱਕਰ ਦਾ ਭੜਕਾਊ ਪ੍ਰਾਪੇਗੰਡਾ ਕਰਦੇ ਹਨ । ਕਈ ਵੇਰ ਇਹ ਲੋਕ ਗਊਆਂ .ਦੇ ਹੱਡ ਮੰਦਰਾਂ ਵਿਚ ਸੁੱਟਦੇ ਹਨ । ਇਹੋ ਜਿਹੀਆਂ ਕੋਝੀਆਂ ਹਰਕਤਾਂ ਕਰਨ ਦਾ ਮਕਸਦ ਇਕ ਦੂਜੇ ਵਿਰੁਧ ਭੜਕਾਹਟ ਪੈਦਾ ਕਰਨਾ ਹੀ ਹੁੰਦਾ ਹੈ । ਪੰਜਾਬ ਦੇ ਪ੍ਰਸਿੱਧ ਸ਼ਾਇਰ ਆਲਾਮਾ ਇਕਬਾਲ ਨੇ ਲਿਖਿਆ ਹੈ ਕਿ "ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰੱਖਣਾ

ਹਿੰਦੀ ਹੈਂ ਹਮ ਵਤਨ ਹੈ ਹਿੰਦੋਸਤਾਨ ਹਮਾਰਾ" ਅਤੇ
ਸਾਰੇ ਜਹਾਂ ਸੇ ਹੱਛਾ ਹਿੰਦੋਸਤਾਨ ਹਮਾਰਾ
ਹਮ ਬੁਲਬਲੇ ਹੈ ਇਸਦੀ ਗੁਸ਼ਤਾਂ ਹਮਾਰਾ ।

ਇਹੋ ਜਿਹੇ ਪਿਆਰ ਭਰੇ ਕੌਮੀ ਤਰਾਨੇ ਗਾਉਣ ਵਾਲੇ ਉਘੇ ਸ਼ਾਇਰ ਨੂੰ ਵੀ ਮੌਲਾਣਿਆਂ ਨੇ ਧਰਮ ਦੇ ਨਾਮ ਤੇ ਇਤਨਾ ਗੁਮਰਾਹ ਕੀਤਾ ਕਿ ਉਹ ਪਾਕਿਸਤਾਨ ਦਾ ਕੱਟੜ ਹਮਾਇਤੀ ਬਣਕੇ ਦੇਸ਼ ਦੇ ਟੁਕੜੇ ਕਰਾਉਣ ਉਤੇ ਤੁਲ ਗਿਆ । ਕਿਸੇ ਵੀ ਮਜ਼ਹਬ ਦੇ ਲੋਕਾਂ ਦੇ ਫਿਰਕੂ ਜਜ਼ਬਾਤ ਨੂੰ ਭੜਕਾਉਣਾ ਬਹੁਤ ਸੌਖਾ ਹੈ । ਇਹੋ ਖਤਰਨਾਕ ਖੇਡ ਅੱਜ ਪੰਜਾਬ, ਕਸ਼ਮੀਰ ਅਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿਚ ਖੇਡੀ ਜਾ ਰਹੀ ਹੈ । ਜੇ ਕਸ਼ਮੀਰ ਅੱਜ ਭਾਰਤ ਦਾ ਇਕ ਅਟੁੱਟ ਅੰਗ ਹੈ ਤਾਂ ਇਸਦਾ ਸਿਹਰਾ ਸ਼ੇਰਿਕਸ਼ਮੀਰ, ਸ਼ੇਖ ਅਬਦੁੱਲਾ ਦੇ ਸਿਰ ਹੈ । ਮਿ. ਜਿਨਾਹ ਨੇ ਸ਼ੇਖ ਅਬਦੁੱਲਾ ਨੂੰ ਆਪਣੇ ਨਾਲ ਮਿਲਾਉਣ ਲਈ ਬੜੇ ਬੜੇ ਅਹੁਦੇ ਪੇਸ਼ ਕੀਤੇ ਪਰ ਉਹ ਕਿਸੇ ਲਾਲਚ ਵਿਚ ਨਾ ਆਏ ਅਤੇ ਉਨ੍ਹਾਂ ਦਾ ਦੇਸ਼ ਪਿਆਰ ਇਕ ਮਿਸਾਲ ਬਣ ਗਿਆ ਹੈ । ਇਹੋ ਕਾਰਣ ਹੈ ਕਿ ਕਸ਼ਮੀਰ ਦੇ ਲੋਕ ਅੱਜ ਵੀ ਡਾ. ਫਾਰੂਕ ਦੀ ਜਿੱਤ ਵਿਚ ਆਪਣੀ ਜਿੱਤ ਵੇਖਦੇ ਹਨ । ਜੋ ਰੋਲ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਕਸ਼ਮੀਰ ਵਿਚ ਡਾ. ਫਾਰੂਕ ਅਦਾ ਕਰ ਰਹੇ ਹਨ —ਉਹੋ ਰੋਲ ਪੰਜਾਬ ਵਿਚ ਸ. ਸੁਰਜੀਤ ਸਿੰਘ ਬਰਨਾਲਾ ਅਦਾ ਕਰ ਰਹੇ ਹਨ । ਪੰਜਾਬ ਦੇ ਲੋਕਾਂ ਨੇ ਇਹ ਚੰਗੀ ਤਰ੍ਹਾਂ ਵੇਖ ਲਿਆ ਹੈ ਕਿ ਪੰਜਾਬ ਤਦ ਹੀ ਉਨਤੀ ਕਰ ਸਕਦਾ ਹੈ ਜੇ ਪੰਜਾਬ ਵਿਚ ਅਮਨ .ਹੋਵੇ । ਅਮਨ ਦੁਸ਼ਮਣ ਤਾਕਤਾਂ ਨੇ ਪੰਜਾਬ ਦੇ ਸਨਅਤੀ ਪੱਖ ਤੋਂ ਉਨਤੀ ਕਰ ਰਹੇ ਸ਼ਹਿਰ ਲੁਧਿਆਣਾ, ਅੰਮ੍ਰਿਤਸਰ, ਬਟਾਲਾ, ਨਕੋਦਰ, ਹੁਸ਼ਿਆਰਪੁਰ ਤੇ ਪਟਿਆਲਾ ਆਦਿ ਵਿਚ ਫਿਰਕੂ ਦੰਗੇ ਕਰਾਕੇ ਪੰਜਾਬ ਦੀ ਖੁਸ਼ਹਾਲੀ ਨੂੰ ਸਖਤ ਨੁਕਸਾਨ ਪਹੁੰਚਾਇਆ ਹੈ ।

ਹੁਣ ਉਹ ਸਮਾਂ ਆ ਗਿਆ ਹੈ ਜਦੋਂ ਅਮਨ, ਆਜ਼ਾਦੀ, ਖੁਸ਼ਹਾਲੀਆਂ ਅਤੇ ਜਮਹੂਰੀਅਤ ਨੂੰ ਕਾਇਮ ਰੱਖਣ ਵਾਲੀਆਂ ਤਾਕਤਾਂ ਇਕ ਪਾਸੇ ਇਕੱਠੀਆਂ ਹੋ ਗਈਆਂ ਹਨ ਅਤੇ ਅਮਨ ਦੀਆਂ ਦੁਸ਼ਮਣ ਤੇ ਸਾਮਰਾਜੀ ਤਾਕਤਾਂ ਦੇ ਬਹਿਕਾਵੇ ਵਿਚ ਆਕੇ ਦੇਸ਼ ਨੂੰ ਨੁਕਸਾਨ ਪਹੁੰਚਾਣ ਵਾਲੀਆਂ ਤਾਕਤਾਂ ਦੂਜੇ ਪਾਸੇ । ਇਹ ਵੀ ਸਪਸ਼ਟ ਹੋ ਗਿਆ ਹੈ ਕਿ ਪੰਜਾਬ, ਕਸ਼ਮੀਰ ਤੇ ਦੇਸ਼ ਦੇ ਦੂਜੇ ਹਿੱਸਿਆਂ ਵਿਚ ਵਸਦੇ ਲੋਕਾਂ ਦੀ ਭਾਰੀ ਬਹੁਗਿਣਤੀ ਅਮਨ ਚਾਹੁੰਦੀ ਹੈ ਇਸ ਕਰਕੇ ਭਾਰਤ ਦੇ ਹਰੇਕ ਸੂਬੇ ਵਿਚ ਲੋਕ ਰਾਜੀ ਤਾਕਤਾਂ ਨੂੰ ਤਕੜੇ ਕਰਨ ਦੀ ਲੋੜ ਹੈ ।

ਇਸ ਵੇਲੇ ਸਭ ਤੋਂ ਵੱਡੀ ਲੋੜ ਉਨ੍ਹਾਂ ਲੋਕਾਂ ਨੂੰ ਪਛਾਨਣ ਦੀ ਤੇ ਆਮ ਲੋਕਾਂ ਨਾਲੋਂ ਨਿਖੇੜਨ ਦੀ ਹੈ ਜਿਹੜੇ ਫਿਰਕੂ ਨਾਹਰੇ ਲਾਕੇ ਭੋਲੇ ਭਾਲੇ ਗੁਮਰਾਹ ਕਰ ਰਹੇ ਹਨ ਅਤੇ ਧਰਮ ਮੰਦਰਾਂ ਦੀ ਆੜ ਲੈ ਕੇ ਭੋਲੇ ਭਾਲੇ ਲੋਕਾਂ ਦੇ ਜਜ਼ਬਾਤ ਨੂੰ ਭੜਕਾਕੇ ਆਪਣਾ ਉਲੂ ਸਿਧਾ ਕਰਨਾ ਚਾਹੁੰਦੇ ਹਨ । ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਜਿਹੜੀਆਂ ਸਾਂਝੀਵਾਲਤਾ ਦੀਆਂ ਪ੍ਰੇਮ ਭਰੀਆਂ ਭਾਵਨਾਵਾਂ ਪੈਦਾ ਕਰਨ ਵਿਚ ਬਾਬਾ ਫਰੀਦ ਤੋਂ ਲੈ ਕੇ ਇਕ ਦੋ ਸਾਲਾਂ ਵਿਚ ਹੀ ਤੋੜ ਦਿਤਾ ਅਤੇ ਫਿਰਕੂ ਨਫਰਤ ਦਾ ਐਸਾ ਜ਼ਹਿਰ ਫੈਲਾਇਆ ਕਿ ਹਿੰਦੂ, ਸਿੱਖ ਤੇ ਮੁਸਲਮਾਨਾਂ ਨੂੰ ਇਕ ਦੂਜੇ ਦੇ ਲਹੂ ਦੇ ਤਿਹਾਏ ਬਣਾ ਦਿਤਾ । ਜਿਥੇ ਦੇਸ਼ ਦੀ ਵੰਡ ਤੋਂ ਪਹਿਲਾਂ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਵਿਚ ਹਿੰਦੂ, ਮੁਸਲਮਾਨ ਤੇ ਈਸਾਈ ਬਿਨਾਂ ਰੋਕ ਟੋਕ ਜਾ ਸਕਦੇ ਸਨ । ਉਥੇ ਹੁਣ ਉਹ ਸਿੱਖ ਵੀ ਮੱਥਾ ਟੇਕਣ ਨਹੀਂ ਜਾਂਦੇ ਜਿੰਨ੍ਹਾਂ ਦੇ ਵਿਚਾਰ ਉਨ੍ਹਾਂ ਲੋਕਾਂ ਨਾਲੋਂ ਭਿੰਨ ਹਨ । ਜਿਨ੍ਹਾਂ ਨੇ ਧੱਕੇ ਨਾਲ ਹੀ ਸ੍ਰੀ ਹਰਮਿੰਦਰ ਸਾਹਿਬ ਤੇ ਅਕਾਲ ਤਖਤ ਤੇ ਕਬਜ਼ਾ ਕਰ ਰੱਖਿਆ ਹੈ । ਇਕ ਪਾਸੇ ਤਾਂ ਇਹ ਲੋਕ ਪਾਕਿਸਤਾਨ ਵਿਚ ਰਹਿ ਗਏ । ਗੁਰਦੁਆਰੇ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ ਡੇਹਰਾ ਸਾਹਿਬ ਲਾਹੌਰ ਦੀ ਤਰਸਯੋਗ ਹਾਲਤ ਦਾ ਰੋਣਾ ਰੋਂਦੇ ਹਨ ਅਤੇ ਦੂਜੇ ਪਾਸੇ ਪੰਜਾਬ ਤੋਂ ਬਾਹਰਲੇ ਸਾਰੇ ਗੁਰਦਵਾਰਿਆਂ ਦੀ ਸੇਵਾ ਸੰਭਾਲ ਕਰ ਰਹੇ ਗੁਰਸਿੱਖਾਂ ਨੂੰ ਇਹ ਕਰਿ ਰਹੇ ਹਨ ਕਿ ਤੁਸੀਂ ਸਾਰੇ ਪੰਜਾਬ ਵਿਚ ਆ ਜਾਉ ਕਿਉਂਕਿ ਇਥੇ ਅਸੀਂ ਖਾਲਿਸਤਾਨ ਬਣਾਉਣਾ ਹੈ । ਇਨ੍ਹਾਂ ਤੋਂ ਕੋਈ ਪੁਛੇ ਕਿ ਗੁਰੂ ਗੋਬਿੰਦ ਸਿੰਘ ਨੇ ਜਨਮ ਤਾਂ ਪਟਨਾ ਸਾਹਿਬ ਵਿਚ ਲਿਆ ਤੇ ਜੋਤੀ ਜੋਤਿ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਜਾਕੇ ਸਮਾਏ ਜੇ ਉਨ੍ਹਾਂ ਦਾ ਮਕਸਦ ਸਾਰੇ ਭਾਰਤ ਨੂੰ ਆਪਣੀ ਜਨਮਭੂਮੀ ਸਮਝਣਾ ਨਾ ਹੁੰਦਾ ਤਾਂ ਉਹ ਪੰਜਾਬ ਤੋਂ ਬਾਹਰ ਆਪਣੀਆਂ ਯਾਦਗਾਰਾਂ ਕਿਉਂ ਬਣਾਉਂਦੇ ? ਜੇ ਉਨ੍ਹਾਂ ਦਾ ਮਕਸਦ ਸਾਰੇ ਧਰਮਾਂ ਨੂੰ ਪੂਰਨ ਆਜ਼ਾਦੀ ਤੇ ਵਧਣ ਫੁੱਲਣ ਦੇ ਮੌਕੇ ਦਿਵਾਉਣਾ ਨਾ ਹੁੰਦਾ ਤਾਂ ਉਹ ਨੌਂ ਸਾਲ ਦੀ ਉਮਰ ਵਿਚ ਆਪਣੇ ਪਿਆਰੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਚ ਜਾਕੇ ਤਿਲਕ ਤੇ ਜੰਞੂ ਦੀ ਰਾਖੀ ਕਰਨ ਲਈ ਕਿਉਂ ਪ੍ਰੇਰਦੇ ।

ਅਸਲ ਵਿਚ ਇਹ ਲੋਕ ਜੋ ਆਪਣੇ ਆਪ ਨੂੰ ਬਹੁਤ ਕੱਟੜ ਸਿੱਖ ਅਖਵਾਉਂਦੇ ਹਨ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਅਮਲ ਕਰਦੇ ਹਨ ਜਿਸ ਵਿਚ "ਏਕ ਪਿਤਾ ਏਕਸ ਕੇ ਹਮ ਬਾਰਕ" ਦਾ ਸਾਰੀ ਮਾਨਵਤਾ ਨੂੰ ਇਕ ਕਰਨ ਦਾ ਸੰਦੇਸ਼ ਦਿਤਾ ਗਿਆ ਹੈ ਅਤੇ ਨਾ ਹੀ ਸਿੱਖ ਕੌਮ ਦੀਆਂ ਉਨ੍ਹਾਂ ਸਰਬ ਮੇਲੂ ਰਵਾਇਤਾਂ ਦਾ ਸਤਿਕਾਰ ਕਰਦੇ ਹਨ ਜਿੰਨ੍ਹਾਂ ਦੇ ਆਧਾਰ ਤੇ ਸਾਰੇ ਧਰਮਾਂ ਨੂੰ ਪੂਰਨ ਆਜ਼ਾਦੀ ਦੇਣ ਲਈ ਕੁਰਬਾਨੀਆਂ ਕੀਤੀਆਂ ਗਈਆਂ ਸਨ । ਇਹ ਲੋਕ ਤਾਂ ਗੁਰਮਤਿ ਦੇ ਗਿਆਨ ਨੂੰ ਜੋ ਸੂਰਜ ਵੱਤ ਸਾਰੇ ਸੰਸਾਰ ਨੂੰ ਪ੍ਰਕਾਸ਼ ਦੇਣ ਵਾਲਾ ਹੈ । ਖਾਲਿਸਤਾਨ ਦੀ ਕੁਨਾਲੀ ਹੇਠ ਢਕਕੇ ਰੱਖਣਾ ਚਾਹੁੰਦੇ ਹਨ ਤੇ ਸਿੱਖ ਕੌਮ ਜੋ ਇਸ ਵੇਲੇ ਸਾਰੇ ਸੰਸਾਰ ਵਿਚ ਫੈਲੀ ਹੋਈ ਹੈ । ਉਸਨੂੰ 11-12 ਜ਼ਿਲਿਆਂ ਦੇ ਇਕ ਛੋਟੇ ਜਿਹੇ ਦਾਇਰੇ ਵਿਚ ਬੰਦ ਕਰਨਾ ਚਾਹੁੰਦੇ ਹਨ । ਇਨ੍ਹਾਂ ਦੀ ਸੋਚਣੀ ਦਾ ਦਾਇਰਾ ਇਤਾਨਾ ਤੰਗ ਹੈ ਕਿ ਇਨ੍ਹਾਂ ਨੇ ਸਿੱਖ ਨੌਜਵਾਨਾਂ ਨੂੰ ਮਰਨ ਮਾਰਨ ਦੇ ਗਲਤ ਰਾਹ ਪਾਕੇ ਤਬਾਹੀ ਵੱਲ ਧਕੇਲ ਦਿਤਾ ਹੈ ।

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ । ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ । ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

Tel: Off.
324-9441

# ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਇਸਲਾਮ ਦੇ 'ਪ੍ਰਚਾਰ'ਤੋਂ ਹੰਗਾਮਾ

ਜੰਮੂ:—ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਅੱਜ ਲਗਾਤਾਰ ਦੂਜੇ ਦਿਨ ਸ਼ੋਰ-ਸ਼ਰਾਬਾ ਹੁੰਦਾ ਰਿਹਾ। ਹੰਗਾਮਾ ਉਦੋਂ ਸ਼ੁਰੂ ਹੋਇਆ ਜਦੋਂ ਮੁਸਲਿਮ ਯੂਨਾਈਟਿਡ ਫਰੰਟ ਦੇ ਇਕ ਮੈਂਬਰ ਵਲੋਂ ਅਸੈਂਬਲੀ ਦੀ 'ਧਰਮ ਪ੍ਰਚਾਰ ਲਈ ਵਰਤੋਂ' 'ਤੇ ਹਾਕਮ ਨੈਸ਼ਨਲ ਕਾਨਫਰੰਸ—ਕਾਂਗਰਸ(ਆਈ) ਗੱਠਜੋੜ ਦੇ ਮੈਂਬਰਾਂ ਨੇ ਇਤਰਾਜ਼ ਕੀਤਾ।

ਜਮਾਤੇ ਇਸਲਾਮੀ ਦੇ ਨੇਤਾ ਸੱਯਦ ਅਲੀ ਸ਼ਾਹ ਗਿਲਾਨੀ ਨੇ ਰਾਜਪਾਲ ਦੇ ਭਾਸ਼ਨ 'ਤੇ ਬਹਿਸ ਦੌਰਾਨ ਆਪਣੇ ਵਿਚਾਰ ਪ੍ਰਗਟ ਕਰਦਿਆਂ ਟਿਪਣੀ ਕੀਤੀ ਕਿ ਇਕ "ਸੱਚੇ-ਸੁੱਚੇ ਮੁਸਲਮਾਨ ਵਜੋਂ ਉਨ੍ਹਾਂ ਨੂੰ ਇਸਲਾਮ ਦਾ ਪ੍ਰਚਾਰ ਕਰਨ ਦਾ ਮੁਕੰਮਲ ਹੱਕ ਹੈ।"ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ "ਹੋਰਨਾਂ ਨੂੰ ਇਸਲਾਮ ਵੱਲ ਆਕਰਸ਼ਿਤ ਕਰਨ ਦਾ ਸੰਵਿਧਾਨਕ ਹੱਕ ਹਾਲ ਹੈ।"

ਸੱਯਦ ਗਿਲਾਨੀ ਦੀ ਇਸ ਟਿੱਪਣੀ 'ਤੇ ਕਾਂਗਰਸ (ਆਈ) ਦੇ ਸ.ਰੰਗੀਲ ਸਿੰਘ ਨੇ ਇਤਰਾਜ਼ ਕੀਤਾ ਅਤੇ ਉਨ੍ਹਾਂ ਨੂੰ ਟੋਕ ਕੇ ਦਰਖਾਸਤ ਕੀਤੀ ਕਿ ਉਹ ਧਰਮ ਦੇ ਪ੍ਰਚਾਰ ਲਈ ਵਿਧਾਨ ਸਭਾ ਦੇ ਮੰਚ ਦੀ ਵਰਤੋਂ ਨਾ ਕਰਨ।

ਸ੍ਰੀ ਰੰਗੀਲ ਸਿੰਘ ਨੇ ਸੱਯਦ ਗੀਲਾਨੀ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਸੰਵਿਧਾਨ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕੀ ਹੈ ਅਤੇ ਸੰਵਿਧਾਨ ਦੇ ਅਨੁਸਾਰ ਦੇਸ਼ ਧਰਮ-ਨਿਰਪੱਖ ਹੈ। ਉਨ੍ਹਾਂ ਕਿਹਾ ਕਿ ਜੇਕਰ ਅੱਜ ਕੋਈ ਮੈਂਬਰ ਵਿਧਾਨ ਸਭਾ ਵਿਚ ਇਸਲਾਮ ਦੀ ਪ੍ਰਸੰਸਾ ਕਰਦਾ ਹੈ ਤਾਂ ਭਲਕੇ ਕੋਈ ਹੋਰ ਹਿੰਦੂ ਮੱਤ ਦੇ ਗੁਣ ਗਾਏਗਾ। ਅਜਿਹੀ ਸਥਿਤੀ ਵਿਚ ਵਿਧਾਨ ਸਭਾ ਧਾਰਮਿਕ ਖਿੱਚੋਤਾਣ ਦਾ ਅਖਾੜਾ ਬਣ ਜਾਏਗੀ।

ਪ੍ਰਭਾਵਿਤ ਨਹੀਂ ਹੋਏ:ਪਰ ਸੱਯਦ ਗੀਲਾਨੀ ਸ.ਰੰਗੀਲ ਸਿੰਘ ਦੇ ਇਨ੍ਹਾਂ ਤਰਕਾਂ ਤੋਂ ਪ੍ਰਭਾਵਿਤ ਨਹੀਂ ਹੋਏ ਅਤੇ ਉਨ੍ਹਾਂ ਦਾਅਵਾ ਕੀਤਾ ਕਿ ਕੋਈ ਉਨ੍ਹਾਂ ਨੂੰ ਇਸਲਾਮੀਆ ਜੀਵਨ—ਢੰਗ ਅਨੁਸਾਰ ਜੀਵਨ ਜਿਉਣ ਤੋਂ ਰੋਕ ਨਹੀਂ ਸਕਦਾ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਇਕ ਕਮਿਊਨਿਸਟ,ਇਕ ਸਮਾਜਵਾਦੀ ਤੇ ਇਕ ਪੂੰਜੀਵਾਦੀ ਆਪੋ-ਆਪਣੇ ਵਿਚਾਰਾਂ ਦਾ ਪ੍ਰਚਾਰ ਕਰ ਸਕਦੇ ਹਨ ਤਾਂ ਇਕ "ਸੱਚੇਸੁੱਚੇ ਮੁਸਲਮਾਨ ਨੂੰ ਇਸਲਾਮ ਦਾ ਪ੍ਰਚਾਰ ਕਰਨ ਦਾ ਹੱਕ ਕਿਉਂ ਨਹੀਂ।"

ਸੱਯਦ ਗੀਲਾਨੀ ਦੇ ਇਸ ਦਾਅਵੇ ਦੀ ਨੈਸ਼ਨਲ ਕਾਨਫਰੰਸ ਦੇ ਸ੍ਰੀ ਅਲੀ ਮੁਹੰਮਦ ਸਾਗਰ ਨੇ ਖਿੱਲੀ ਉਡਾਈ। ਉਨ੍ਹਾਂ ਸੱਯਦ 'ਤੇ ਦੋਸ਼ ਲਾਇਆ ਕਿ ਉਹ ਇਸਲਾਮ ਨੂੰ "ਬਦਨਾਮ"ਕਰ ਰਹੇ ਹਨ ਕਿਉਂਕਿ ਇਸਲਾਮ ਤਾਂ ਸਾਰੇ ਮਜ਼ੁਬਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੰਦਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸੱਯਦ ਗੀਲਾਲੀ ਆਪਣੀ ਪਾਰਟੀ ਦੇ ਸੌੜੇ ਹਿੱਤਾਂ ਦੀ ਖਾਤਰ ਇਸਲਾਮ ਦੀ ਦੁਰਵਰਤੋਂ ਕਰ ਰਹੇ ਹਨ।

ਮੁਸਲਿਮ ਫਰੰਟ ਆਗੂ ਦੇ ਭਾਸ਼ਨ ਦਾ ਸਿਖਰ ਉਸ ਸਮੇਂ ਆਇਆ ਜਦੋਂ ਉਨ੍ਹਾਂ ਨੇ ਇਹ ਧਮਕੀ ਦਿਤੀ ਕਿ ਜੇਕਰ ਉਨ੍ਹਾਂ ਨੂੰ ਇਸਲਾਮ ਦਾ ਪ੍ਰਚਾਰ ਕਰਨ ਦੀ ਇਜਾਜ਼ਤ ਨਾ ਦਿੱਤੀ ਗਈ ਤਾਂ ਉਹ ਸਦਨ ਦੀ ਮੈਂਬਰੀ ਤੋਂ ਅਸਤੀਫਾ ਦੇ ਜਾਣਗੇ।

ਇਕ ਸਟੇਜ 'ਤੇ ਜਦੋਂ ਹਾਕਮ ਧੜੇ ਨੇ ਜ਼ਿਆਦਾ ਜ਼ੋਰ ਨਾਲ ਉਨ੍ਹਾਂ ਨੂੰ ਵਰਜਣ ਦੀ ਕੋਸ਼ਿਸ਼ ਕੀਤੀ ਤਾਂ ਮੁਸਲਿਮ ਫਰੰਟ ਦੇ ਚਾਰੇ ਮੈਂਬਰ ਹੀ ਉਠ ਕੇ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੇ ਪੂਰੇ ਜ਼ੋਰ ਨਾਲ ਕਾਂਗਰਸ (ਆਈ) ਅਤੇ ਨੈਸ਼ਨਲ ਕਾਨਫਰੰਸ ਦੇ ਮੈਂਬਰਾਂ ਉਪਰ ਚਿਲਾਉਣਾ ਸ਼ੁਰੂ ਕਰ ਦਿੱਤਾ

ਇਸ 'ਤੇ ਭਾਜਪਾ ਮੈਂਬਰ ਸ੍ਰੀ ਚਮਨ ਲਾਲ ਗੁਪਤਾ ਵੀ ਪਘੂਰੇ ਜ਼ੋਰ ਸ਼ੋਰ ਨਾਲ ਕਾਂਗਰਸ (ਆਈ) ਅਤੇ ਨੈਸ਼ਨਲ ਕਾਨਫਰੰਸ ਮੈਂਬਰਾਂ ਦੀ ਮੱਦਦ 'ਤੇ ਉਤਰ ਆਏ ਅਤੇ ਉਨ੍ਹਾਂ ਨੇ ਵੀ ਸ੍ਰੀ ਗਿਲਾਨੀ ਨੂੰ ਯਾਦ ਦਿਵਾਇਆ ਕਿ "ਤੁਸੀਂ ਅਜੇ ਕੇਵਲ ਤਿੰਨ ਦਿਨ ਪਹਿਲਾਂ ਧਰਮ ਨਿਰਪੇਖਤਾ,ਸਮਾਜਵਾਦ ਅਤੇ ਜਮਹੂਰੀਅਤ ਦੇ ਆਦਰਸ਼ਾਂ ਵਿਚ ਵਿਸ਼ਵਾਸ਼ ਪ੍ਰਗਟ ਕਰਦੇ ਹੋਏ ਸਦਨ ਦੀ ਮਾਨ ਮਰਿਯਾਦਾ ਵਿਚ ਰਹਿਣ ਦੀ ਸੌਂਹ ਚੁੱਕੀ ਹੈ ਅਤੇ ਅੱਜ ਇਸ ਮਾਨ ਮਰਿਯਾਦਾ ਦੀਆਂ ਧੱਜੀਆਂ ਉਡਾਉਂਦੇ ਹੋਏ ਇਸਲਾਮ ਦਾ ਪ੍ਰਚਾਰ ਕਰਨ ਲਈ ਜ਼ਿਦ ਵੀ ਫੜ ਲਈ ਹੈ

ਇਹ ਵਾਦ-ਵਿਵਾਦ ਖਤਮ ਹੋਣ ਤੋਂ ਬਾਅਦ ਕਾਂਗਰਸ (ਆਈ) ਦੇ ਸ੍ਰੀ ਰੰਗੀਲ ਸਿੰਘ ਨੇ ਸਰਕਾਰ ਦਾ ਧਿਆਨ ਰਾਜ ਅੰਦਰ ਸਿਖ ਭਾਈਚਾਰੇ ਨਾਲ ਸਬੰਧਤ ਲੋਕਾਂ ਦੀਆਂ ਸਮੱਸਿਆਵਾਂ ਵੱਲ ਦਿਵਾਇਆ ਅਤੇ ਸਿੱਖਾਂ ਨੂੰ ਸਰਕਾਰੀ ਸੇਵਾਵਾਂ ਵਿਚ ਵਾਜਬ ਨੁਮਾਇੰਦਗੀ ਦੇਣ ਲਈ ਜ਼ੋਰ ਦਿੱਤਾ।

ਹੋਰ ਜਾਣਕਾਰੀ ਲਈ ਫੋਨ ਕਰੋ:327-6461 588-5217,325-1662,325-8006

# ਡਾ.ਰਜਨੀ ਕੋਠਾਰੀ ਵਲੋਂ 13 ਅਪਰੈਲ ਨੂੰ ਪਬਲਿਕ ਲੈਕਚਰ

ਵੈਨਕੂਵਰ:—ਸੂਚਨਾ ਮਿਲੀ ਹੈ ਕਿ ਡਾ.ਰਜਨੀ ਕੋਠਾਰੀ ਸੋਮਵਾਰ 13 ਅਪਰੈਲ,1987 ਨੂੰ ਸ਼ਾਮ ਦੇ ਸਾਢੇ ਸੱਤ ਵਜੇ ਇਸ ਥਾਂ ਭਾਸ਼ਨ ਦੇਣਗੇ।

ਸਥਾਨ:—The Theatre,Robson Square Media Centre 800,Robson St.Vancpuver,B.C.

ਹੋਰ ਜਾਣਕਾਰੀ ਲਈ ਫੋਨ ਕਰੋ:ਹਰੀ ਸ਼ਰਮਾ 291—3146 ਜਾਂ 420—2972

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੈਨਕੂਵਰ ਵਲੋਂ ਜਲ੍ਹਿਆਂਵਾਲਾ ਦਿਵਸ ਉਪਰ ਸਭਿਆਚਾਰਕ ਪ੍ਰੋਗਰਾਮ ਅਤੇ ਵੈਨਕੂਵਰ ਦੇ ਬੇਸਮਿੰਟਾਂ ਦੇ

ਸੁਆਲ ਉਪਰ ਪਬਲਿਕ ਮੀਟਿੰਗ

ਥਾਂ:—ਜੌਹਨ ਔਲੀਵਰ ਸਕੂਲ ਆਡੋਟੋਰੀਅਮ (ਫਰੇਜ਼ਰ ਤੇ 41 Ave.)

ਸਮਾਂ:—ਸਾਢੇ ਚਾਰ ਵਜੇ ਸ਼ਾਮ ਐਤਵਾਰ 12 ਅਪਰੈਲ

ਬੁਲਾਰੇ:—ਵੱਖੋ ਵੱਖ ਕਮਿਊਨਿਟੀਆਂ ਅਤੇ ਐਸਸੀਏਸ਼ਨ ਵਲੋਂ ਬੁਲਾਰੇ। ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਗਿੱਧਾ,ਭੰਗੜਾ ਅਤੇ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ।


# Rokko Sarees & Fabrics

**6201-6205 Fraser St., Vancouver, B.C. V5W 3A2**

**Tel: (604) 327-3033**

# ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ



ROKKO SAREES

## ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ

IMPORTERS • MANUFACTURERS REPRESENTATIVES • EXPORTERS

# ਡਾਕੇ, ਲੁੱਟਾਂ ਤੇ ਕਤਲਾਂ ਦੀਆਂ ਵਾਰਦਾਤਾਂ ਲੁਟੇਰਿਆਂ ਵਲੋਂ ਜਾਰੀ

ਗੁਰਦਾਸਪੁਰ: —ਤਿੰਨ ਸ਼ੱਕੀ ਦਹਿਸ਼ਤਪਸੰਦ ਇਸ ਜ਼ਿਲੇ ਦੇ ਪਿੰਡਾਂ ਵਿਚ ਮੁਕਾਬਲੇ ਵਿਚ ਮਾਰੇ ਜਾਣ ਦਾ ਪਤਾ ਲੱਗਾ ਹੈ। ਸਰਹੱਦੀ ਸੁਰੱਖਿਆ ਫੋਰਸ ਅਤੇ ਦਹਿਸ਼ਤਪਸੰਦਾਂ ਵਿਚਕਾਰ ਇਹ ਮੁਕਾਬਲਾ ਜ਼ਿਲੇ ਦੀ ਪਠਾਨਕੋਟ ਸਬ-ਡਵੀਜ਼ਨ ਵਿਚ ਹੋਇਆ ਦੱਸਿਆ ਜਾਂਦਾ ਹੈ।

ਤਿੰਨ ਦਹਿਸ਼ਤਪਸੰਦ ਇਕ ਬੱਸ ਉਤੋਂ ਉਤਰੇ ਅਤੇ ਇਕ ਦੁਕਾਨਦਾਰ ਦੇ ਗੰਨਮੈਨ ਪਰਮਜੀਤ ਸਿੰਘ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿੱਤਾ। ਉਸਦੀ ਸਟੇਨਗੰਨ ਵੀ ਖੋਹ ਲਈ। ਦੁਕਾਨ ਉਤੇ ਆਇਆ ਇਕ ਗਾਹਕ ਵੀ ਮੌਕੇ ਉਤੇ ਹੀ ਮਾਰਿਆ ਗਿਆ।

ਘਟਨਾ ਤੋਂ ਪਿਛੋਂ ਦਹਿਸ਼ਤਪਸੰਦ ਇਕ ਸਕੂਟਰ ਵਾਲੇ ਦਾ ਸਕੂਟਰ ਖੋਹਕੇ ਲੈ ਗਏ ਅਤੇ ਉਨ੍ਹਾਂ ਦਾ ਪਿਛਾ ਪੁਲਸ ਤੇ ਬਾਰਡਰ ਸਕਿਉਰਟੀ ਸਟਾਫ ਦੇ ਕਰਮਚਾਰੀਆਂ ਨੇ ਕੀਤਾ। ਉਹ ਕੋਟਰਪੁਰ ਬਰੋਟਾ ਪਿੰਡ ਲਾਗੇ ਘੇਰੇ ਵਿਚ ਆ ਗਏ। ਇਕ ਘੰਟਾ ਗੋਲੀਆਂ ਦੀ ਬੁਛਾੜ ਹੁੰਦੀ ਰਹੀ। ਤਿੰਨਾਂ ਦਹਿਸ਼ਤਪਸੰਦਾਂ ਦੀ ਪਛਾਣ ਨਹੀਂ ਹੋ ਸਕੀ।

## ਸਰਨਾ ਵਿਚ ਟਰੈਫਿਕ ਜਾਮ

ਸਰਨਾ ਵਿਚ 2 ਘੰਟੇ ਟਰੈਫਿਕ ਜਾਮ ਰਿਹਾ। ਸਾਰੀਆਂ ਦੁਕਾਨਾਂ ਬੰਦ ਰਹੀਆਂ।

## ਗੁਰਦਾਸਪੁਰ ਵਿਚ ਪੰਜ ਫੜੇ

ਗੁਰਦਾਸਪੁਰ ਜ਼ਿਲੇ ਦੇ ਪੰਡੋਰੀ ਪਿੰਡ ਵਿਚ ਬਾਰਡਰ ਸਕਿਉਰਟੀ ਪੁਲਸ ਨੇ 5 ਦਹਿਸ਼ਤਪਸੰਦ ਗ੍ਰਿਫਤਾਰ ਕੀਤੇ। ਜ਼ਿਲਾ ਪੁਲਸ ਅਧਿਕਾਰੀ ਵਿਰਦੀ ਨੇ ਕਿਹਾ ਕਿ ਇਨ੍ਹਾਂ ਪੰਜਾਂ ਦੇ ਨਾਂ ਸਤਿਨਾਮ ਸਿੰਘ, ਦਲੀਪ ਸਿੰਘ, ਅਮਰੀਕ ਸਿੰਘ ਬੀਲਾ, ਇੰਦਰਜੀਤ ਸਿੰਘ ਅਤੇ ਮੰਗਲ ਸਿੰਘ ਹਨ। ਇਨ੍ਹਾਂ ਵਿਚੋਂ ਦੋ ਗੁਰਦਾਸਪੁਰ ਤੇ ਤਿੰਨ ਮਹਿਤਾ ਪਿੰਡ (ਅੰਮ੍ਰਿਤਸਰ) ਦੇ ਹਨ। ਪੁਲਸ ਅਧਿਕਾਰੀ ਨੇ ਕਿਹਾ ਕਿ 3 ਦਹਿਸ਼ਤਪਸੰਦ ਫਰਾਰ ਹੋ ਗਏ।

ਇੱਕ ਗੰਨ ਤੇ 3 ਪਿਸਤੌਲ ਅਤੇ ਕੁਝ ਕਾਰਤੂਸ ਇਨ੍ਹਾਂ ਦਹਿਸ਼ਤਪਸੰਦਾਂ ਕੋਲੋਂ ਮਿਲੇ।

## ਬਟਾਲੇ ਵਿਚ ਬਿਕਰਮਜੀਤ ਸਿੰਘ ਕਤਲ

ਗੁਰਦਾਸਪੁਰ ਜ਼ਿਲੇ ਦੇ ਦੁਬਰਜੀ ਪਿੰਡ ਵਿਚ ਇਕ ਪੰਚਾਇਤ ਅਧਿਕਾਰੀ ਬਿਕਰਮਜੀਤ ਸਿੰਘ ਦਾ ਕਤਲ ਕੀਤੇ ਜਾਣ ਦੀ ਖਬਰ ਹੈ। ਇਕ ਪੰਚਾਇਤ ਅਧਿਕਾਰੀ ਬਟਾਲੇ ਦੇ ਬਲਾਕ ਡੀਵੈਲਪਮੇਂਟ ਦਫਤਰ ਨਾਲ ਸਬੰਧਤ ਸੀ।

## ਖਾਨਖਾਨਾ ਪਿੰਡ ਦਾ ਗ੍ਰੰਥੀ ਕਤਲ

ਜਲੰਧਰ ਦੇ ਖਾਨਖਾਨਾ ਪਿੰਡ ਦਾ ਗ੍ਰੰਥੀ ਸੁਖਦੇਵ ਸਿੰਘ ਨੂੰ ਕਤਲ ਕੀਤਾ ਗਿਆ। ਇਹ ਕਤਲ ਦੋ ਦਹਿਸ਼ਤਪਸੰਦਾਂ ਨੇ ਕੀਤਾ ਦੱਸਿਆ ਜਾਂਦਾ ਹੈ।

## 'ਜਗਰਾਤੇ' ਸਮੇਂ ਇਕ ਕਤਲ

ਅੰਮ੍ਰਿਤਸਰ ਦੇ ਪਿੰਡ ਬੱਗੇਵਾਲੀ ਵਿਚ ਇਕ 'ਜਗਰਾਤੇ' ਉਤੇ 5 ਦਹਿਸ਼ਤਪਸੰਦਾਂ ਨੇ ਹਮਲਾ ਕਰਕੇ ਇਕ ਬੰਦਾ ਮਾਰ ਦਿਤਾ ਤੇ ਇਕ ਗੰਭੀਰ ਰੂਪ ਵਿਚ ਜ਼ਖਮੀ ਹੋਇਆ। ਮਨੋਹਰ ਸਿੰਘ ਖੇਲਾ ਪਿੰਡ ਦਾਸੀ ਜੋ ਮੌਕੇ ਤੇ ਮਾਰਿਆ ਗਿਆ ਅਤੇ ਕੁੰਦਨ ਸਿੰਘ ਨੂੰ ਅੰਮ੍ਰਿਤਸਰ ਦੇ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਦਾਖਲ ਕਰਾਇਆ ਗਿਆ।

## ਕਾਦੀਆਂ ਰੇਲਵੇ ਸ਼ਟੇਸ਼ਨ ਨੇੜੇ ਦੋ ਜ਼ਖਮੀ

ਸਾਈਕਲ ਤੇ ਜਾਂਦੇ ਦੋ ਬੰਦੂਕਧਾਰੀਆਂ ਨੇ ਦੋ ਰਿਕਸ਼ਾ ਡਰਾਈਵਰਾਂ ਉਤੇ ਗੋਲੀ ਚਲਾਕੇ ਉਨ੍ਹਾਂ ਨੂੰ ਜ਼ਖਮੀ ਕਰ ਦਿਤਾ। ਇਹ ਘਟਨਾ ਕਾਦੀਆਂ ਰੇਲਵੇ ਸ਼ਟੇਸ਼ਨ ਦੇ ਨੇੜੇ ਵਾਪਰੀ।

## —3 ਲੱਖ ਲੁੱਟਿਆ

ਤਿੰਨ ਦਹਿਸ਼ਤਪਸੰਦਾਂ ਨੇ ਇਥੇ ਸੇਲਜ਼ ਟੈਕਸ ਦੇ ਦਫਤਰ ਉਤੇ ਹਮਲਾ ਕਰਕੇ ਤਿੰਨ ਲੱਖ ਰੁਪਏ ਲੁੱਟ ਲਏ। ਇਹ ਘਟਨਾ ਮਾਡਲਟਾਊਨ ਵਿਚ ਵਾਪਰੀ।

## ਅੰਮ੍ਰਿਤਸਰ ਵਿਚ ਡਾਕਾ

ਦੋ ਦਹਿਸ਼ਤਪਸੰਦਾਂ ਨੇ ਪਬਲਿਕ ਵਰਕਸ ਵਿਭਾਗ ਦੇ ਦਫਤਰ ਵਿਚੋਂ 5 ਲੱਖ 15 ਹਜ਼ਾਰ ਰੁਪਏ ਲੁੱਟੇ।

## ਗੁਰਦਾਸਪੁਰ ਵਿਚ ਲੁਟੇਰੇ ਫੜੇ ਗਏ

ਕੁਝ ਦਿਨ ਪਹਿਲਾਂ ਪੰਜਾਬ ਨੈਸ਼ਨਲ ਬੈਂਕ ਦੀ ਪਨਿਆਰ ਬਰਾਂਚ ਵਿਚੋਂ ਜੋ 6500 ਰੁਪਏ ਲੁੱਟੇ ਗਏ ਸਨ ਉਹ ਲੁਟੇਰੇ ਫੜੇ ਗਏ ਹਨ ਅਤੇ ਰੁਪਇਆ ਵੀ ਵਾਪਸ ਮਿਲ ਗਿਆ ਹੈ। ਤਿੰਨੇ ਦਹਿਸ਼ਤਪਸੰਦ ਪੁਲਸ ਨਾਲ ਮੁਕਾਬਲਾ ਕਰਦੇ ਫੜੇ ਗਏ।

## ਠੇਕਿਆਂ ਅੱਗੇ ਭੀੜਾਂ

ਰੋਪੜ, :—ਰੋਪੜ ਜ਼ਿਲੇ ਅੰਦਰ 90 ਫੀਸਦੀ ਸ਼ਰਾਬ ਦੇ ਠੇਕਿਆਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਇਹ ਦਾਅਵਾ ਇਥੇ ਰੋਪੜ ਦੇ ਅਸਿਸਟੈਂਟ ਐਕਸਾਈਜ਼ ਐਂਡ ਟੈਕਸ਼ੇਸ਼ਨ ਕਮਿਸ਼ਨਰ ਸ੍ਰੀ ਦਰਸ਼ਨ ਰਾਮ ਅਹੀਰ ਵਲੋਂ ਕੀਤਾ ਗਿਆ।

ਉਨ੍ਹਾਂ ਦਸਿਆ ਕਿ ਹੁਣ ਜ਼ਿਲੇ ਅੰਦਰ ਕੇਵਲ 5-7 ਪਿੰਡ ਹੀ ਰਹਿ ਗਏ ਹਨ ਜਿਨ੍ਹਾਂ ਨੇ ਠੇਕਿਆਂ ਲਈ ਥਾਵਾਂ ਨਹੀਂ ਦਿੱਤੀਆਂ।

ਕਰ ਅਤੇ ਆਬਕਾਰੀ ਅਧਿਕਾਰੀ ਨੇ ਦੱਸਿਆ ਕਿ ਅੱਜ ਦੁਪਿਹਰੇ ਸ਼ਹਿਰ ਅੰਦਰ ਠੇਕੇ ਖੁਲ੍ਹਣ 'ਤੇ ਉਨ੍ਹਾਂ ਅੱਗੇ ਸ਼ਰਾਬ ਦੇ ਸ਼ੌਕੀਨਾਂ ਦੀਆਂ ਬਹੁਤ ਵੱਡੀਆਂ ਵੱਡੀਆਂ ਭੀੜਾਂ ਜਮ੍ਹਾਂ ਹੋ ਗਈਆਂ।

## ਬੱਸ ਖੱਡ 'ਚ ਡਿੱਗੀ 4 ਮਰੇ 6 ਫੱਟੜ

ਜੰਮੂ:—ਅੱਜ ਜੰਮੂ—ਸ੍ਰੀਨਗਰ ਕੌਮੀ ਮਾਰਗ 'ਤੇ ਦਿੱਲੀ ਤੋਂ ਆ ਰਹੀ ਇਕ ਯਾਤਰੀ ਬੱਸ 90 ਮੀਟਰ ਡੂੰਘੀ ਖੱਡ ਵਿਚ ਡਿੱਗ ਪਈ ਜਿਸ ਕਾਰਨ 4 ਵਿਅਕਤੀ ਮਾਰੇ ਗਏ ਅਤੇ 6 ਗੰਭੀਰ ਫੱਟੜ ਹੋ ਗਏ। ਬੱਸ ਵਿਚ 38 ਵਿਅਕਤੀ ਸਵਾਰ ਦੱਸੇ ਗਏ ਹਨ। ਸਾਡੇ ਵਿਸ਼ੇਸ਼ ਪ੍ਰਤੀਨਿੱਧ ਅਨੁਸਾਰ ਮ੍ਰਿਤਕਾਂ ਦੀ ਗਿਣਤੀ 5 ਹੈ।

## ਵਿਧਾਨ ਸਭਾ ਉਠੀ

ਚੰਡੀਗੜ੍ਹ:—ਪੰਜਾਬ ਵਿਧਾਨ ਸਭਾ ਅਣਮਿਥੇ ਸਮੇਂ ਲਈ ਉਠ ਗਈ ਹੈ।

ਸਰਕਾਰੀ ਧੜੇ ਵਲੋਂ ਸਦਨ ਵਿਚ ਸ਼ੋਰ ਸ਼ਰਾਬੇ ਦੌਰਾਨ ਵਿਧਾਨ ਸਭਾ ਅਣਮਿਥੇ ਸਮੇਂ ਲਈ ਉਠਣ ਸਬੰਧੀ ਮਤਾ ਲਿਆਂਦਾ ਗਿਆ।

INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254

MERIDIAN INSURANCE

LOCATION 1

Life & Accident sickness

LOCATION 2

3268 COAST MERIDIAN RD.,
PORT COQUITLAM, B.C. V3B 3N4
3268 ਕੋਸਟ ਮੈਰੀਡੀਅਨ ਰੋਡ ਪੋਰਟ ਕੁਕਿਟਲਮ
Ph. 941-8544

F.W. INSURANCE AGENCIES LTD.
Unit 115-8980 - No. 3 Road, RICHMOND, B.C.
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ) V6Y 2E8
ਸੰਤਬੀਰ ਸਿੰਘ ਮਿਨਹਾਸ
Ph. 272-0700

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas Res. 271-1248 ICBC, house, tenant, commercial

CALL US FIRST

IATA APPROVED OFFICE

Express Internationl Travel (1986) Ltd.

ATAC

Authorized Ticket Agents for
AIR CANADA, WARDAIR, C P AIR, PAN AM, AIR INDIA, JAPAN AIR LINES, BRITISH AIR WAYS, KLM, EASTERN, AIR CAL, DELTA AIR, LUFTHANSA and many other airlines.

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ
ਸਪੇਸ਼ਲ ਸਰਵਿਸ
ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5



AJIT KANG

# ਰਾਜੀਵ—ਜ਼ੈਲ ਸਿੰਘ ਝਗੜਾ: ਕੀ ਇੰਦਰਾ ਗਾਂਧੀ ਕਤਲ ਇਸਦਾ ਕਾਰਨ ਹੈ ?

'ਸਟੇਟਸਮੈਨ'ਦੇ 3 ਅਪਰੈਲ ਦੇ ਅੰਕ ਵਿਚ ਐਸ.ਸਹਾਏ ਦਾ ਇਕ ਲੇਖ ਪ੍ਰਕਾਸ਼ਿਤ ਹੋਇਆ ਹੈ ਜਿਸ ਵਿਚ ਰਾਜੀਵ—ਜ਼ੈਲ ਸਿੰਘ ਝਗੜੇ ਬਾਰੇ ਜ਼ਿਕਰ ਆਇਆ ਹੈ ਕਿ ਇੰਦਰਾ ਗਾਂਧੀ ਦੇ ਕਤਲ ਦੀ ਪੁਣਛਾਣ ਕਰਨ ਵਾਲੇ ਠੱਕਰ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਜਦ ਰਾਸ਼ਟਰਪਤੀ ਆਪਣੀ ਅਹੁਦੇ ਤੋਂ ਮੁਕਤ ਹੋ ਜਾਵੇ ਤਾਂ ਉਸਦੀ ਪੜਤਾਲ ਕਰਾਈ ਜਾਵੇ। ਪੜਤਾਲ ਵਿਚ ਰਾਸ਼ਟਰਪਤੀ ਦੇ ਪੰਜਾਬ ਦੇ ਸਬੰਧਾਂ ਬਾਰੇ ਪੁਣਛਾਣ ਹੋਵੇ।

ਯਾਦ ਰਹੇ ਕਿ ਠੱਕਰ ਕਮਿਸਨ ਦੀ ਰਿਪੋਰਟ ਅਜੇ ਤੱਕ ਪ੍ਰਕਾਸ਼ਿਤ ਨਹੀਂ ਕੀਤੀ ਗਈ ਅਤੇ ਨਾ ਹੀ ਰਾਸ਼ਟਰਪਤੀ ਜ਼ੈਲ ਸਿੰਘ ਨੂੰ ਵਿਖਾਈ ਗਈ ਹੈ।

ਜ਼ੈਲ ਸਿੰਘ ਉਸ ਸਮੇਂ ਵੀ ਰਾਸ਼ਟਰਪਤੀ ਸੀ ਜਦ ਇੰਦਰਾ ਗਾਂਧੀ ਦਾ ਕਤਲ ਹੋਇਆ। ਠੱਕਰ ਕਮਿਸ਼ਨ ਨੂੰ ਕਿਹਾ ਗਿਆ ਸੀ ਕਿ ਉਹ ਉਨ੍ਹਾਂ ਹਾਲਾਤਾਂ ਦੀ ਪੜਤਾਲ ਕਰੇ ਜਿਨ੍ਹਾਂ ਕਾਰਨ ਇੰਦਰਾ ਗਾਂਧੀ ਦਾ ਕਤਲ ਹੋਇਆ,ਉਨ੍ਹਾਂ ਕਮਜ਼ੋਰੀਆਂ ਦਾ ਪਤਾ ਲਗਾਵੇ ਜਿਸ ਕਾਰਨ ਸੰਭਵ ਹੋ ਸਕਿਆ ਅਤੇ ਉਨ੍ਹਾਂ ਕਮਜ਼ੋਰੀਆਂ ਨੂੰ ਸੁਧਾਰਨ ਲਈ ਸੁਝਾਅ ਦੇਵੇ।

ਸ੍ਰੀ ਸਹਾਏ ਨੇ ਕਿਹਾ ਕਿ ਜੇਕਰ ਰਾਸ਼ਟਰਪਤੀ ਦਾ ਕੋਈ ਅਜਿਹਾ ਸਬੰਧ ਕਤਲ ਨਾਲ ਹੈ ਤਾਂ ਇਹ ਕੌਮੀ ਮਸਲਾ ਹੈ ਅਤੇ ਰਾਸ਼ਟਰਪਤੀ ਉਤੇ ਕੇਸ ਚਲਾਇਆ ਜਾਣਾ ਚਾਹੀਦਾ ਹੈ ਅਤੇ ਇਹ ਕੇਸ ਹੁਣੇ ਹੀ ਚਲਾਇਆ ਜਾਣਾ ਚਾਹੀਦਾ ਹੈ ਨਾਕਿ ਜਦ ਰਾਸ਼ਟਰਪਤੀ ਆਪਣੇ ਪਦ ਤੋਂ ਮੁਕਤ ਹੋਵੇ।

ਸ੍ਰੀ ਸਹਾਏ ਨੇ ਕਿਹਾ ਕਿ ਰਾਜੀਵ ਸਰਕਾਰ ਇਹ ਕੇਸ ਚਲਾਉਣ ਤੋਂ ਹਿਚਕਚਾ ਰਹੀ ਹੈ ? ਇਹ ਠੀਕ ਹੈ ਕਿ ਮਸਲਾ ਗੁੰਝਲਦਾਰ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਸਰਕਾਰ ਕੇਸ ਹਾਰ ਜਾਵੇ। ਪਰ ਇਹ ਰਾਸ਼ਟਰਪਤੀ ਨਾਲ ਵੀ ਜ਼ਿਆਦਤੀ ਹੋਵੇਗੀ ਕਿ ਕੇਸ ਉਸਦੇ ਰਾਸ਼ਟਰਪਤੀ ਨਾ ਰਹਿਣ ਸਮੇਂ ਚਲਾਇਆ ਜਾਵੇ। ਵਿਧਾਨ ਦਾ ਖਿਆਲ ਰੱਖਦਿਆਂ ਸਹੀ ਰਾਹ ਇਹ ਹੀ ਹੈ ਕਿ ਰਾਸ਼ਟਰਪਤੀ ਨਾਲ ਧੱਕਾ ਨਾ ਹੋਵੇ ਸਗੋਂ ਰਾਸ਼ਟਰਪਤੀ ਹੁੰਦੇ ਹੀ ਉਸ ਨਾਲ 'ਇਨਸਾਫ'ਹੋਵੇ। ਰਾਸ਼ਟਰਪਤੀ ਦਾ ਵੀ ਇਹ ਵਿਧਾਇਕ ਹੱਕ ਹੈ ਕਿ ਠੱਕਰ ਕਮਿਸ਼ਨ ਦੀ ਰਿਪੋਰਟ ਉਸਨੂੰ ਦਿਖਾਈ ਜਾਵੇ।

## ਕੈਨੇਡੀਅਨ ਕੈਂਸਰ ਸੁਸਾਇਟੀ, ਵੈਨਕੂਵਰ ਬਰਾਂਚ ਦੀ ਸਿਟੀ ਹਾਲ ਵਿਚ ਮੀਟਿੰਗ



ਅੱਗੇ ਬੈਠੇ : ਦਰਸ਼ਨ ਗਿੱਲ (ਸੰਪਾਦਕ ਕੈਨੇਡਾ ਦਰਪਣ), ਮੇਅਰ ਗੋਰਡਨ ਕੈਂਬਲ ਤੇ ਗੁਰਦਿਆਲ ਸਿੰਘ ਨੀਲ,
ਪਿੱਛੇ ਖੜ੍ਹੇ : ਸਤਵੰਤ ਸਿੰਘ, ਬਰਨਰਡ ਸਿੰਪਸਨ (ਚੇਅਰਮੈਨ). ਡਾ: ਗੋਇਲ, ਸੁਚਾ ਸਿੰਘ ਕਲੇਰ, ਕੇਵਲ ਸਿੰਘ ਪਾਬਲਾ, ਕੁਲਵਰਨ ਸਿੰਘ ਪਰਮਾਰ, ਮਲਕੀਤ ਪਰਹਾਰ, ਅਜੀਤ ਕੰਗ, ਸਦੇਸ਼ ਕਾਲੀਆ, ਕ੍ਰਿਸ਼ਨ ਤ੍ਰਿਕਾਲਾ।

## 'ਅਗਵਾਕਾਰ'ਇਮਤਿਹਾਨ ਦੇ ਰਹੇ ਹਨ !

ਅਜਮੇਰ:—ਜਿਨ੍ਹਾਂ ਸੱਤ 'ਅਗਵਾਕਾਰਾਂ'ਨੂੰ ਇਥੇ ਦੀ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ ਉਨ੍ਹਾਂ ਵਿਚੋਂ ਪੰਜ ਪੰਜਾਬ ਤੇ ਪੰਜਾਬੀ ਯੂਨੀਵਰਸਿਟੀ ਦੇ ਇਮਤਿਹਾਨ ਦੇ ਰਹੇ ਹਨ।

ਇਨ੍ਹਾਂ ਅਗਵਾਕਾਰਾਂ ਨੇ ਇੰਡੀਅਨ ਏਅਰਲਾਈਨਜ਼ ਦਾ ਜ਼ਹਾਜ਼ ਚੰਡੀਗੜ੍ਹ ਤੋਂ ਡੁਬਈ ਅਗਵਾ ਕੀਤਾ ਸੀ ਤੇ ਲਾਹੌਰ ਰਾਹੀਂ ਡੁਬਈ ਲੈਕੇ ਗਏ ਸਨ।

ਪਿਛਲੇ ਹਫਤੇ ਕੋਰਟ ਜੱਜ ਸਹਿਦੇਵ ਗੋਦਾਰਾ ਨੇ ਦੋਵਾਂ ਯੂਨੀਵਰਸਿਟੀਆਂ ਪੰਜਾਬ ਤੇ ਪੰਜਾਬੀ ਦੇ ਰਜਿਸਟਰਾਰਾਂ ਨੂੰ ਹੁਕਮ ਦਿਤਾ ਸੀ ਕਿ ਇਨ੍ਹਾਂ 'ਅਗਵਾਕਾਰਾਂ'ਦੇ ਇਮਤਿਹਾਨਾਂ ਦਾ ਪ੍ਰਬੰਧ ਜੇਲ੍ਹ ਵਿਚ ਹੀ ਕੀਤਾ ਜਾਵੇ।

## ਭਦਰਵਾਹ ਵਿਚ ਚੋਣ

ਜੰਮੂ:—ਜੰਮੂ ਖੇਤਰ ਦੇ ਭੱਦਰਵਾਹ ਹਲਕੇ ਵਿਚ ਪੋਲਿੰਗ 11 ਮਈ ਨੂੰ ਹੋਵੇਗੀ। ਇਹ ਐਲਾਨ ਇਥੇ ਭਾਰਤੀ ਚੋਣ ਕਮਿਸ਼ਨ ਦੇ ਇਕ ਪੱਤਰ ਦੇ ਆਧਾਰ 'ਤੇ ਕੀਤਾ ਗਿਆ। ਹਲਕੇ ਵਿਚ ਚੋਣ ਇਕ ਉਮੀਦਵਾਰ ਦੀ ਮੌਤ ਕਾਰਨ ਮੁਲਤਵੀ ਕਰ ਦਿਤੀ ਗਈ ਸੀ।

Makanji
JEWELLERS LTD.

Largest 22Kt Gold Jewellery
Manufacturers and Retailers
In North America
Vancouver ■ Tornoto

Custom Made 22 Kt Gold Jewellery
6644 Main St., Vancouver, B.C. V5X 3H3
(604) 324-7646
Tornoto (416) 469-0505
Free 1-800-663-MASA (B.C. & Alberta)
Vancouver Gold Line (604) 324-6696
1448 Gerrard St., East, Toronto, Ontario, CANADA M4L 1Z8

# ਦਹਿਸ਼ਤਪਸੰਦਾਂ ਦੀਆਂ ਸ਼ਿਕਾਇਤਾਂ ਦੂਰ ਕਰੋ:ਹੈਗੜੇ



ਚੰਡੀਗੜ੍ਹ:—ਕਰਨਾਟਕ ਦੇ ਮੁੱਖ ਮੰਤਰੀ ਰਾਮ ਕ੍ਰਿਸ਼ਨ ਹੈਗੜੇ ਨੇ ਇਥੇ ਕਿਹਾ ਕਿ ਜਿਸ ਤਰ੍ਹਾਂ ਰਾਜਾਂ ਵਿਚ ਗੈਰ—ਕਾਂਗਰਸੀ ਸਰਕਾਰਾਂ ਸੱਤਾਂ ਵਿਚ ਆ ਰਹੀਆਂ ਹਨ,ਉਸਤੋਂ ਇਹ ਸਪਸ਼ਟ ਹੁੰਦਾ ਹੈ ਕਿ ਕੇਂਦਰ ਵਿਚ ਵੀ ਵਿਰੋਧੀ ਪਾਰਟੀਆਂ ਕਾਂਗਰਸ (ਆਈ) ਦਾ ਬਦਲ ਬਣ ਕੇ ਸਾਂਝੀ ਸਰਕਾਰ ਕਾਇਮ ਕਰ ਸਕਦੀਆਂ ਹਨ।

ਸ੍ਰੀ ਹੈਗੜੇ ਸੈਕਟਰ 9 ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਕੇਂਦਰ ਵਿਚ ਵਿਰੋਧੀ ਪਾਰਟੀਆਂ ਇਕ ਕੁਲੀਸ਼ਨ ਸਰਕਾਰ ਬਣਾਕੇ ਕਾਂਗਰਸ (ਆਈ) ਦਾ ਬਦਲ ਸਾਬਤ ਹੋ ਸਕਦੀਆਂ ਹਨ ਉਂਜ,ਇਸ ਸਮੇਂ ਕੋਈ ਇਕ ਪਾਰਟੀ ਇਸ ਸਥਿਤੀ ਵਿਚ ਨਹੀਂ ਜਿਹੜੀ ਕਿ ਕੇਂਦਰ ਵਿਚ ਸਰਕਾਰ ਕਾਇਮ ਕਰ ਸਕੇ। ਉਨ੍ਹਾਂ ਕਿਹਾ ਕਿ ਘੱਟੋ ਘੱਟ 10 ਰਾਜਾਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ।

ਉਨ੍ਹਾਂ ਨੇ ਕਿਹਾ ਕਿ ਜੇਕਰ 1978 ਵਿਚ ਕੇਂਦਰ ਵਿਚ ਵਿਰੋਧੀ ਪਾਰਟੀਆਂ ਦੀ ਕੁਲੀਸ਼ਨ ਸਰਕਾਰ ਸਫਲ ਨਹੀਂ ਹੋ ਸਕੀ ਤਾਂ ਇਸਦਾ ਇਹ ਮਤਲਬ ਨਹੀਂ ਕਿ ਦੁਬਾਰਾ ਕੁਲੀਸ਼ਨ ਸਰਕਾਰ ਦੀ ਕੋਸ਼ਿਸ਼ ਹੀ ਨਹੀਂ ਹੋਣੀ ਚਾਹੀਦੀ।

ਸ੍ਰੀ ਹੈਗੜੇ ਨੇ ਕਿਹਾ ਕਿ ਕੇਰਲਾ ਤੇ ਪੱਛਮੀ ਬੰਗਾਲ ਵਿਚ ਕਾਂਗਰਸ (ਆਈ) ਦੀ ਹਾਰ ਨੇ ਦੇਸ਼ ਦੇ ਰਾਜਨੀਤਕ ਇਤਿਹਾਸ ਵਿਚ ਇਕ ਨਵਾਂ ਮੋੜ ਲਿਆਂਦਾ ਹੈ। ਲੋਕੀ ਸਿਆਸੀ ਤੌਰ 'ਤੇ ਇੰਨੇ ਜਾਗਰੂਕ ਨਿਕਲੇ ਕਿ ਚੋਣਾਂ ਸਮੇਂ ਕੇਰਲਾ ਵਿਚ ਕੋਈ ਆਜ਼ਾਦ ਉਮੀਦਵਾਰ ਵੀ ਸਫਲ ਨਹੀਂ ਹੋ ਸਕਿਆ।

ਉਨ੍ਹਾਂ ਨੇ ਕਿਹਾ ਕਿ ਜੇਕਰ ਫਾਰੂਕ ਅਬਦੁੱਲਾ ਕਾਂਗਰਸ ਨਾਲ ਚੋਣਾਂ ਵਿਚ ਗੱਠਜੋੜ ਨਾ ਕਰਦੇ ਤਾਂ ਇਕ ਹੋਰ ਰਾਜ ਜੰਮੂ-ਕਸ਼ਮੀਰ ਵਿਚ ਗੈਰ—ਕਾਂਗਰਸੀ ਸਰਕਾਰ ਕਾਇਮ ਹੋ ਜਾਣੀ ਸੀ।

ਕਰਨਾਟਕ ਦੇ ਮੁੱਖ ਮੰਤਰੀ ਨੇ ਇਹ ਦਾਅਵਾ ਕੀਤਾ ਕਿ ਦੱਖਣੀ ਤੇ ਪੂਰਬੀ ਰਾਜਾਂ ਵਿਚ ਕਾਂਗਰਸ ਦੇ ਹਾਰ ਜਾਣ ਨਾਲ ਕਾਂਗਰਸ ਹੁਦ ਹਿੰਦੀ ਬੋਲਦੇ ਰਾਜਾਂ ਦੀ ਪਾਰਟੀ ਬਣਕੇ ਰਹਿ ਗਈ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਜੇਕਰ ਵਿਰੋਧੀ ਪਾਰਟੀਆਂ ਸਾਂਝਾ ਮੁਹਾਜ਼ ਬਣਾ ਲੈਣ ਤਾਂ ਉਹ ਹਰਿਆਣਾ ਵਿਚ ਵੀ ਕਾਂਗਰਸ ਨੂੰ ਕਰਾਰੀ ਹਾਰ ਦੇ ਸਕਦੀਆਂ ਹਨ।

ਸ੍ਰੀ ਹੈਗੜੇ ਨੇ ਦਸਿਆ ਕਿ ਪੱਛਮੀ ਬੰਗਾਲ ਤੇ ਕੇਰਲਾ ਵਿਚ ਕਾਂਗਰਸ ਦੀ ਹਾਰ ਨੇ ਇਹ ਸਿੱਧ ਕਰ ਦਿਤਾ ਹੈ ਕਿ ਪ੍ਰਧਾਨ ਮੰਤਰੀ ਵਲੋਂ ਵੋਟਾਂ ਲੈਣ ਲਈ ਚੋਣਾਂ ਸਮੇਂ ਮਾਲੀ ਗਰਾਂਟਾਂ ਦੇਣਾ ਅਤੇ ਨਵੇਂ ਨਵੇਂ ਪ੍ਰਾਜੈਕਟਾਂ ਦਾ ਐਲਾਨ ਕਰਨਾ ਲੋਕਾਂ ਨੂੰ ਗੁਮਰਾਹ ਨਹੀਂ ਕਰ ਸਕਿਆ।

ਉਨ੍ਹਾਂ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਲਈ ਇਹ ਸੁਨਿਹਰੀ ਮੌਕਾ ਹੈ ਕਿ ਉਹ ਆਪਣੇ ਮੱਤਭੇਦ ਖਤਮ ਕਰਕੇ ਇਕ ਫਰੰਟ ਕਾਇਮ ਕਰਨ।

ਜਦੋਂ ਪੱਤਰਕਾਰਾਂ ਨੇ ਸ੍ਰੀ ਹੈਗੜੇ ਨੂੰ ਪੰਜਾਬ ਵਿਚ ਸਰਬ-ਪਾਰਟੀ ਮੀਟਿੰਗਾਂ ਤੇ ਰੈਲੀਆਂ ਵਿਚ ਜਨਤਾ ਪਾਰਟੀ ਦੀ ਗੈਰ-ਸ਼ਮੂਲੀਅਤ ਬਾਰੇ ਪੁਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਮਸਲੇ ਬਾਰੇ ਜਨਤਾ ਪਾਰਟੀ ਨੇ ਅਜੇ ਤੱਕ ਕੋਈ ਸਰਬ ਸਾਂਝਾ ਦ੍ਰਿਸ਼ਟੀਕੋਣ ਨਹੀਂ ਅਪਣਾਇਆ। ਪ੍ਰੰਤੂ ਉਨ੍ਹਾਂ ਨੇ ਇਹ ਸਪਸ਼ਟ ਕੀਤਾ ਕਿ ਪੰਜਾਬ ਵਿਚ ਅਮਨ ਤੇ ਸਦਭਾਵਨਾ ਕਾਇਮ ਕਰਨ ਲਈ ਹਰ ਕੋਸ਼ਿਸ਼ ਦਾ ਪੂਰੇ ਦੇਸ਼ ਵਲੋਂ ਸੁਆਗਤ ਕੀਤਾ ਜਾਵੇਗਾ।

ਸ੍ਰੀ ਹੈਗੜੇ ਨੇ ਕਿਹਾ ਕਿ ਪੰਜਾਬ ਦਾ ਮਸਲਾ ਕੇਵਲ ਪਦਯਾਤਰਾਵਾਂ ਦੇ ਸਦਭਾਵਨਾ ਯਾਤਰਾਵਾਂ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਕਿਹਾ ਕਿ ਸਰਕਾਰ ਪਹਿਲਾਂ ਇਸ ਗੱਲ ਦਾ ਅਧਿਐਨ ਕਰੇ ਕਿ ਪੰਜਾਬ ਵਿਚ ਅਤਿਵਾਦ ਤੇ ਦਸ਼ਿਸ਼ਤਵਾਦ ਕਿੰਨ੍ਹਾਂ ਕਾਰਨਾਂ ਕਰਕੇ ਫੈਲਿਆ।

ਸਰਕਾਰ ਨੂੰ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਪਹਿਲਾਂ ਦਹਿਸ਼ਤਪਸੰਦਾਂ ਤੇ ਅਤਿਵਾਦੀਆਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਚਾਹੀਦਾ ਹੈ।

ਕਰਨਾਟਕ ਦੇ ਮੁੱਖ ਮੰਤਰੀ ਨੇ ਜਲੰਧਰ ਰਵਾਨਾ ਹੋਣ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਹਰਿਆਣਾ ਦੀ ਵਿਰੋਧੀ ਧਿਰ ਦੇ ਨੇਤਾ ਚੌਧਰੀ ਦੇਵੀ ਲਾਲ ਨਾਲ ਵਿਚਾਰ ਵਟਾਂਦਰਾ ਕੀਤਾ।

# ਸਿਆਸੀ ਘਰੂਟ

## ਘਰੂਟਾਂ ਵਾਲੇ ਦੀ ਕਲਮ ਤੋਂ

- ਲੁੱਟਾਂ ਜਾਰੀ......

— ਲੁਟੇਰਿਆਂ ਦੀ ਅੱਜ ਕੱਲ੍ਹ ਚਾਂਦੀ ਹੀ ਚਾਂਦੀ ਹੈ।

- ਜਾਖੜ ਨੂੰ ਹਟਾਇਆ ਜਾ ਰਿਹਾ ਹੈ......

— ਫੇਰ 'ਕਰੋੜਪਤੀ'ਤੋਂ ਲਏ 'ਦਾਨ' ਦਾ ਕੀ ਬਣੇਗਾ?

- ਗਰੰਥੀ ਕਤਲ

— ਪੂਜਾ ਦੇ ਧਾਨ ਵਿਚੋਂ ਹਿਸਾ ਦੇਣ ਤੋਂ ਇਨਕਾਰ ਕਰਦੇ ਹੋਣਗੇ!

- ਗਿਆਨੀ—ਰਾਜੀਵ ਸਮਝੌਤਾ

— ਕਿ ਖਾਲਿਸਤਾਨੀਆਂ ਤੇ ਕਾਂਗਰਸੀਆਂ ਨੂੰ ਇਕੱਠੇ ਕਿਵੇਂ ਰੱਖਣਾ ਹੈ!

- ਹਰਮੰਦਰ ਸਿੰਘ ਸੰਧੂ ਪੀ.ਐਚ.ਡੀ. ਕਰਨਗੇ

— ਲੜਾਈ ਸਮੇਂ 'ਚਿੱਟਾ ਝੰਡਾ'ਦਿਖਾਕੇ ਏਸੇ ਲਈ ਨਿਕਲੇ ਸਨ?

- 14 ਕਰੋੜ ਦਾ ਬੱਜਟ ਪਾਸ

— ਜੋ ਸ਼ਰਾਬੀ ਪ੍ਰਚਾਰਕਾਂ ਲਈ ਕਾਫੀ ਹੈ!

- ਜੁਝਾਰੂਆਂ ਨੂੰ ਹੱਲਾਸ਼ੇਰੀ

— ਤਾਂ ਹੀ ਉਨ੍ਹਾਂ ਨੂੰ ਫਸਾਕੇ ਆਪ ਟਪੂਸੀਆਂ ਮਾਰ ਰਿਹਾ ਹੈਂ!

- ਦਿੱਲੀ ਦੀ ਬੋਲੀ.......

— ਜੋ ਤੂੰ ਅੱਜਕੱਲ੍ਹ ਨੌਜਵਾਨਾਂ ਬਾਰੇ ਬੋਲ ਰਿਹਾ ਹੈਂ?

- ਮੀਲ—ਪੱਥਰ......

— ਝੂਠ ਬੋਲਣ ਵਿਚ ਵੀ ਆਪਾਂ ਹੀ ਗੱਡਿਆ ਹੈ!

- ਵਿਧਾਨ........

— ਜੋ ਗਿਆਨੀ ਜੀ ਨੇ ਲਿਖ ਕੇ ਭੇਜਿਆ ਹੈ!

- ਇਕ ਵਿਸ਼ੇਸ਼ ਸੂਚਨਾ.......

— ਕਿ ਕੇਂਦਰ ਦੀ ਕਾਂਗਰਸੀ ਸਰਕਾਰ ਵਲੋਂ ਖਾਲਿਸਤਾਨੀ ਭੇਸ ਵਿਚ ਖਦੇ ਲਗਾਤਾਰ ਅਸੀਂ ਮੰਗਵਾ ਰਹੇ ਹਾਂ।

- ਆਧੁਨਿਕ ਭਾਵ—ਬੋਧ

— ਬਾਈ ਸਿਆਂ ਏਹ ਅੱਖਰ ਜਹੇ ਪੰਜਾਬੀ ਦੇ ਹੀ ਹਨ?

# ਹਿਸਾਰ ਜ਼ਿਲੇ 'ਚ ਦੋ ਗੋਲੀ ਕਾਂਡ:1 ਮੌਤ,1 ਫੱਟੜ

ਚੰਡੀਗੜ੍ਹ:—ਹਰਿਆਣਾ ਦੇ ਹਿਸਾਰ ਜ਼ਿਲੇ ਵਿਚ ਦੋ ਵੱਖ ਵੱਖ ਗੋਲੀ ਕਾਂਡਾਂ ਵਿਚ ਇਕ ਵਿਅਕਤੀ ਮਾਰਿਆ ਗਿਆ ਅਤੇ ਸਹਿਕਾਰੀ ਸਟੋਰ ਦੇ ਚੌਕੀਦਾਰ ਨੂੰ ਸਖਤ ਫੱਟੜ ਕਰ ਦਿਤਾ ਗਿਆ।

ਇਥੇ ਪ੍ਰਾਪਤ ਰਿਪੋਰਟਾਂ ਅਨੁਸਾਰ ਇੰਦਰ ਸਿੰਘ ਨਾਮੀ ਇਕ ਵਿਅਕਤੀ ਨੂੰ ਉਸਦੇ ਆਪਣੇ ਹੀ ਭਤੀਜੇ ਕਰਤਾਰ ਸਿੰਘ ਨੇ ਗੋਲੀ ਮਾਰਕੇ ਹਲਾਕ ਕਰ ਦਿੱਤਾ। ਇਹ ਘਟਨਾ ਬਰਵਾਲਾ ਥਾਣੇ ਦੇ ਪਿੰਡ ਸਿਰਸੋੜ ਵਿਚ ਹੋਈ। ਹਮਲਾਵਰ ਬਾਰੇ ਕਿਹਾ ਗਿਆ ਹੈ ਕਿ ਉਹ ਉਸੇ ਪਿੰਡ ਦੇ ਸਹਿਕਾਰੀ ਬੈਂਕ ਦਾ ਮੈਨੇਜਰ ਹੈ। ਕਾਤਲ ਤੇ ਮਕਤੂਲ ਪਿੰਡ ਦੇ ਹੀ ਇਕ ਜੱਟ ਪਰਿਵਾਰ ਨਾਲ ਸਬੰਧ ਰੱਖਦੇ ਹਨ।

ਹਿਸਾਰ ਸ਼ਹਿਰ ਦੇ ਵਿਦਿਉਤ ਨਗਰ ਮੁਹੱਲੇ ਵਿਚ ਕੱਲ੍ਹ ਰਾਤੀਂ ਤਿੰਨ ਹਥਿਆਰਬੰਦ ਵਿਅਕਤੀਆਂ ਨੇ ਸਹਿਕਾਰੀ ਸਟੋਰ ਦੇ ਚੌਂਕੀਦਾਰ ਰਘਬੀਰ ਨੂੰ ਗੋਲੀ ਮਾਰਕੇ ਸਖਤ ਫੱਟੜ ਕਰ ਦਿੱਤਾ ਅਤੇ ਸਟੋਰ ਵਿਚੋਂ 3,714 ਰੁਪਏ ਲੁੱਟ ਕੇ ਲੈ ਗਏ।


**Thinking of Buying or Selling**

New Houses, Lots, Building Contracts

**Specializing :**

**Resale New Housing Lot Sales and Farms**

Don't delay call now :

**Hardeep S. Bhangav**

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਾਵ ਨੂੰ ਫੋਨ ਕਰੋ

**Ph. Off: 594-4141**

**Pager 438-2333 #1596**

BENCH MARK REALTY CORPORATION

**Bench Mark Realty Corp.**

7218 King George Hwy. Surrey, B.C. V3W 5A5




ਹਰਦੀਪ ਸਿੰਘ ਭੰਗਵ


# A.M.C. Carpet Ltd.

12983-80th. Ave., Surrey, B.C

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**

**Off. 594-6141**

**Res. 594-7595**

**Pager 680-0214**




AMARJIT SINGH CHAHAL

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................
Address...................................
City.........................................
Province..................................
Postal code..............................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA............................ | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa ......................... | 100 dollars [a year] |

# ਹੁਣ ਝਟਕਈਆਂ ਦੇ ਧੰਦੇ ਨੂੰ ਝਟਕਾ

ਅੰਮ੍ਰਿਤਸਰ:—ਕੱਚਾ ਝਟਕਾ(ਮੀਟ) ਵੇਚਣ ਵਾਲਿਆਂ ਵਲੋਂ ਆਪਣੀਆਂ ਦੁਕਾਨਾਂ ਅਣਮਿਥੇ ਸਮੇਂ ਲਈ ਬੰਦ ਕਰ ਦੇਣ ਦੇ ਫੈਸਲੇ ਬਾਅਦ ਅੱਜ ਸ਼ਹਿਰ ਵਿਚ ਕਿਤੋਂ ਵੀ ਮੀਟ ਨਹੀਂ ਸੀ ਮਿਲ ਰਿਹਾ।

ਸ਼ਹਿਰ ਵਿਚ ਕੱਚੇ ਝਟਕੇ ਦੀਆਂ ਲੱਗਭੱਗ 150 ਲਾਇਸੈਂਸਸ਼ੁਦਾ ਦੁਕਾਨਾਂ ਹਨ। ਇਹ ਦੁਕਾਨਦਾਰ ਮਿਉਂਸਪਲ ਕਾਰਪੋਰੇਸ਼ਨ ਦੇ ਬੁੱਚੜਖਾਨੇ ਤੋਂ ਮੀਟ ਪ੍ਰਾਪਤ ਕਰਦੇ ਹਨ। ਅੱਜ ਇਹ ਬੁੱਚੜਖਾਨਾ ਵੀ ਬੰਦ ਰਿਹਾ।

ਖਾਲਿਸਤਾਨ ਕਮਾਂਡੋ ਫੋਰਸ ਸਮੇਤ ਕੁਝ ਖਾੜਕੂ ਸਿਖ ਜਥੇਬੰਦੀਆਂ ਵਲੋਂ ਮੀਟ ਵੇਚਣ ਵਾਲਿਆਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਕਾਰਨ ਮੀਟ ਦੀਆਂ ਦੁਕਾਨਾਂ ਬੰਦ ਹੋਈਆਂ ਹਨ।

ਇਹ ਧਮਕੀਆਂ ਹਿਨ੍ਹਾਂ ਖਾੜਕੂ ਜਥੇਬੰਦੀਆਂ ਵਲੋਂ ਛਾਪੇ ਇਕ ਇਸ਼ਤਿਹਾਰ ਰਾਹੀਂ ਦਿੱਤੀਆਂ ਗਈਆਂ ਹਨ। ਕਈ ਵਾਰ ਬੇਪਛਾਣ ਬੰਦੇ ਵੀ ਦੁਕਾਨਾਂ ਉਤੇ ਆਕੇ ਧਮਕੀਆਂ ਦੇਕੇ ਜਾਂਦੇ ਹਨ।

ਕੱਚਾ ਮੀਟ ਵੇਚਣ ਵਾਲਿਆਂ ਦੀ ਐਸੋਸੀਏਸਨ ਦੇ ਪ੍ਰਧਾਨ ਸ੍ਰੀ ਮਹਿਦਰ ਸਿੰਘ ਤੇ ਸਕੱਤਰ ਸ੍ਰੀ ਅਮਰਜੀਤ ਸਿੰਘ ਵਲੋਂ ਮਿਉਂਸਪਲ ਕਮਿਸ਼ਨਰ ਸ੍ਰੀ ਜੇ.ਐਸ.ਕੇਸਰ ਨੂੰ ਦਿੱਤੇ ਇਕ ਯਾਦਪੱਤਰ ਵਿਚ ਕਿਹਾ ਗਿਆ ਹੈ ਕਿ ਜਿੰਨੀ ਦੇਰ ਜ਼ਿਲਾ ਪ੍ਰਸ਼ਾਸ਼ਨ ਉਨ੍ਹਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਢੁਕਵੇਂ ਪ੍ਰਬੰਧ ਨਹੀਂ ਕਰਦਾ,ਉਹ ਦੁਕਾਨਾਂ ਖੋਲ੍ਹਣ ਦਾ ਖਤਰਾ ਮੁੱਲ ਨਹੀਂ ਲੈ ਸਕਦੇ। ਯਾਦਪੱਤਰ ਉਤੇ ਘੱਟੋ ਘੱਟ 54 ਮੀਟ ਵਿਕਰੇਤਾਵਾਂ ਦੇ ਦਸਤਖਤ ਜਾਂ ਅੰਗੂਠੇ ਲੱਗੇ ਹੋਏ ਹਨ।

ਬੁੱਚੜਖਾਨੇ ਦੇ ਮੈਡੀਕਲ ਸੁਪਰਡੈਂਟ ਡਾ.ਕੰਵਲਜੀਤ ਸਿੰਘ ਭੁੱਲਾ ਨੇ ਕਮਿਸਨਰ ਨੂੰ ਭੇਜੀ ਵੱਖਰੀ ਰਿਪੋਰਟ ਵਿਚ ਕਿਹਾ ਹੈ ਕਿ 'ਧਮਕੀਆਂ ਕਾਰਨ ਬੱਚੜਖਾਨਾ ਵੀ ਬੰਦ ਰਿਹਾ।

ਖਾੜਕੂ ਜਥੇਬੰਦੀਆਂ ਨੇ ਸਭ ਤੋਂ ਪਹਿਲਾਂ ਸ਼ਰਾਬ ਦੇ ਠੇਕਿਆਂ ਨੂੰ ਨਿਸ਼ਾਨਾ ਬਣਾਇਆ ਸੀ ਤੇ ਹੁਣ ਮੀਟ ਵੇਚਣ ਵਾਲਿਆਂ ਦੀ ਵਾਰੀ ਹੈ। ਸਿਗਰਟਾਂ,ਬੀੜੀਆਂ ਤੇ ਤੰਬਾਕੂ ਵੇਚਣ ਵਾਲੇ ਵੀ ਧੰਦੇ ਤੋਂ ਕੰਨ੍ਹੀ ਕਤਰਾ ਰਹੇ ਹਨ।

ਖਾੜਕੂ ਜਥੇਬੰਦੀਆਂ ਵਲੋਂ ਛਾਪੇ ਪੋਸਟਰ ਵਿਚ ਚਿਤਾਵਨੀ ਦਿਤੀ ਗਈ ਹੈ ਕਿ ਨਸ਼ਿਆਂ ਦਾ ਸੇਵਨ ਕਰਨ ਤੇ ਸ਼ਰਾਬ ਪੀਣ ਵਾਲੇ ਅੰਮ੍ਰਿਤਧਾਰੀ ਸਿੱਖਾਂ,ਅਫੀਮ,ਮੀਟ,ਸ਼ਰਾਬ,ਸਿਗਰਟਾਂ,ਤੰਬਾਕੂ ਆਦਿ ਵੇਚਣ ਵਾਲਿਆਂ,ਪੁਲੀਸ ਦੇ ਮੁਖਬਰੀ,ਦਾੜ੍ਹੀ—ਕੇਸ ਮੁੰਨਣ ਵਾਲੇ ਸਿੱਖਾਂ,ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਰਿਸ਼ਵਤਾਂ ਲੈਣ ਵਾਲੇ ਪੁਲੀਸ,ਮਾਲੀਆ,ਬਿਜਲੀ ਮੁਲਾਜ਼ਮਾਂ,ਬੀ.ਡੀ.ਓ.ਤੇ ਤਹਿਸੀਲ ਦਫਤਰ ਦੇ ਸਟਾਫ,ਗੰਦੇ ਤੇ ਅਸ਼ਲੀਲ ਗੀਤ ਗਾਉਣ,ਵਜਾਉਣ,ਟੇਪਾਂ ਭਰਨ/ਵੇਚਣ ਤੇ ਅਸ਼ਲੀਲ ਸ਼ਾਹਿਤ ਵੇਚਣ,ਦਾਜ ਮੰਗਣ ਜਾਂ ਲੈਣ ਤੇ ਬਰਾਤ ਵਿਚ 11 ਤੋਂ ਵੱਧ ਵਿਅਕਤੀ ਲਿਜਾਣ ਜਾਂ ਸੱਦਣ ਵਾਲਿਆਂ ਨੂੰ "ਸੋਧਣ"ਦੀ ਚਿਤਾਵਨੀ ਦਿੱਤੀ ਗਈ ਹੈ। ਇਕ ਪੋਸਟਰ ਉਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਜਨਰਲ ਲਾਭ ਸਿੰਘ ਤੇ ਲੈਫਟੀਨੈਂਟ ਜਨਰਲ ਹਰਜਿੰਦਰ ਸਿੰਘ ਜਿੰਦਾ ਦੇ ਨਾਂ ਉਤੇ ਜਾਰੀ ਕੀਤਾ ਗਿਆ ਤੇ ਇਸ ਦਾ ਪ੍ਰਕਾਸ਼ਕ ਮਲਕੀਤ ਸਿੰਘ ਅਜਨਾਲਾ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਉਕਤ 13 ਕੈਟੇਗਰੀਆਂ ਦ ਵਿਅਕਤੀ ਜੇ ਸਿੱਧੇ ਰਾਹ ਉਤੇ ਨਾ ਪਏ ਤਾਂ ਉਨ੍ਹਾਂ ਨੂੰ ਕੋਈ ਮਾਫੀ ਨਹੀਂ ਹੋਵੇਗੀ ਤੇ ਇਸਦੀ ਸਜ਼ਾ"ਜਿਉਂਦਾ ਸਾੜਨਾ"ਹੋਵੇਗੀ।

ਸਕੂਲੀ ਵਿਦਿਆਰਥੀਆਂ ਨੂੰ ਕੇਸਰੀ ਪੱਗ ਜਾਂ ਦੁਪੱਟਾ,ਚਿੱਟੀਆਂ ਕਮੀਜ਼ਾਂ ਅਤੇ ਕਾਲੀਆਂ ਪੈਂਟਾਂ/ਸਲਵਾਰਾਂ ਵਰਦੀ ਵਜੋਂ ਪਹਿਨਣ ਲਈਕਿਹਾ ਗਿਆ ਹੈ। ਵਿਦਿਅਕ ਅਦਾਰਿਆਂ ਦੇ ਮੁਖੀਆਂ ਨੂੰ ਕਿਹਾ ਗਿਆ ਹੈ ਕਿ ਉਹ ਇਹ ਵਰਦੀ ਲਾਗੂ ਕਰਨ ਨਹੀਂ ਤਾਂ ਉਨ੍ਹਾਂ ਨਾਲ ਵੀ ਸਿੱਝਿਆ ਜਾਵੇਗਾ।

ਰੋਪੜ:—ਖਾੜਕੂ ਜਥੇਬੰਦੀਆਂ ਵਲੋਂ ਦਿੱਤੀ ਚੇਤਾਵਨੀ ਤੋਂ ਸਹਿਮ ਕੇ ਸਿਗਰਟ ਬੀੜੀ ਵਾਲਿਆਂ ਨੇ ਆਪਣੀਆਂ ਦੁਕਾਨਾਂ ਬੰਦ ਰੱਖੀਆਂ। ਸ਼ਹਿਰ ਵਿਚ ਲੱਗਭੱਗ ਸਾਰੀਆਂ ਹੀ ਅਜਿਹੀਆਂ ਦੁਕਾਨਾਂ ਬੰਦ ਸਨ। ਜੋ ਦੁਕਾਨਾਂ ਖੁੱਲ੍ਹੀਆਂ ਸਨ ਉਨ੍ਹਾਂ ਨੇ ਵੀ ਇਨ੍ਹਾਂ ਵਸਤੂਆਂ ਦੀ ਥਾਂ 'ਤੇ ਹੋਰ ਸਾਮਾਨ ਰੱਖਿਆ ਹੋਇਆ ਸੀ। ਇਕ ਡੀਲਰ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਉਹ ਆਪਣਾ ਸਟਾਕ ਸਸਤੇ ਭਾਅ 'ਤੇ ਚੰਡੀਗੜ੍ਹ ਵੇਚ ਆਇਆ ਹੈ। ਇਕ ਹੋਰ ਵਪਾਰੀ ਕੱਲ੍ਹ ਸਟਾਕ ਲੈ ਕੇ ਨਾਲਾਗੜ੍ਹ ਜਾਂਦਾ ਵੇਖਿਆ ਗਿਆ। ਪਿੰਡਾਂ ਵਿਚ ਤਾਂ ਪਿਛਲੇ ਕਈ ਦਿਨ ਤਾਂ ਸਿਗਰਟ ਤੰਬਾਕੂ ਦੀ ਵਿਕਰੀ ਵੀ ਬੰਦ ਸੀ।

ਸ਼ਰਾਬ ਦੇ ਨਵੇਂ ਠੇਕੇਦਾਰਾਂ ਨੇ ਵੀ ਕੰਮ ਸ਼ੁਰੂ ਨਹੀਂ ਕੀਤਾ। ਪਿਛਲੇ ਠੇਕੇਦਾਰਾਂ ਨੇ 31 ਮਾਰਚ ਨੂੰ ਆਪਣਾ ਕੰਮ ਖਤਮ ਕਰ ਦਿਤਾ ਸੀ ਅਤੇ ਨਵੇਂ ਠੇਕੇਦਾਰਾਂ ਨੇ ਕੰਮ ਸ਼ੁਰੂ ਕਰਨਾ ਸੀ। ਪਤਾ ਚਲਿਆ ਹੈ ਕਿ ਕਈ ਠੇਕੇਦਾਰਾਂ ਨੇ ਸ਼ਰਾਬ ਲਿਆਉਣ ਲਈ ਪਰਮਿਟ ਹੀ ਨਹੀਂ ਬਣਵਾਏ। ਕਈ ਠੇਕੇਦਾਰਾਂ ਦੇ ਕਰਿੰਦੇ ਕੰਮ ਤੋਂ ਜਵਾਬ ਦੇ ਗਏ ਹਨ। ਖਾੜਕੂਆਂ ਦੀ ਨਸ਼ਿਆਂ ਵਿਰੋਧੀ ਮੁਹਿਮ ਦਾ ਆਮ ਲੋਕਾਂ ਵਲੋਂ ਬਿਲਕੁਲ ਵਿਰੋਧ ਨਹੀਂ ਹੋਇਆ ਸਗੋਂ ਇਸਦੀ ਪ੍ਰਸ਼ੰਸਾ ਹੋਈ ਹੈ। ਇਹੀ ਕਾਰਨ ਹੈ ਕਿ ਕਈ ਪਿੰਡਾਂ ਵਿਚ ਲੋਕਾਂ ਨੇ ਠੇਕਿਆਂ ਲਈ ਥਾਂ ਦੇਣ ਤੋਂ ਨਾਂਹ ਕਰ ਦਿਤੀ ਹੈ। ਖਾੜਕੂਆਂ ਦੀ ਚਿਤਾਵਨੀ ਦਾ ਨਾਈਆਂ 'ਤੇ ਵੀ ਅਸਰ ਹੋਇਆ ਹੈ। ਰੋਪੜ ਦੀ ਹਜ਼ਾਮ ਯੂਨੀਅਨ ਨੇ ਫੈਸਲਾ ਕੀਤਾ ਹੈ ਕਿ ਉਹ ਕਿਸੇ ਕੇਸਾਧਾਰੀ ਦੀ ਨਾਂਹ ਤਾਂ ਦਾੜ੍ਹੀ ਕੱਟਣਗੇ ਅਤੇ ਨਾ ਹੀ ਵਾਲ।

ਸ਼ਰਾਬ ਦੇ ਠੇਕਿਆਂ ਸਬੰਧੀ ਜ਼ਿਲਾ ਆਬਕਾਰੀ ਅਧਿਕਾਰੀਆਂ ਨੇ ਸਾਰੀ ਸਥਿਤੀ ਸਬੰਧੀ ਰਿਪੋਰਟ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਹੈ।

# ਦੁੱਗਲ,ਹਰਚਰਨ ਸਿੰਘ ਤੇ ਤਖਤ ਸਿੰਘ ਨੂੰ ਭਾਸ਼ਾ ਵਿ.ਾਗ ਦੇ ਇਨਾਮ

ਪਟਿਆਲਾ:—ਭੁਪਿੰਦਰ ਸਿੰਘ ਦੀ ਪੁਸਤਕ 'ਕਰਫਿਊ ਆਰਡਰ'ਨੂੰ 2500 ਰੁਪਏ ਦਾ ਨਾਨਕ ਸਿੰਘ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਪੁਸਤਕ ਨੂੰ ਸਾਲ 85 ਦੀ ਉਤਮ ਗੱਦ ਪੁਸਤਕ ਚੁਣਿਆ ਗਿਆ ਹੈ।

ਪੰਜਾਬੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਰਾਜਿੰਦਰ ਸਿੰਘ ਨੇ ਇਹ ਦੱਸਦਿਆਂ ਦੂਜੇ ਅਵਾਰਡਾਂ ਦਾ ਵੀ ਐਲਾਨ ਕੀਤਾ ਜੋ ਪੰਜਾਬੀ,ਹਿੰਦੀ,ਉਰਦੂ ਤੇ ਸੰਸਕ੍ਰਿਤ ਦੇ ਸਾਹਿਤਕਾਰਾਂ ਨੂੰ ਦਿੱਤੇ ਗਏ ਹਨ। ਵੇਰਵਾ ਇਸ ਪ੍ਰਕਾਰ ਹੈ;

'ਨੂਰ ਦਾ ਪੁੱਲ'ਡਾ.ਬਲਬੀਰ ਸਿੰਘ ਦਿਲ,'ਕਾਮਾਗਾਟਾਮਾਰੂ'—ਡਾ,ਹਰਚਰਨ ਸਿੰਘ,'ਕਿਸ ਪਹਿ ਖੋਲੌ ਗਠੜੀ'—ਕਰਤਾਰ ਸਿੰਘ ਦੁੱਗਲ ਦੀਆਂ ਪੁਸਤਕਾਂ ਨੂੰ ਕ੍ਰਮਵਾਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ,ਈਸ਼ਵਰ ਚੰਦਰ ਨੰਦਾ ਪੁਰਸਕਾਰ ਅਤੇ ਭਾਈ ਵੀਰ ਸਿੰਘ ਪੁਰਸਕਾਰ ਦਿੱਤੇ ਗਏ ਹਨ। ਹਰ ਇਨਾਮ 2500 ਰੁਪਏ ਦਾ ਹੈ। ਇਸੇ ਦੌਰਾਨ ਸਾਲ ਦੀ ਸਭ ਤੋਂ ਉਤਮ ਉਰਦੂ ਕਿਤਾਬ ਲਈ ਸਾਹਿਰ ਲੁਧਿਆਣਵੀ ਇਨਾਮ ਪ੍ਰਸਿੱਧ ਗਜ਼ਲਗੋ ਸ.ਤਖਤ ਸਿੰਘ ਨੂੰ ਉਨ੍ਹਾਂ ਦੀ ਪੁਸਤਕ 'ਵਜਦ-ਓ-ਹੈਰਾਤ'ਲਈ ਦਿੱਤਾ ਗਿਆ ਹੈ। ਕੰਨ੍ਹਈਆ ਲਾਲ ਕਪੂਰ ਇਨਾਮ ਸ੍ਰੀ ਰਾਮ ਸਰਨ ਅਸਰ ਨੂੰ ਉਨ੍ਹਾਂ ਦੀ ਕਿਤਾਬ 'ਨਕਸ਼-ਇ-ਹੋਯਾਤ'ਲਈ ਦਿੱਤਾ ਗਿਆ ਹੈ।

ਨਾਵਲ ਅਤੇ ਕਹਾਣੀਆਂ ਦੀ ਸ਼੍ਰੇਣੀ ਵਿਚ ਮੋਹਨ ਲਾਲ ਦੀ ਪੁਸਤਕ "ਮੈਂ ਬੂੰਦ ਬੂੰਦ ਜ਼ਹਿਰ ਪੀਤਾ ਹੂੰ"ਇਨਾਮ ਲਈ ਚੁਣੀ ਗਈ ਹੈ ਜਦੋਂਕਿ ਆਲੋਚਨਾ ਖੇਤਰ ਵਿਚ ਇਨਾਮ ਸ੍ਰੀ ਜੇ.ਕੇ.ਮਾਨਕਤਲਾ ਦੀ ਪੁਸਤਕ 'ਪ੍ਰੇਮ ਚੰਦ ਔਰ ਤਸਨੀਫ'ਨੂੰ ਦਿੱਤਾ ਗਿਆ ਹੈ।

ਡਾ.ਹੁਕਮ ਚੰਦ ਰਾਜਪਾਲ ਦੀ ਕਿਤਾਬ 'ਪੰਜਾਬੀ ਨਾਟਿ-ਕਾਵਿ'ਸਰੂਪ ਤੇ ਵਿਕਾਸ'ਅਤੇ ਡਾ.ਗੁਰਚਰਨ ਸਿੰਘ ਦੀ ਪੁਸਤਕ"ਪ੍ਰੀਤਲੜੀ ਜੀਵਨ ਤੇ ਰਚਨਾ"ਨੂੰ ਸਾਂਝੇ ਤੌਰ 'ਤੇ 2500 ਰੁਪਏ ਦਾ ਗੁਰਬਖਸ਼ ਸਿੰਘ ਪ੍ਰੀਤਲੜੀ ਇਨਾਮ ਦਿੱਤਾ ਗਿਆ ਹੈ।

Sidhu Sweet & Snack Shop

9371- 120 St. Delta, B.C.

Ph. 588-5512

ਮਜ਼ੇਦਾਰ ਜਲੇਬੀਆਂ ਦਾ ਖਾਸ ਰੇਟ

ਸ਼ਹਿਰ ਵਿਚ ਸਭ ਤੋਂ ਵਧੀਆ ਮਠਿਆਈ ਦਾ ਭੰਡਾਰ

9371 — 120th ਸਟਰੀਟ, ਡੈਲਟਾ, ਬੀ. ਸੀ. Ph. 588-5512

'ਕੈਨੇਡਾ ਦਰਪਣ'ਦਾ

ਵਿਸ਼ੇਸ਼ ਸੰਸਾਰ ਅਮਨ ਅੰਕ

ਵਿਸਾਖੀ ਦੇ ਮੌਕੇ ਉਤੇ ਪ੍ਰਕਾਸ਼ਤ ਹੋਵੇਗਾ

ਵਪਾਰੀ ਸੱਜਣਾਂ ਨੂੰ ਬੇਨਤੀ ਹੈ ਕਿ ਇਸ ਵਿਸ਼ੇਸ਼ ਅੰਕ ਲਈ ਆਪ... ਹੁਣੇ ਹੀ ਰੀਜ਼ਰਵ ਕਰਵਾ ਲੈਣ।

ਹੋਰ ਜਾਣਕਾਰੀ ਲਈ ਫੋਨ ਕਰੋ

581-4473

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S

PLUMBING & ELECTRICAL SUPPLY



4774 Main Street, (At 32nd.)

Vancouver, B.C.

PH: 872-3118 (Supply)

872-7227 (Service)

"Free customer parking at rear" OPEN SUNDAYS

Non-smokers pay less for insurance.



Mohindar Singh Gill

MOHINDAR SINGH GILL

B. Comm., M.B.A., C.G.A.

Life Underwriter

Suite 1206,

4330 Kingsway,

Burnaby, B.C.

Ph. Off. 430-0455

Ph. Res. 433-1684

SunLife OF CANADA

Get your life in shape.

# 'ਕੈਨੇਡਾ ਦਰਪਣ' ਫੋਨ (604) 581-4473


TOGETHER WE ARE STRONGER

NORTH AMERICAN LIFE



Rupinder S. Azad

Looking for

## The Right Kind of Life Insurance?

**YES!**

**Choice is Yours :**

Traditional VS Universal [Smokers & Non Smokers]

For Details & Free Consulation

ਹੁਣ ਜ਼ਿੰਦਗੀ ਭਰ ਲਈ ਇਨਸ਼ੋਰੈਂਸ ਪਾਲਸੀ ਲਉ। ਕੇਵਲ ਤਿੰਨ, ਚਾਰ ਜਾਂ ਪੰਜ ਸਾਲ ਹੀ ਕਿਸ਼ਤਾਂ ਦੇਣ ਦੀ ਲੋੜ ਹੈ ਜਾਂ ਕਿੰਨੇ ਵੀ ਸਾਲਾਂ ਵਿਚ ਆਪਣੀ ਮਰਜ਼ੀ ਮੁਤਾਬਕ ਦੇ ਸਕਦੇ ਹੋ

**Toll Free Line (in B.C.)**
**1—800—242—8044**

ਹੋਰ ਜਾਣਕਾਰੀ ਲਈ ਫੋਨ ਕਰੋ :

**Contact:**

**Rupinder S. Azad**

**AZAD INSURANCE AGENCIES**

#1 - 2619 - Cedar Park Pl. Clearbrook, B.C.

**Ph. (604) 853-0134**



## ਸਰੀ ਅਤੇ ਡੈਲਟਾ ਨਿਵਾਸੀਆਂ ਲਈ ਖੁਸ਼ਖਬਰੀ

ਆਪ ਸਾਰਿਆਂ ਦੀ ਸਹੂਲੀਅਤ ਵਾਸਤੇ ਅਸੀਂ ਆਪਣੀ ਨਵੀਂ ਬਰਾਂਚ ਪੰਜਾਬੀ ਮਾਰਕੀਟ ਵਿਚ Scott road and 93 Ave ਤੇ ਖੋਲ੍ਹ ਦਿਤੀ ਹੈ।

ਜਦੋਂ ਕਿ ਇਨਕਮ ਟੈਕਸ ਸਬੰਧੀ ਕਾਨੂੰਨ ਅਤੇ ਨਿਯਮ ਕਾਫੀ ਗੁੰਝਲਦਾਰ ਹਨ,ਪਰ ਜੋ ਕੰਮ ਇਹ ਕਰਦੇ ਹਨ,ਉਹ ਇਸ ਸਬੰਧੀ ਹੁੰਦੀਆਂ ਤਬਦੀਲੀਆਂ ਤੋਂ ਵੀ ਵਾਕਫ ਹੁੰਦੇ ਹਨ। ਇਸ ਸਾਲ ਜੋ ਟੈਕਸ ਕਾਨੂੰਨ ਨਿਕਲੇ ਹਨ ਜਿਨ੍ਹਾਂ ਬਾਰੇ ਸਲਾਹ ਮਸ਼ਵਰਾ ਲਉ।

ਏਸ ਟੈਕਸ ਅਤੇ ਅਕਾਊਟਿੰਗ ਸਰਵਿਸ ਲਿਮਟਡ ACE TAX AND ACCOUNTING SERVICE LTD.ਦੇ ਸ਼ਮਸ਼ ਵੀਰ ਜੀ ਤੋਂ ਸਲਾਹ ਮਸ਼ਵਰਾ ਲਉ। ਜਿਨ੍ਹਾਂ ਨੇ ਹਜ਼ਾਰਾਂ ਹੀ ਫਾਰਮ ਭਰੇ ਹਨ ਅਤੇ 1972 ਤੋਂ ਇਹ ਕੰਮ ਕਰ ਰਹੇ ਹਨ। ਤੁਸੀਂ ਜੋ ਵੀ ਪੈਸੇ ਖਰਚੋਗੇ ਅੱਗੇ ਜਾ ਕੇ ਲਾਭਦਾਇਕ ਸਿਧ ਹੋਣਗੇ। ਟੈਕਸ ਫਾਰਮ ਭਰਿਆਂ ਵਿਚ ਜੇਕਰ ਬਾਅਦ ਵਿਚ ਕੋਈ ਵੀ ਗੁੰਝਲ (OBJECTION]ਆਵੇ ਤਾਂ ਅਸੀਂ ਹਮੇਸ਼ਾ ਆਪ ਦੀ ਮੁਫਤ ਸੇਵਾ ਲਈ ਸਦਾ ਹਾਜ਼ਰ ਹਾਂ।

ਤੁਸੀਂ ਭਾਵੇਂ ਇਕ ਕਰਮਚਾਰੀ,ਵਪਾਰੀ,ਕਿਸਾਨ ਜਾਂ ਖੇਤ ਮਜ਼ਦੂਰ,ਮਛੇਰੇ ਹੋ,ਅਸੀਂ ਯਕੀਨੀ ਤੌਰ ਤੇ ਇਹ ਦੇਖਾਂਗੇ ਕਿ ਤੁਹਾਡੀ ਆਮਦਨੀ ਟੈਕਸ ਸਬੰਧੀ ਫਾਰਮ ਠੀਕ ਤਰ੍ਹਾਂ ਭਰੇ ਗਏ ਹਨ ? ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਸੀਂ ਤੁਹਾਨੂੰ ਖਰਚ ਦਾ ਵੇਰਵਾ ਦਿਆਂਗੇ,ਸਾਡੇ ਭਾਅ RATE ਬਹੁਤ ਵਾਜਬ ਹਨ।

ਇਨਕਮ ਟੈਕਸ ਦੇ ਪੇਪਰ ਭਰਨ ਤੋਂ ਇਲਾਵਾ ਅਸੀਂ ਸਾਰਾ ਸਾਲ ਚਲਣ ਵਾਲੀਆਂ ਹੋਰ ਸੇਵਾਵਾਂ ਵੀ ਕਰਦੇ ਹਾਂ ਜੋ ਕਿ ਹੇਠ ਲਿਖੀਆਂ ਹਨ:—

COMPANY INFORMATION
BUSINESS SERVICES
BOOK KEEPING

ਹੋਰ ਵਪਾਰ ਲਈ ਆਮ ਸੇਵਾਵਾਂ
ਕੰਪਨੀ ਦੀ ਸਥਾਪਨਾ ਕਰਨੀ
ਹਿਸਾਬ ਕਿਤਾਬ ਰੱਖਣਾ

SEE MR.SHAMESH VIRJI
PHONE 583-2110

ਸਮਾਂ ਨੀਯਤ ਕਰਨਾ ਜ਼ਰੂਰੀ ਨਹੀਂ

## ACE TAX AND ACCOUNTING SERVICE LTD.

**9365-120 th.st.DELTA,B.C. PHONE 583-2110**





## ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ

ਜਦੋਂ ਵੀ ਕਾਰ, ਪਿਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼ੀਦਣ ਦਾ ਬਹੁਤ ਚੰਗਾ ਪ੍ਰਬਧ ਹੈ।

ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ

ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !

**SAVE**

## R & K AUTO SALES



**MORE**

444 Colusa Hwy. YUBA CITY — CAL. **Ph. (916) 674-8680**

# ਵੈਨਕੂਵਰ ਵਿਚ ਡਾ. ਰਜਨੀ ਕੋਠਾਰੀ (ਦਿੱਲੀ) ਦੇ ਹੋਣ ਵਾਲੇ ਭਾਸ਼ਨ

ਐਤਵਾਰ 12 ਅਪਰੈਲ ਇਪਾਨਾ ਵਲੋਂ Vancouver ਦੇ ਇਲਾਕੇ ਵਿਚ ਇਕ ਪਬਲਿਕ ਮੀਟਿੰਗ ਸੱਦੀ ਜਾ ਰਹੀ ਹੈ। ਜਿਸਦਾ ਮਕਸਦ ਇੰਡੀਆ ਵਿਚ ਫਿਰਕਾਪ੍ਰਸਤੀ ਦੀ ਸਮੱਸਿਆ ਅਤੇ ਖਾਸ ਕਰ ਹਿੰਦੂ ਸ਼ਾਵਨਵਾਦ ਜਿਹੜਾ ਕਿ ਧਾਰਮਿਕ ਘੱਟ ਗਿਣਤੀ ਅਤੇ ਘੱਟ ਬੋਲੀ ਦੇ ਲੋਕਾਂ ਲਈ ਇਕ ਖਤਰਾ ਹੀ ਨਹੀਂ ਪੈਦਾ ਕਰ ਰਿਹਾ ਬਲਕਿ ਇਸ ਨਾਲ ਦੇਸ਼ ਵਿਚ ਉਭਰਦੇ ਫਾਸ਼ੀਵਾਦ ਦੀ ਬੁਨਿਆਦ ਵੀ ਬਣ ਰਿਹਾ ਹੈ।

ਇਸਦਾ ਖਾਸ ਬੁਲਾਰਾ ਡਾਕਟਰ ਰਜਨੀ ਕੋਠਾਰੀ ਹੋਣਗੇ,ਜੋ ਕਿ ਮਸ਼ਹੂਰ ਵਿਦਵਾਨ ਅਤੇ ਲਿਖਾਰੀ ਹੋਣ ਦੇ ਨਾਲ ਨਾਲ ਸਿਵਲ ਲਿਵਰਟੀਜ਼ ਅਤੇ ਜਮਹੂ .ਜਮਹੂਰੀ ਹੱਕਾਂ ਦੇ ਖੇਤਰ ਵਿਚ ਇਕ ਉਘਾ ਰੋਲ ਅਦਾ ਕਰ ਰਹੇ ਹਨ। ਡਾਕਟਰ ਕੋਠਾਰੀ Centre of Developing Societies in Delhi ਦੇ ਡਾਇਰੈਕਟਰ ਹੋਣ ਦੇ ਨਾਲ ਨਾਲ ਲੋਕਾਇਨ ਨਾਂ ਦੀ ਜਥੇਬੰਦੀ ਦੇ ਪ੍ਰਧਾਨ ਵੀ ਹਨ। ਕੁਝ ਮਹੀਨੇ ਪਹਿਲਾਂ ਡਾਕਟਰ ਕੋਠਾਰੀ ਅਤੇ ਇੱਕ ਸੌ ਤੋਂ ਉਪਰ ਜਮਹੂਰੀ ਪਸੰਦ ਲੋਕਾਂ ਨੇ ਦੇਸ਼ ਨੂੰ ਇਕ ਸੱਦਾ ਦਿੱਤਾ। ਇਸ ਸੱਦੇ ਦਾ ਸੁਨੇਹਾ ਇਸ ਤਰ੍ਹਾਂ ਸੀ:

"ਭਾਰਤ ਵਿਚ ਹਾਲ ਹੀ ਦੀਆਂ ਰਾਜਨੀਤਕ ਘਟਨਾਵਾਂ ਦੀ ਪ੍ਰਮੁਖਤਾ ਹੈ:ਵੱਖ ਵੱਖ ਘੱਟ ਬੋਲੀ,ਧਾਰਮਿਕ ਘੱਟ ਗਿਣਤੀ,ਦਲਿਤ ਜਾਤੀਆਂ,ਆਦਿਵਾਸੀ ਜਾਤੀਆਂ ਅਤੇ ਪਿਛੜੇ ਵਰਗਾਂ ਦੇ ਲੋਕਾਂ ਉਪਰ ਲਗਾਤਾਰ ਦਮਨ।

"ਇਨ੍ਹਾਂ ਲੋਕਾਂ ਦੀ ਜ਼ਿਆਦਾਤਰ ਗਿਣਤੀ ਅਨਪੜ੍ਹ ਅਤੇ ਸ਼ਕਤੀਹੀਨ ਹੈ ਮੁਠੀਭਰ ਦਾਮਨਕਾਰੀਆਂ ਦੀ ਤਾਕਤ ਦੇ ਠੇਕੇਦਾਰ ਆਸਾਨੀ ਨਾਲ ਇਸ ਬਹੁਸੰਖਿਆ ਨੂੰ ਛੋਟੇ ਛੋਟੇ ਟੁਕੜਿਆਂ ਵਿਚ ਵੰਡ ਦਿੰਦੇ ਹਨ। ਇਨ੍ਹਾਂ ਹੀ ਨਹੀਂ ਜ਼ਰੂਰਤ ਪੈਂਦ ਤੇ ਜਾਤੀਵਾਦ,ਭਾਸ਼ਾ,ਫਿਕਰਕਾਪ੍ਰਸਤੀ,ਇਲਾਕਾਵਾਜ਼ੀ ਦੀ ਕੱਪਟ ਯੋਜਨਾ ਨੂੰ ਪ੍ਰਯੋਗ ਕਰਕੇ ਇਹ ਠੇਕੇਦਾਰ ਇਸ ਬਹੁਗਿਣਤੀ ਨੂੰ ਛੋਟੀ ਛੋਟੀ ਵੇਰੀ ਟੁਕੜੀਆਂ ਵਿਚ ਵੰਡ ਦਿੰਦੇ ਹਨ। ਅਲੱਗ ਅਲੱਗ ਟੁਕੜੀਆਂ ਵਿਚ ਵੰਡੀ ਅਤੇ ਦੱਬੀ ਹੋਈ ਭਾਰਤ ਦੀ ਬਹੁਸੰਖਿਆ ਦੇ ਉਪਰ ਰਾਜ ਕੀਤਾ ਜਾਂਦਾ ਹੈ। ਦੰਗੇ ਫੈਲਾਕੇ,ਉਤੇਜਨਾ ਭੜਕਾਕੇ ਅਤੇ ਕਤਲੇਆਮ ਕਰਕੇ। ਜੇ ਇਸ ਨਾਲ ਵੀ ਕੰਮ ਨਾ ਚੱਲੇ ਤਾਂ ਫਾਸ਼ੀਵਾਦ ਕਾਨੂੰਨ ਅਤੇ ਫਾਸ਼ੀਵਾਦ ਤਰੀਕਿਆਂ ਦਾ ਸਹਾਰਾ ਲਿਆ ਜਾਂਦਾ ਹੈ ਅਤੇ ਇਹ ਸੱਭ ਕਹਿਲਾਂਦਾ ਹੈ ਰਾਸ਼ਟਰੀ ਏਕਤਾ ਅਤੇ ਧਰਮ ਨਿਰਪੱਖਤਾ।

"ਨਤੀਜਾ ਸਾਰਿਆਂ ਦੇ ਸਾਹਮਣੇ ਹੈ। ਇਸ ਅਖੌਤੀ ਧਰਮ ਨਿਰਪੱਖਤਾ ਅਤੇ ਰਾਸ਼ਟਰੀ ਏਕਤਾ ਨੇ ਭਿੰਨ ਭਿੰਨ ਲੋਕਾਂ ਦੀ ਆਪਸੀ ਸਦਭਾਵਨਾ ਨੂੰ ਖਤਮ ਕਰ ਦਿੱਤਾ ਹੈ। ਅਲੱਗ ਅਲੱਗ ਬੋਲੀਆਂ ਅਤੇ ਇਲਾਕਿਆਂ ਦੇ ਲੋਕਾਂ ਵਿਚ ਤਨਾਅ ਅਤੇ ਦੁਸ਼ਮਣੀ ਪੈਦਾ ਕਰ ਦਿੱਤੀ ਹੈ। ਜਾਤੀ ਅਤੇ ਘੱਟ ਗਿਣਤੀਆਂ ਦੇ ਆਧਾਰ ਤੇ ਹਿੰਸਾ ਨੂੰ ਭੜਕਾਇਆ ਜਾਂਦਾ ਹੈ,ਇਥੋਂ ਤੱਕ ਕਿ ਇਹ ਰਾਸ਼ਟਰ ਦੀ ਹੋਂਦ ਅਤੇ ਤਰੱਕੀ ਨੂੰ ਖਤਰਾ ਹੋ ਗਿਆ ਹੈ।

"ਅੱਜ ਦੀ ਇਸ ਹਾਲਤ ਵਿਚ ਭਾਰਤ ਦੇਸ਼ ਦੇ ਸਾਰਿਆਂ ਤਬਕਿਆਂ ਦੇ ਦੇਸ਼ ਭਗਤ ਅਤੇ ਅਗਾਂਹਵਧੂ ਲੋਕ ਇਹ ਸਵਾਲ ਪੁਛ ਰਹੇ ਹਨ:ਭਾਰਤ ਕਿਧਰ ਨੂੰ ਜਾ ਰਿਹਾ ਹੈ? ਕੀ ਭਾਰਤ ਸਰਕਾਰੀ ਅਤੇ ਗੈਰ ਸਰਕਾਰੀ ਆਤੰਕਵਾਦ,ਜਾਤੀਵਾਦ ਦੇ ਚੱਕਰ ਵਿਚ ਫਸਕੇ ਗਾਇਬ ਹੋ ਜਾਵੇਗਾ? ਕੀ ਟੁਕੜੇ ਟੁਕੜੇ ਹੋਕੇ ਇਸਦੀ ਹੋਂਦ ਹੀ ਖੋ ਜਾਵੇਗੀ? ਕਰੂਰਤਾ ਨਾਲ ਭਰੀ ਹੋਈ ਜ਼ਾਲਮ ਕੇਂਦਰ ਸਰਕਾਰ ਹੀ ਇਸਦਾ ਇਕਮਾਤਰ ਭਵਿੱਸ਼ ਹੈ। ਕੀ ਸਮੁੱਚਾ ਰਾਸ਼ਟਰ ਭ੍ਰਿਸ਼ਟਾਚਾਰ,ਆਰਥਕ ਕਮੀ,ਵਿਤਕਰਤਾ,ਔਰਤਾਂ ਤੇ ਅਨਿਆਏ ਅਤੇ ਰਾਜ ਹਿੰਸਾ ਦੇ ਮਿਲੇਜੁੱਲੇ ਚਿੱਕੜ ਵਿਚ ਫਸ ਕੇ ਹਮੇਸ਼ਾ ਲਈ ਡੁੱਬ ਜਾਵੇਗਾ?

"ਜਾਂ ਕੀ ਭਾਰਤ ਇਕ ਨਵਾਂ ਰਸਤਾ ਖੋਜ ਕਰੇਗਾ? ਇਕ ਏਸਾ ਰਾਸਤਾ ਜਿਸ ਵਿਚ ਆਰਥਿਕ ਵਿਕਾਸ ਅਤੇ ਆਰਥਿਕ ਸਮਾਨਤਾ ਸਾਥ ਸਾਥ ਚੱਲੇ। ਇਕ ਏਸਾ ਰਾਸਤਾ ਜਿਸ ਵਿਚ ਰਾਸ਼ਟਰ ਏਕਤਾ ਦੇ ਨਾਲ ਨਾਲ ਸਵੈਸ਼ਾਸ਼ਨ (Autoromy)ਭੀ ਹੋਵੇ। ਸਵੈਸ਼ਾਸ਼ਨ ਇਸ ਤਰ੍ਹਾਂ ਦਾ ਜੋ ਵੱਖ ਵੱਖ ਜਾਤੀਆਂ,ਆਦਿਵਾਸੀਆਂ,ਧਾਰਮਿਕ (Identity)ਅਤੇ ਦੂਸਰੇ ਇਕਾਈਆਂ ਦੇ ਆਪਸੀ ਫਰਕ ਨੂੰ ਮਾਨਤਾ ਦਿੰਦਾ ਹੋਵੇ।

"ਅੱਜ ਹਰ ਇਕ ਭਾਰਤੀ ਲਈ ਸਿਰਫ ਦੋ ਹੀ ਰਾਸਤੇ ਹਨ,ਜਿਨ੍ਹਾਂ ਵਿਚੋਂ ਇਕ ਉਸਨੂੰ ਚੁਨਣਾ ਪਵੇਗਾ। ਇਸ ਵਿਚ ਕੋਈ ਸ਼ੱਕ ਦੀ ਗੁੰਜ਼ਾਇਸ਼ ਨਹੀਂ ਕਿ ਜਿਸ ਰਾਸਤੇ ਤੇ ਸਰਕਾਰ ਸਾਨੂੰ ਚਲਾ ਰਹੀ ਹੈ,ਉਸਦੇ ਅੰਤ ਵਿਚ ਰਾਸ਼ਟਰ ਦਾ ਖਾਤਮਾ ਹੀ ਹੋਵੇਗਾ। ਅੱਜ ਉਹ ਸਮਾਂ ਆ ਗਿਆ ਹੈ ਕਿ ਹਰ ਦੇਸ਼ ਪ੍ਰੇਮੀ ਭਾਰਤੀ ਚਾਹੇ ਉਹ ਕਿਸੇ ਜਾਤ,ਧਰਮ ਜਾਂ ਇਲਾਕੇ ਵਿਚ ਉਸਦਾ ਜਨਮ ਹੋਇਆ ਹੋਵੇ,ਅੱਜ ਸਮੇਂ ਦੀ ਪੁਕਾਰ ਸੁਣੇ। ਪੱਕੇ ਇਰਾਦੇ ਅਤੇ ਇਕੱਠੇ ਹੋਕੇ ਇਕ ਇਸ ਤਰ੍ਹਾਂ ਦਾ ਰਾਸਤਾ ਖੋਜੀਏ ਜਿਸ ਵਿਚ ਅਸਲੀ ਜਮਹੂਰੀ ਰਾਜ ਅਤੇ ਧਰਮ ਨਿਰਪੱਖਦਾ ਹੋਵੇ।"

ਇਹ ਸੀ ਸੱਦਾ ਜੋ ਡਾਕਟਰ ਰਜਨੀ ਕੋਠਾਰੀ ਅਤੇ ਹੋਰ ਬਹੁਤ ਸਾਰੇ ਜਮਹੂਰੀ ਪਸੰਦ ਲੋਕਾਂ ਨੇ ਦੇਸ਼ ਨੂੰ ਦਿੱਤਾ ਸੀ। ਦੇਸ਼ ਵਾਕਈ ਹੀ ਡੂੰਘੇ ਸੰਕਟ ਵਿਚ ਫਸਿਆ ਹੋਇਆ ਹੈ। ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਇ ਅਤੇ ਜਥੇਬੰਦਕ ਲੋਕ ਸੰਘਰਸ਼ਾਂ ਨੂੰ ਰੋਕਣ ਲਈ ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਪਾਰਟੀ ਗਾਂਧੀ ਪ੍ਰਵਾਰ ਦੀ ਕਾਂਗਰਸ ਲੋਕਾਂ ਵਿਚ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾ ਰਹੀ ਹੈ। ਕਾਫੀ ਹੱਦ ਤੱਕ ਇਨ੍ਹਾਂ ਨੇ ਪੰਜਾਬ ਦੀ ਸਮੱਸਿਆ ਨੂੰ "ਸਿੱਖਾਂ ਦੀ ਸਮੱਸਿਆ ਬਣਾ ਦਿੱਤਾ ਹੈ। ਕੌਮੀ ਏਕਤਾ ਦਾ ਫੋਕਾ ਢੰਡੋਰਾ ਪਿਟਕੇ ਤੇ ਇਸ ਮਸਲੇ ਨੂੰ ਮੁਲਕ ਭਰ ਵਿਚ ਹਊਆ ਬਣਾ ਕੇ,ਸਮੁੱਚੀ ਸਿੱਖ ਕਮਿਊਨਿਟੀ ਨੂੰ ਨਿਸ਼ਾਨਾ ਬਣਾ ਦਿੱਤਾ ਹੈ। ਜਿਸ ਕਾਰਨ ਦੇਸ਼ ਭਰ ਵਿਚ ਸਿੱਖਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ। ਬੁਰਾ ਭਲਾ ਕਿਹਾ ਜਾ ਰਿਹਾ ਹੈ ਤੇ ਡਰਾਇਆ ਧਮਕਾਇਆ ਜਾ ਰਿਹਾ ਹੈ। ਪਰ ਇਹ ਹੁਣ ਸਿੱਖਾਂ ਦਾ ਜਾਂ ਪੰਜਾਬ ਦਾ ਹੀ ਮਸਲਾ ਨਹੀਂ ਰਿਹਾ। ਇਸ ਨਾਲ ਰਾਸ਼ਟਰਵਾਦ ਦੇ ਨਾਉਂ ਹੇਠ ਹਿੰਦੂ ਸ਼ਾਵਨਵਾਦ ਦੀ ਅੱਗ ਭੜਕਾਉਣ ਦਾ ਮੁੱਢਲਾ ਮੰਤਵ ਪੂਰਾ ਕੀਤਾ ਜਾ ਚੁੱਕਾ ਹੈ। ਅੱਜ ਭਾਰਤ ਵਿਚ ਸਾਰੀਆਂ ਧਾਰਮਿਕ,ਖੇਤਰੀ ਅਤੇ ਭਾਸ਼ਾਈ ਘੱਟ ਗਿਣਤੀਆਂ ਉਪਰ ਹਮਲੇ ਹੋ ਰਹੇ ਹਨ। ਮੁਸਲਮਾਨ ਸਭ ਤੋਂ ਵੱਡੀ ਧਾਰਮਿਕ ਘੱਟ ਗਿਣਤੀ ਹੋਣ ਦੇ ਬਾਵਜੂਦ ਵੀ ਕਦੇ ਸੁਰੱਖਿਅਤ ਸਨ। ਅੱਜ ਇਨ੍ਹਾਂ ਦੀ ਭਾਰਤ ਵਿਚ ਹੋਂਦ ਖਤਰੇ ਵਿਚ ਹੈ। ਮਸਜਦਾਂ ਉਪਰ ਜਬਰੀ ਕਬਜ਼ੇ ਕੀਤੇ ਜਾ ਰਹੇ ਹਨ ਅਤੇ ਬੇਅਦਬੀ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਧਾਰਮਿਕ ਜਜ਼ਬਿਆਂ ਨੂੰ ਚੈਲੰਜ਼ ਕੀਤਾ ਜਾਂਦਾ ਹੈ। ਇਸਾਈਆਂ ਦਾ ਵੀ ਅੱਜ ਇਹੀ ਹਾਲ ਹੈ,ਜਿਨ੍ਹਾਂ ਦੀ ਗਿਣਤੀ ਭਾਰਤ ਵਿਚ ਸਿੱਖਾਂ ਜਿੰਨੀ ਹੀ ਹੈ। ਹਿੰਦੂ ਮੂਲਵਾਦੀਆਂ ਦੇ ਜਥੇਬੰਦ ਗਰੋਹ ਚਰਚਾਂ ਨੂੰ ਅੱਗ ਲਾਉਦ .ਲਾਉਣ ਅਤੇ 'ਸ਼ੁਧੀਕਰਣ'ਵਰਗੀਆਂ ਹਰਕਤਾਂ ਸ਼ਰੇਆਮ ਕਰ ਰਹੇ ਹਨ। ਇਸੇ ਤਰ੍ਹਾਂ ਹੀ ਆਦੀਵਾਸੀ ਅਤੇ ਦਲਿਤ ਜੇਕਰ ਆਪਣੇ ਆਪ ਨੂੰ ਹਿੰਦੂ ਨਹੀਂ ਅਖਵਾਉਂਦੇ ਤਾਂ ਧਮਕੀਆਂ ਅਤੇ ਅਤਿਆਚਾਰ ਦਾ ਸ਼ਿਕਾਰ ਹੁੰਦੇ ਹਨ। ਅੱਜ ਖਤਰਨਾਕ ਰੂਪ ਵਿਚ ਵੱਧ ਰਿਹਾ ਹਿੰਦੂ ਸ਼ਾਵਨਵਾਦ,ਜਿਸਨੂੰ ਸਟੇਟ ਪਾਲਿਸੀਆਂ ਰਾਹੀਂ ਪੂਰੀ ਸ਼ਹਿ ਦਿੱਤੀ ਜਾ ਰਹੀ ਹੈ,ਘੱਟ ਗਿਣਤੀਆਂ ਉਪਰ ਖੌਫਨਾਕ ਹਥਿਆਰਬੰਦ ਅਤੇ ਜਥੇਬੰਦਕ ਤਰੀਕਿਆਂ ਨਾਲ ਅਜਿਹਾ ਦਬਾਉ ਪਾਇਆ ਜਾ ਰਿਹਾ ਹੈ ਕਿ ਉਹ ਆਪਣੇ ਆਪ ਨੂੰ ਭਾਰਤੀ ਸਿੱਧ ਕਰਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਵੱਧ ਰਹੀ ਫਿਰਕਾਪ੍ਰਸਤੀ ਭਾਰਤ ਵਿਚ ਫਾਸ਼ੀਵਾਦ ਪੈਦਾ ਹੋਣ ਦੀਆਂ ਨਿਸ਼ਾਨੀਆਂ ਹਨ। ਅਜਿਹਾ ਫਾਸ਼ੀਵਾਦ 1975 ਵਿਚ ਲੱਗੀ ਐਮਰਜੈਂਸੀ ਨਾਲੋਂ ਵੀ ਵੱਧ ਖਤਰਨਾਕ ਹੋਵੇਗਾ। ਅਜਿਹਾ ਫਾਸ਼ੀਵਾਦ ਵਿਚਾਰਧਾਰਾ ਬ੍ਰਾਹਮਣਵਾਦ ਹਿੰਦੂ ਸ਼ਾਵਨਵਾਦ ਵਾਲੀ ਹੋਵੇਗੀ।

ਅੱਜ ਮੁਲਕ ਵਿਚ ਮੂਲਵਾਦੀ ਤਾਕਤਾਂ ਇਸ ਗੱਲ ਤੇ ਜ਼ੋਰ ਦੇ ਰਹੀਆਂ ਹਨ ਕਿ ਜੇਕਰ ਤੁਸੀਂ ਹਿੰਦੂ ਨਹੀਂ ਤਾਂ ਤੁਸੀਂ ਭਾਰਤੀ ਹੀ ਨਹੀਂ।

ਬਾਕੀ ਸਫਾ 23ਤੇ

## ਹਿੰਦੂ ਸ਼ਾਵਨਵਾਦ ਭਾਰਤ ਵਿਚ ਘੱਟ ਗਿਣਤੀਆਂ ਨੂੰ ਖਤਰਾ

## ਮੁੱਖ ਬੁਲਾਰਾ: ਡਾ. ਰਜਨੀ ਕੋਠਾਰੀ (ਦਿੱਲੀ)

ਹਿੰਦੂ ਸ਼ਾਵਨਵਾਦ ਅਤੇ ਸਰਕਾਰ ਵਲੋਂ ਪੈਦਾ ਕੀਤਾ 'ਰਾਸ਼ਟਰ ਨੂੰ ਖਤਰਾ'ਦਾ ਹਊਆ,ਭਾਰਤ ਵਿਚ ਸਾਰੀਆਂ ਧਾਰਮਿਕ ਅਤੇ ਦੂਸਰੀਆਂ ਘੱਟ ਗਿਣਤੀਆਂ ਲਈ ਇਕ ਵੱਡਾ ਖਤਰਾ ਬਣ ਗਿਆ ਹੈ।

ਸਾਰੀਆਂ ਅਗਾਂਹਵਧੂ ਅਤੇ ਜਮਹੂਰੀਅਤ ਪਸੰਦ ਸ਼ਕਤੀਆ ਭਾਰਤ ਵਿਚ ਇਸ ਪੈਦਾ ਹੋ ਰਹੇ ਫਾਸ਼ੀਵਾਦ ਵਿਰੁੱਧ ਇਕੱਠੀਆਂ ਹੋ ਰਹੀਆਂ ਹਨ।

ਡਾ.ਰਜਨੀ ਕੋਠਾਰੀ,ਇਕ ਮਸ਼ਹੂਰ ਵਿਦਵਾਨ ਅਤੇ ਲਿਖਾਰੀ ਹੋਣ ਦੇ ਨਾਲ ਨਾਲ ਸਿਵਲ ਲਿਬਰਟੀਜ਼ ਅਤੇ ਜਮਹੂਰੀ ਹੱਕਾਂ ਦੇ ਖੇਤਰ ਵਿਚ ਇਕ ਉਘਾਂ ਰੋਲ ਨਿਭਾ ਰਹੇ ਹਨ।

ਐਤਵਾਰ,ਅਪਰੈਲ 12,1987
3.30 ਸ਼ਾਮ
ਕੋਮਾਅ ਯੂਨੀਅਨ ਹਾਲ
707—12 ਸਟਰੀਟ
ਨਿਊ ਵੈਸਟਮਿਨਸਟਰ

For further information,Contact H.Sharma [420—2972],SARBJIT HUNDAL[590—4772], C.BANERJEE [941—4467],GURCHARN BRAR [852-1092]

ਹੋਰ ਜਾਣਕਾਰੀ ਲਈ ਉਪਰ ਲਿਖੇ ਨੰਬਰਾਂ ਤੇ ਫੋਨ ਕਰੋ।


DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

• ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ • ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
• ਵਿਉਪਾਰਕ ਮਸਲੇ • ਪ੍ਰਵਾਰ ਤੇ ਤਲਾਕ • ਫੌਜਦਾਰੀ ਤੇ ਸਿਵਲ • ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ



NEW YORK LIFE INSURANCE COMPANY
BRITISH COLUMBIA GENERAL OFFICE
2030-1055 WEST GEORGIA STREET
VANCOUVER, BRITISH COLUMBIA

Life, Health, Group Insurance,
Annuities, Pension Plans
Temprary and Permanent Policies

Smokers & Non Smokers Rates
ਇਨਸ਼ੋਰੈਂਸ ਲਈ ਆਪਣੀ ਚੋਣ ਅਨੁਸਾਰ ਘੱਟ ਜਾਂ ਵੱਧ ਪੇਮੈਂਟ ਕਰ ਸਕਦੇ ਹੋ
ਹਰ ਤਰ੍ਹਾਂ ਦੀਆਂ ਜ਼ਿੰਦਗੀ ਬੀਮਾ ਪਾਲਸੀਆਂ ਲਈ ਮਿਲੋ ਜਾਂ ਫੋਨ ਕਰੋ:

Off: 685-7364 Bhupinder Dhaliwal Res: 589-1559


Bhupinder Dhaliwal

# ਯੂਬਾ ਸਿਟੀ ਗਾਈਡ



G S B
**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਫ਼ਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫ਼ੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ

---

## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫ਼ੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **IndustriaL**
- **Exchanges**

REALTOR® MLS

**Domain Realty**

(916) 671-4817

**Broker: Dr. Gulzar S. Johl**
**2086 Live Oak Blvd.**
**Suite C**
**Yuba City, CA 95991**

---

Fly any Air Line of Your Choice

**Travel Concepts**

**Full Service Travel Agency**
**Air Line Tickets to anywhere in the World**

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures 5 minute service**





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੈ ਤਾਂ ਹਰ
ਕਿਸ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

459 Palora Ave. Yuba City, CA 95901

(916) 671-3922

---

Large Selection of
Punjabi Books
For Sale

# SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੋਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੇਪਸੀ ਕੋਲਾ, ਸੇਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ
ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
!ndia West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

ਪੰਨਾ11 ਦੀ ਬਾਕੀ

ਭਾਰਤੀ ਸਭਿਆਚਾਰ ਇਕ ਅਮੀਰ ਸਭਿਆਚਾਰ ਹੈ ਕਿਉਂਕਿ ਭਾਰਤ ਵਿਚ ਵੱਖੋ ਵੱਖਰੀਆਂ ਬੋਲੀਆਂ,ਵੱਖਰੇ ਧਰਮ ਅਤੇ ਵੱਖਰੇ ਰੀਤੀ ਰਿਵਾਜ ਹਨ। ਪਰ ਅੱਜ ਹਾਕਮ ਜਮਾਤਾਂ ਤੇ ਇਨ੍ਹਾਂ ਦੀ ਕਾਂਗਰਸ ਪਾਰਟੀ ਇਸ ਵੱਖਰੇਪਨ(Diversity) ਲਈ ਹਿੰਦੂ ਸ਼ਾਵਨਵਾਦ ਅਤੇ ਬ੍ਰਾਹਮਣਵਾਦ ਨੂੰ ਹੱਲਾਸ਼ੇਰੀ ਦੇਕੇ ਖਤਰੇ ਪੈਦਾ ਕਰ ਰਹੀਆਂ ਹਨ।

ਇਸ ਖਤਰਨਾਕ ਲਹਿਰ ਨੂੰ ਰੋਕਣ ਲਈ ਸਾਰੇ ਭਾਰਤ ਵਿਚ ਜਮਹੂਰੀ ਲੋਕ ਤੇ ਤਾਕਤਾਂ ਇਕੱਠੀਆਂ ਹੋ ਰਹੀਆਂ ਹਨ। ਡਾਕਟਰ ਰਜਨੀ ਕੋਠਾਰੀ ਅਤੇ ਦੂਸਰੇ ਲੋਕਾਂ ਨੇ ਜੋ ਸੱਦਾ ਦਿੱਤਾ ਸੀ ਉਸਦੇ ਨਤੀਜੇ ਵਜੋਂ ਸਾਰੇ ਦੇਸ਼ ਦੇ ਵੱਖ ਵੱਖ ਥਾਵਾਂ ਤੋਂ ਸੈਂਕੜੇ ਲੋਕਾਂ ਨੇ ਆਕੇ ਇਕ ਨੈਸ਼ਨਲ ਕਾਨਫਰੰਸ ਕੀਤੀ। ਅਲੱਗ ਅਲੱਗ ਪ੍ਰਾਂਤਾਂ ਵਿਚ ਵੀ ਕਾਨਫਰੰਸਾਂ ਹੋ ਰਹੀਆਂ ਹਨ। ਇਨਕਲਾਬੀ ਅਤੇ ਜਮਹੂਰੀ ਲੋਕਾਂ ਦੀ ਲੀਡਰਸ਼ਿਪ ਥੱਲੇ ਨਵੀਆਂ ਜਥੇਬੰਦੀਆਂ ਉਭਰਕੇ ਆ ਰਹੀਆਂ ਹਨ,ਜੋ ਬਹੁਤ ਸਾਰੇ ਧਰਮਾਂ,ਭਾਸ਼ਾ,ਇਲਾਕਾ ਜਾਤੀ ਤੇ ਆਧਾਰਤ ਇਕਾਈਆਂ ਨੂੰ ਇਕੱਠਾ ਕਰ ਰਹੀਆਂ ਹਨ। ਸੱਭ ਤੋਂ ਵੱਡੀ ਗੱਲ ਇਹ ਹੈ ਕਿ ਅੱਜ ਲੋਕਾਂ ਵਿਚ ਇਹ ਨਵੀਂ ਚੇਤਨਾ ਪੈਦਾ ਹੋ ਰਹੀ ਹੈ ਕਿ ਜੇਕਰ ਸਾਰੀਆਂ ਘੱਟ ਗਿਣਤੀਆਂ ਵਾਲੇ ਲੋਕ ਇਕੱਠੇ ਹੋ ਜਾਣ ਤਾਂ ਉਹ ਭਾਰਤ ਵਿਚ ਬਹੁਤ ਵੱਡੀ ਬਹੁਸੰਖਿਆ ਬਣ ਜਾਂਦੇ ਹਨ।

ਡਾਕਟਰ ਰਜਨੀ ਕੋਠਾਰੀ ਅੱਜ ਅਮਰੀਕਾ ਅਤੇ ਕੈਨੇਡਾ ਦਾ ਦੌਰਾ ਇਸ ਕਰਕੇ ਕਰ ਰਹੇ ਹਨ ਕਿ ਉਹ ਲੋਕਾਂ ਨੂੰ ਭਾਰਤ ਵਿਚ ਵੱਧ ਰਹੀਆਂ ਖਤਰਨਾਕ ਲਹਿਰਾਂ ਬਾਰੇ ਚਿਤਾਵਨੀ ਦੇ ਸਕਣ ਅਤੇ ਜਮਹੂਰੀ ਘੋਲ ਲਈ ਕੈਨੇਡਾ ਵਿਚ ਰਹਿਣ ਵਾਲੇ ਭਾਰਤੀਆਂ ਦਾ ਸਹਿਯੋਗ ਪ੍ਰਾਪਤ ਕਰ ਸਕਣ। ਉਹ ਵੈਨਕੂਵਰ ਸ਼ਹਿਰ ਵਿਚ 12 ਅਤੇ 13 ਅਪਰੈਲ ਨੂੰ ਹੋਣਗੇ।

ਇਪਾਨਾ ਵਲੋਂ ਸੱਦੀ ਗਈ ਮੀਟਿੰਗ ਐਤਵਾਰ 12 ਅਪਰੈਲ ਸ਼ਾਮ 3.30 ਵਜੇ CAIMAW UNION HALLਵਿਚ ਹੋਵੇਗੀ ਜਿਸਦਾ ਐਡਰੇਸ 707-West 12th Street New Westminister.ਹੈ। ਉਸੇ ਐਤਵਾਰ ਸਵੇਰ ਨੂੰ ਡਾਕਟਰ ਕੋਠਾਰੀ ਹੋਰੀਂ ਰੌਸ ਸਟਰੀਟ ਅਤੇ ਸਰੀ ਗੁਰਦਵਾਰੇ ਵਿਚ ਸੰਗਤਾਂ ਨੂੰ ਸੰਬੋਧਨ ਕਰੋਗੇ

ਇਪਾਨਾ ਵਲੋਂ ਸੱਦੀ ਹੋਈ ਮੀਟਿੰਗ ਐਤਵਾਰ 12 ਅਪਰੈਲ ਸ਼ਾਮ 3.30 ਵਜੇ CAIMAW UNION HALLਵਿਚ ਹੋਵੇਗੀ ਜਿਸਦਾ ਐਡਰੇਸ 707-West 12th New Westminister ਹੈ। ਉਸੇ ਐਤਵਾਰ ਸਵੇਰ ਨੂੰ ਡਾਕਟਰ ਕੋਠਾਰੀ ਹੋਰੀਂ ਰੌਸ ਸਟਰੀਟ ਅਤੇ ਸਰੀ ਗੁਰਦਵਾਰੇ ਵਿਚ ਸੰਗਤਾਂ ਨੂੰ ਸੰਬੋਧਲ ਕਰਨਗੇ। ਇਕ ਹੋਰ ਪਬਲਿਕ ਮੀਟਿੰਗ ਸੋਮਵਾਰ 13 ਅਪਰੈਲ ਸ਼ਾਮ 7.30 ਵਜੇ ਰੌਬਸਨ ਸੁਕੇਇਰ ਮੀਡੀਆ ਸੈਂਟਰ ਵਿਚ ਹੋਵੇਗੀ। ਇਹ ਮੀਟਿੰਗ ਸਾਈਮਨ ਫਰੇਜਰ ਯੂਨੀਵਰਸਿਟੀ (S.F.U)ਅਤੇ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ (U.B.C.) ਵਲੋਂ ਸੱਦੀ ਜਾ ਰਹੀ ਹੈ। ਇਸ ਮੀਟਿੰਗ ਵਿਚ ਡਾਕਟਰ ਕੋਠਾਰੀ ਕੇਂਦਰੀ ਰਾਜਸੱਤਾ ਤੇ ਘੱਟ ਗਿਣਤੀਆਂ ਤੇ ਭਾਸ਼ਨ ਦੇਣਗੇ।

ਹੋਰ ਜਾਣਕਾਰੀ ਲਈ ਫੋਨ ਕਰੋ ਡਾ.ਹਰੀ ਸ਼ਰਮਾ Residence[420-2972]
[S.F.U] [291-3146]
Sarbjit Hundal [590-4772] CHIN Banerjee[941-4467]
Gurcharn Brar[852-1092]

# ਸੌ ਡਾਲਰ ਜੁਰਮਾਨਾ

ਵਿਲੀਅਮਜ਼ਲੇਕ (ਪੱਤਰਪ੍ਰੇਰਕ)—ਗੁਰਮਖ ਸਿੰਘ ਕਲਾਰ ਜੋ ਖਾਲਸਾ ਮਿੱਲ ਦੇ ਕਾਮੇ ਸਨ ਤੇ ਹੁਣ ਵੈਨਕੂਵਰ ਚਲੇ ਗਏ ਹਨ ਨੂੰ ਸਾਪਰ ਡਰੱਗ ਵਿਚੋਂ ਐਨਕਾਂ ਚੁੱਕਣ ਦੇ ਦੋਸ਼ ਵਿਚ 100 ਡਾਲਰ ਜੁਰਮਾਨਾ ਕੀਤਾ ਗਿਆ ਹੈ। ਇਹ ਕੇਸ ਵਿਲੀਅਮਜ਼ਲੇਕ ਤੋਂ ਤਬਦੀਲ ਕਰਵਾ ਲਿਆ ਗਿਆ ਸੀ ਤੇ ਜੁਰਮ ਇਕਬਾਲ ਕਰ ਲਿਆ ਗਿਆ ਹੈ।

ਘਟਨਾ ਇਉਂ ਹੋਈ ਕਿ ਸੇਲ ਤੇ ਲੱਗਿਆ ਐਨਕਾਂ ਦਾ ਜੋੜਾ ਜਿਸਦੀ ਅਦਾਇਗੀ ਨਾ ਕੀਤੀ ਗਈ ਤੇ ਬਾਹਰ ਨਿੱਕਲਣ ਤੇ ਉਸਨੂੰ ਵਾਪਿਸ ਜਾਣ ਲਈ ਮਜ਼ਬੂਰ ਕੀਤਾ ਗਿਆ। ਉਹੋ ਐਨਕਾਂ ਲਗਵਾਕੇ ਉਸਦੀ ਤਸਵੀਰ ਖਿਚਕੇ ਲੰਚ ਰੂਮ 'ਚ ਲਾ ਦਿੱਤੀ ਗਈ ਤਾਂ ਕਿ ਕਰਮਚਾਰੀਆਂ ਨੂੰ ਉਸਦੀ ਪਹਿਚਾਣ ਰਹੇ। ਉਸ ਪੰਜਾਹ ਡਾਲਰ ਨਕਦ ਦੇਣ ਦੀ ਕੋਸ਼ਿਸ਼ ਕੀਤੀ ਪਰ ਹੁਣ ਤਾਂ ਬਹੁਤ ਲੇਟ ਸੀ।

# ਨੰਗੀ ਤਲਵਾਰ

## ਸੰਤੋਖ ਸਿੰਘ ਸੰਤੋਖ

ਨੰਗੀ ਤਲਵਾਰ
ਜ਼ੁਲਮ ਦੀ ਜਨੂਨ ਦੀ
ਹੈ ਪਿਆਸੀ ਖੂਨ ਦੀ
ਮਜ਼ਲੂਮ ਤੇ ਮਾਸੂਮ ਦੀ
ਅੱਜ ਦੀ ਤਲਵਾਰ ਜੋ
ਤੇਜ਼ ਹੈ; ਆਵਾਜ਼ ਤੋਂ
ਮੀਜ਼ਇਲਾਂ ਰਾਕਟਾਂ ਤੇ
ਜੰਗਜੂ ਜਹਾਜ਼ ਤੋਂ
ਮਿਰਕਣਾ ਦੇ ਦੌਰ ਜੋ
ਹੋਨ ਪਏ ਚੰਗਾੜਦੇ
ਅੱਗ ਨੂੰ ਖਿਲਾਰਦੇ
ਗੋਰਿਆਂ ਦੇ ਅੱਡਿਆਂ ਤੋਂ
ਮਾਰਦੇ ਉਡਾਰ ਨੇ
ਅਜ਼ਾਦੀਆਂ ਲਤਾੜਦੇ
ਅਬਾਦੀਆਂ ਉਜਾੜਦੇ
ਦਹਿਸ਼ਤਾਂ ਦੇ ਦੌਰ ਵਿਚ
ਕਰਦੇ ਤਬਾਹੀ!

ਮਨੁੱਖਤਾ ਦੀ ਜੂਨ ਦੀ
ਨੰਗੀ ਤਲਵਾਰ
ਜ਼ੁਲਮ ਦੀ ਜਨੂਨ ਦੀ
ਹੈ ਪਿਆਸੀ ਖੂਨ ਦੀ
ਮਜ਼ਲੂਮ ਤੇ ਮਾਸੂਮ ਦੀ
ਧਰਮ ਤੇ ਜਨੂਨ ਦੀ

ਪਾਟੇ ਬਾਂਸ ਜਿਹੇ ਬੇਸੁਰੇ ਬੋਲ ਨੇ
ਰਾਖਸ਼ਾਂ ਦੇ ਚਿਹਰਿਆਂ ਤੇ
ਬੰਦਿਆਂ ਦੇ ਖੋਲ ਨੇ
ਦੈਂਤਾਂ ਅਤੇ ਰਾਖਸ਼ਾਂ ਨੂੰ
ਧਰਮ ਦੀ ਜੋ ਆੜ ਹੈ
ਭੇਡਾਂ ਵਿਚ ਬਘਿਆੜ ਹੈ
ਇਸ ਸ਼ੈਤਾਨ ਦੀ ਸੰਤਾਨ ਨੂੰ
ਤੇ ਭੜੇ ਦੇ ਕਿਰਦਾਰ ਨੂੰ
ਕੂੜ ਦੇ ਅਵਤਾਰ ਨੂੰ
ਸੜੀਏ ਹੰਕਾਰ ਨੂੰ
ਤੂਫਾਨ ਦੀ ਧਾਰ ਨੂੰ
ਬੰਦ ਕਰੀਏ ਨੰਗੀ
ਤਲਵਾਰ ਨੂੰ!

ਆਓ ਬੰਦ ਕਰੀਏ ਤਲਵਾਰ ਨੂੰ
ਤੇ ਬੀਜੀਏ ਪਿਆਰ ਨੂੰ
ਜੀਣ ਜਾਚ ਵਧੇ ਫੁੱਲੇ
ਚੁੱਕ ਲਈਏ ਬੇਰ ਭੁੱਲੇ
ਵਿਰੋਧਾਂ ਦਾ ਭੇਤ ਖੁੱਲੇ
ਤੇ ਆਉਧ ਵਧੇ ਸੰਸਾਰ ਦੀ
ਸੰਸਾਰ ਦੀ ਪਿਆਰ ਦੀ
ਮਨੁੱਖਤਾ ਦੀ ਜੂਨ ਦੀ
ਨੰਗੀ ਤਲਵਾਰ ਦੀ
ਬੰਦ ਕਰੀਏ ਰੋਕ ਕੇ
ਸਾਰੇ ਵਾਰ
ਨੰਗੀ ਤਲਵਾਰ
ਧਰਮ ਦੀ ਜਨੂਨ ਦੀ।

[redacted]

● ਵਕੀਲ: ਜਦੋਂ ਰਾਤੀ ਤੁਹਾਡੀ ਅੱਖ ਖੁਲ੍ਹ ਜਾਵੇ ਅਤੇ ਤੁਸਾਂ ਇਹ ਦੇਖਿਆ ਕਿ ਮੇਜ਼ ਦੀਆਂ ਸਭ ਦਰਾਜ਼ਾਂ ਖੁਲੀਆਂ ਪਈਆਂ ਹਨ, ਅਲਮਾਰੀਆਂ ਖੁਲੀਆਂਹੋਈਆਂਹਨ, ਫਰਸ਼ ਤੇ ਕਪੜਿਆਂ ਦਾ ਢੇਰ ਲੱਗਾ ਹੋਇਆ ਹੈ, ਟਰੰਕ ਖੁਲੇ ਪਏ ਹਨ ਅਤੇ ਸੱਭ ਕੁਝ ਖਿਲਰਿਆ ਪਿਆ ਹੈ ਤਾਂ ਉਸ ਵੇਲੇ ਤੁਹਾਨੂੰ ਇਹ ਖਿਆਲ ਕਿਉਂ ਨਾ ਆਇਆ ਕਿ ਘਰ ਵਿਚ ਕੋਈ ਚੋਰ ਆਇਆ ਹੋਇਆ ਹੈ?'

ਇਸਤਰੀ: ਉਸ ਵੇਲੇ ਤੇ ਮੈਂ ਇਹ ਸਮਝੀ ਸੀ ਕਿ ਸ਼ਾਇਦ ਪਿੰਕੀ ਦੇ ਡੈਡੀ ਆਪਣੀ ਟਾਈ ਢੂੰਡ ਰਹੇ ਹੋਣਗੇ।




GIVE YOUR "LAZY MONEY" A STEP IN THE RIGHT DIRECTION

IN TODAY'S FAST PACED ENVIRONMENT WE SOMETIMES NEGLECT THE NEED FOR GOOD MONEY MANAGEMENT.

THE UNITED GROUP OF FUNDS ARE PROVEN PROFESSIONAL MONEY MANAGERS WHO HAVE BEEN MANAGING FUNDS SINCE 1957.

WE CAN GIVE YOUR "LAZY MONEY" THE ADDED LIFT IT REQUIRES AND AT THE SAME TIME HELP YOU REDUCE YOUR TAXABLE INCOME.

TAKE ADVANTAGE OF PROVEN INVESTMENT MANAGEMENT EXPERIENCE AND GIVE YOUR "LAZY MONEY" A STEP IN THE RIGHT DIRECTION WITH THE UNITED GROUP OF FUNDS.

Average Annual Rate of Return

| | 1 YR* | 3 YRS* | 10 YRS* |
|---|---|---|---|
| United Accumulative Fund | 20.9% | 22.9% | 19.7% |
| United Accumulative Retirement Fund** | 13.2% | 18.2% | 20.7% |
| United Venture Fund | 10.7% | 14.2% | 19.3% |
| United Venture Retirement Fund** | 19.5% | 16.7% | 20.9% |
| United American Fund | 18.2% | 19.3% | 17.5% |

*All Results to Nov. 30, 1986 with dividends reinvested. Financial Times Survey Dec. 15, 1986.
**Available for Registered & Non-Registered Investments. Offer made by Prospectus only.



For more information:
Please Phone or Write to

Gurcharan Rampuri
Regal Capital Planners
# 100 - 1525 Robson St.
Vancouver, B.C. V6G 1C3
Bus: (604) 684-3111
Res: (604) 986-2883

☐ Please send me more information ON RRSP/NON RRSP UNITED FUNDS

NAME
ADDRESS
CITY PROV POSTAL CODE
PHONE (Home) (Business)



GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

● ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!

BUS. 521-7731
Pager 687-1985 #5531





ਗੁਰਜੀਤ ਢੀਂਡਸਾ ਬਾਵਾ

# ਕੈਲੇਫੋਰਨੀਆ ਗਾਈਡ


ਫਰੈਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼੍ਰੀਦੋ

Ph. (209) 456-9491

INDICA IMPORTS — 4925 E. King Canyon Road, FRESNO, CA. .

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

LONDON FASHIONS

1494 E. Bridge St., YUBA CITY CA. Ph. (916) 673-6634

PETE ELLIS DODGE

ਕਾਰਾਂ, ਵੈਨਾਂ, ਪਿਕ ਅੱਪ ਖ਼੍ਰੀਦਣ ਲਈ

ਫ਼ੋਨ ਕਰੋ :—

ਜੱਸੀ ਗਰੇਵਾਲ

(408) 738-0400

Credit or no Credit

CALL:

Jessie Grewal

2 to 5% over Dealer Cost



Pete Ellis Dodge

1095, West El Camino Real

SUNNYVALE, CALIFORNIA 94087


## ਲੁਧਿਆਣਾ ਪੁਲਸ ਨੇ ਕਿਸੇ ਵੀ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ

ਲੁਧਿਆਣਾ:—ਲੁਧਿਆਣਾ ਅੱਜ ਕੱਲ੍ਹ ਅਤਿਵਾਦੀਆਂ ਦਾ ਗੜ੍ਹ ਬਣਿਆ ਹੋਇਆ ਹੈ । ਪੁਲਿਸ ਪ੍ਰਸ਼ਾਸ਼ਨ ਦੋਸ਼ੀਆਂ ਨੂੰ ਫੜਨ ਅਤੇ ਵਾਰਦਾਤਾਂ ਕਰਨ ਵਾਲਿਆਂ ਦੀ ਸਰਕੋਬੀ ਕਰਨ ਵਿਚ ਅਸਫਲ ਸਿੱਧ ਹੋਈ ਹੈ । ਬਾਵਜੂਦ ਪੁਲਿਸ ਦੇ ਇਸ ਦਾਅਵੇ ਦਾ ਪਤਾ ਲਗਾ ਲਿਆ ਹੈ,ਹੁਣ ਤੱਕ ਕਿਸੇ ਵੀ ਵਾਰਦਾਤ ਵਿਚ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ ਇਨ੍ਹਾਂ ਕੋਸ਼ਾਂ ਵਿਚ ਕੁਝ ਵੱਡੀਆਂ ਵੱਡੀਆਂ ਵਾਰਦਾਤਾਂ ਇਸ ਪ੍ਰਕਾਰ ਹਨ 29 ਅਕਤੂਬਰ 1986 ਨੂੰ ਭਾਰਤ ਨਗਰ ਦੇ ਚੌਂਕ ਵਿਚ ਬੈਂਕ ਤੇ ਡਾਕਾ ਕਾਰ ਕੇ ਦੋ ਲੱਖ ਤੋਂ ਵੱਧ ਰਕਮ ਲੁੱਟ ਕੇ ਲੈ ਗਏ ਸਨ । ਉਸ ਸਿਲਸਿਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ । ਤਿੰਨ ਦਿਨਾਂ ਪਿਛੋਂ ਗਿੱਲ ਰੋਡ ਤੇ ਅੱਤਵਾਦੀਆਂ ਨੇ 8 ਆਦਮੀਆਂ ਦੀ ਗੋਲੀ ਮਾਰਕੇ ਹੱਤਿਆ ਕਰ ਦਿਤੀ ਸੀ,ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ,7 ਨਵੰਬਰ ਨੂੰ ਫਰੀਡਮ ਫਾਈਟਰ ਡਾ.ਕਾਲੀ ਚਰਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿਤੀ ਗਈ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ,18,19 ਜਨਵਰੀ ਨੂੰ ਇੰਕਾ ਲੀਡਰ ਜੁਗਿੰਦਰ ਪਾਲ ਪਾਂਡੇ ਨੂੰ ਦਿਨ ਦਿਹਾੜੇ ਗੋਲੀ ਨਾਲ ਭੂੰਨ ਸੁੱਟਿਆ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ,12 ਫਰਵਰੀ ਨੂੰ ਪੰਜਾਬ ਨੈਸ਼ਨਲ ਬੈਂਕ ਮਿਲਰ ਗੰਜ ਲੁਧਿਆਣਾ ਵਿਖੇ ਦੁਨੀਆਂ ਦਾ ਰਿਕਾਰਡ ਤੋੜ ਡਾਕਾ 5 ਕਰੋੜ 70 ਹਜ਼ਾਰ ਰੁਪਿਆਂ ਦਾ ਪਿਆ ਇਸ ਸਿਲਸਿਲੇ ਵਿਚ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ । ਇਸ ਤਰ੍ਹਾਂ ਹੋਰ ਵੀ ਕਈ ਵਾਰਦਾਤਾਂ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਲੁਧਿਆਣਾ ਪੁਲਿਸ ਦੇ ਕਾਰਨਾਮਿਆਂ ਦੀ ਇਹ ਮੂੰਹ ਬੋਲਦੀ ਤਸਵੀਰ ਹੈ ।

ਬੰਦੇ ਨੂੰ ਗਮ ਸਿਖਾਉਂਦਾ ਹੈ ਜੀਣ ਦਾ ਸਲੀਕਾ।
ਕਿਉਂ ਰੋ ਰਹੇ ਹੋ ਗਮ ਦਾ ਇਜ਼ਹਾਰ ਕਰਦੇ ਕਰਦੇ।
ਇਕ ਨਾ ਇਕ ਦਿਨ 'ਸੋਦੀ' ਬਣਨਾ ਹੈ ਪੈਣਾ ਕਾਫ਼ਿਰ।
ਆਪਾਂ ਮਰੇ ਹਾਂ ਰੱਬ ਦਾ ਸਤਿਕਾਰ ਕਰਦੇ ਕਰਦੇ।


GILL'S AUTO SALES

ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼੍ਰੀਦਣ ਵਾਲਿਆਂ ਨੂੰ ਖਾਸ ਸਹੂਲਤ

ਆਪਣੀ ਮਰਜ਼ੀ ਦੀ ਕਾਰ ਖ਼੍ਰੀਦਣ ਜਾਂ ਵੇਚਣ ਲਈ

ਗਿੱਲ ਆਟੋ ਸੇਲਜ਼ 'ਤੇ ਪਹੁੰਚੋ



ਜਾਣਕਾਰੀ ਲਈ ਫ਼ੋਨ ਕਰੋ :



(916) 671-3667

ਸੁਰਜੀਤ ਸਿੰਘ ਗਿੱਲ ਜਾਂ ਮਾਈਕਲ ਸ. ਸਮਰਾ ਨਾਲ ਸੰਪਰਕ ਕਰੋ

1455 - FRANKLIN ROAD, YUBA CITY, CA.

KANG UP HOLSTERY

CUSTOM UPHOLSTERING

UPHOLSTERY FURNITURE MADE TO ORDER

Estimates Submitted/Pick-up & Delivery



ਸਵਰਨ ਸਿੰਘ ਕੰਗ

Ph. (916) 673-6594 or 674-2500

Res: (916) 673-3387

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

632 N. WALTON, ROAD, YUBA CITY, CA.

# ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ਦੀ ਕਨਵੈਨਸ਼ਨ

B.C.O.F.R.ਦੀ ਛੇਵੀਂ ਸਾਲਾਨਾ ਕਨਵੈਨਸ਼ਨ,ਦਿਨ ਐਤਵਾਰ,29 ਮਾਰਚ ਨੂੰ,I.W.A.ਦੇ ਹਾਲ ਨਿਊਵੈਸਟਮਨਿਸਟਰ ਵਿਖੇ ਹੋਈ । ਇਸ ਵਿੱਚ ਤਕਰੀਬਨ ਸੱਠ ਕੁ ਵਿਅਕਤੀਆਂ ਨੇ ਹਿਸਾ ਲਿਆ । ਜਿਸ ਵਿਚ ਸਰੀ ਦੀ M.L.A.ਜੋਨ ਮਸਾਲਵੁੱਡ ਭੀ ਸ਼ਾਮਲ ਸੀ । ਇਸ ਮੀਟਿੰਗ ਦੀ ਪ੍ਰਧਾਨਗੀ,ਸਿਡ ਸ਼ਨਾਈਡ,ਜੋ ਕਿ BCOFRਦੇ ਮੁੱਢਲੇ ਮੈਂਬਰ ਹਨ,ਨੇ ਕੀਤੀ ।

ਮੀਟਿੰਗ ਦੀ ਸ਼ੁਰੂਆਤ ਵਿਚ ਬੀ.ਸੀ.ਓ.ਐਫ.ਆਰ. ਦੇ ਪ੍ਰਧਾਨ ਚਰਨਪਾਲ ਗਿੱਲ,ਨੇ ਸਾਰੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਜੀਅ ਆਇਆਂ ਆਖਿਆ । ਉਨ੍ਹਾਂ ਕਿਹਾ ਕਿ 1980 ਤੋਂ ਲੈਕੇ ਕਮਿਊਨਿਟੀ ਨੇ ਬੀ.ਸੀ.ਓ.ਐਫ.ਆਰ. ਦਾ ਬਹੁਤ ਹੀ ਸਾਥ ਦਿੱਤਾ ਹੈ,ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਭਵਿੱਖ ਵਿਚ ਵੀ ਕਮਿਊਨਿਟੀ ਸਾਡਾ ਸਾਥ ਇਸੇ ਤਰ੍ਹਾਂ ਹੀ ਦਿੰਦੀ ਰਹੇਗੀ । ਇਸ ਸਹਿਯੋਗ ਦੇ ਸਦਕਾ ਹੀ ਕੂ ਕਲੈਕਸ ਕਲੈਨ ਵਰਗੀ ਨਸਲੀ ਜਥੇਬੰਦੀ ਦਫਤਰ ਖੋਲ੍ਹਣ ਵਿੱਚ ਸਫਲ ਨਹੀਂ ਹੋ ਸਕੀ । ਇਸੇ ਮਿਲਵਰਤਣ ਨੇ ਬੀ.ਸੀ. ਵਿੱਚ ਇਸ ਨਕਲੀ ਜਥੇਬੰਦੀਆਂ ਦੀਆਂ ਜੜ੍ਹਾਂ ਨਹੀਂ ਲੱਗਣ ਦਿੱਤੀਆਂ । ਇਹ ਜਥੇਬੰਦੀਆਂ ਬੀ.ਸੀ. ਵਿੱਚ ਫਿਰ ਸਿਰ ਚੁੱਕ ਰਹੀਆਂ ਹਨ,ਸਕੂਲਾਂ ਵਿਚ ਰੰਗਦਾਰ ਲੋਕਾਂ ਵਿਰੋਧੀ ਤੇ ਆਪਣਾ ਸਾਹਿਤ ਵੰਡਕੇ ਨਫਰਤ ਪ੍ਰਚਾਰ ਕਰ ਰਹੀਆਂ ਹਨ । ਫਿਰ ਸਾਨੂੰ ਇਕੱਠਾ ਹੋਕੇ ਹੰਭਲਾ ਮਾਰਨਾ ਪਵੇਗਾ ਤੇ ਸਹੀ ਕਰਨਾ ਪਵੇਗਾ ਕਿ ਸਾਡੇ ਆਪਸ ਵਿਚੀ ਫਰਕਾਂ ਦੇ ਬਾਵਜੂਦ ਵੀ ਜਦ ਕਮਿਊਨਿਟੀ ਤੇ ਕੋਈ ਕਠਿਨਾਈ ਆਉਂਦੀ ਹੈ ਤਾਂ ਅਸੀਂ ਇੱਕਮੁੱਠ ਹਾਂ । ਸਾਨੂੰ ਯਕੀਨ ਹੈ ਅਸੀਂ ਫਿਰ ਇਨ੍ਹਾਂ ਦੇ ਪੈਰ ਨਹੀਂ ਲੱਗਣ ਦੇਵਾਂਗੇ ।

ਬੀ.ਸੀ.ਓ.ਐਫ.ਆਰ. ਦੇ ਸਕੱਤਰ,ਮੇਸਿਨ ਹੈਰਿਸ,ਨੇ ਪਿਛਲੇ ਸਾਲ ਦੀ ਕਾਰਵਾਈਆਂ ਬਾਰੇ ਰਿਪੋਰਟ ਪੜ੍ਹੀ ਤੇ ਦੱਸਿਆ ਕਿ ਬੀ.ਸੀ.ਓ.ਐਫ.ਆਰ ਨੂੰ ਕੋਈ 26 ਸ਼ਿਕਾਇਤਾਂ ਆਈਆਂ । ਸਾਨੂੰ ਮਾਣ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਮੁਸ਼ਕਲਾਂ ਨੂੰ ਸੁਲਝਾਉਣ ਵਿਚ ਡਾਢੀਆਂ ਸਫਲਤਾਵਾਂ ਹੋਈਆਂ ਤੇ ਜੋ ਲੋਕ ਸਾਡੇ ਪਾਸ ਮੱਦਦ ਲੈਣ ਲਈ ਆਏ ਉਨ੍ਹਾਂ ਨੂੰ ਕਾਫੀ ਤਸੱਲੀ ਹੋਈ । ਵਿਸ਼ੇਸ਼ ਕਰਕੇ ਸਕੂਲਾਂ ਵਿਚ ਨਸਲੀ ਵਿਤਕਰਾ,ਇਮੀਗਰੇਸ਼ਨ ਦੇ ਮਹਿਕਮੇ ਦੀਆਂ ਊਣਤਾਈਆਂ ਤੇ ਕੁਰੱਖਤ ਰਵੱਈਆ ਤੇ ਸਾਡੇ ਕਮਿਊਨਿਟੀ ਦੇ ਘਰਾਂ ਤੇ ਬੰਦਿਆਂ ਨੂੰ ਜੋ ਹਿਰਾਸਤ ਨਸਲੀ ਲੋਕਾਂ ਨੇ ਦਿੱਤੀ,ਉਸਦੀ BCOFR ਨੇ ਸਖਤ ਨਿਖੇਧੀ ਤੇ ਵਿਰੋਧਤਾ ਕੀਤੀ । ਇਸ ਤਰ੍ਹਾਂ ਹੀ ਅਫਰੀਕਾ ਦੀ ਨਸਲੀ ਸਰਕਾਰ ਨੇ ਜੋ ਕੰਪਨੀਆਂ ਨਾ ਪਛੂਆਂ ਵਾਲਾ ਵਰਤਾਓ ਕੀਤਾ ਤੇ ਛੋਟੇ ਛੋਟੇ ਬੱਚਿਆਂ ਨੂੰ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ,ਉਸਦੀ ਨਿੰਦਿਆ ਕੀਤੀ । ਵੈਨਕੂਵਰ ਵਿੱਚ ਐਂਟੀ-ਅਪਾਰਥਾਈਡ ਦੇ ਗਰੁੱਪ ਦਾ ਪੂਰਾ ਸਾਥ ਦਿੱਤਾ ਤੇ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਕਿ ਉਹ ਬੋਥਾ ਸਰਕਾਰ ਤੇ ਜ਼ੋਰ ਪਾਵੇ ਤਾਂਕਿ ਕਾਲਿਆਂ ਨਾਲ ਕਾਨੂੰਨੀ ਵਿਤਕਰੇ ਨੂੰ ਖਤਮ ਕੀਤਾ ਜਾਵੇ ।

ਇਸਤੋਂ ਉਪਰੰਤ BCOFR ਨੇ ਬੀ.ਸੀ. ਅਤੇ ਕੈਨੇਡਾ ਸਰਕਾਰ ਤੋਂ ਚੰਗੇ ਮਨੁੱਖੀ ਹੱਕਾਂ ਦੀ ਰਾਖਵੀਂ ਵਾਲੇ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ । ਜਦ BCOFR ਨੂੰ ਖਬਰ ਪੁੱਜੀ ਕਿ ਐਬਟਸਫੋਰਡ ਮੋਆਟ ਸਕੂਲ ਵਿਚ ਗੋ ਮੁੰਡਿਆਂ ਨੇ ਪੰਜਾਬੀ ਵਿਦਿਆਰਥੀਆਂ ਤੇ ਕੁੱਟ ਚਾੜ੍ਹੀ ਤੇ ਪੰਜਾਬੀਆਂ ਦੀ ਟੀਮਬਾਜ਼ੀ ਦਾ ਵੀ ਗੋਰਾ ਗੋਲੀ ਲੜਾਈ ਵੇਲੇ ਆਪਣੀ ਟੀਮ ਨੂੰ ਛੱਡਕੇ ਵਿਰੋਧੀ ਗੋਰਿਆਂ ਦੀ ਟੀਮ ਵਿਚ ਜਾ ਰਲਿਆ ਤੇ ਪੰਜਾਬੀ ਮੁੰਡਿਆਂ ਨੂੰ ਕੁੱਟਣ ਵਿਚ ਇਸ ਗੋਲੀ ਨੇ ਗੋਰਿਆਂ ਦਾ ਟੀਮ ਦਾ ਸਾਥ ਦਿੱਤਾ ਤਾਂ ਫੌਰਨ ਹੀ ਜਥੇਬੰਦੀ ਨੇ ਆਪਦੇ ਕਾਰਕੁੰਨ ਭੇਜੇ ਤੇ ਪੰਜਾਕੀ .ਪੰਜਾਬੀ ਵਿਦਿਆਰਥੀਆਂ ਦੀ ਮੱਦਦ ਕੀਤੀ । ਇਸ ਜ਼ੋਰ ਸਦਕਾ ਹੀ ਦੂਸਰੇ ਦਿਨ ਪ੍ਰਿੰਸੀਪਲ ਲੇਥਮ ਨੇ ਸਕੂਲ ਦੀ ਅਸੈਂਬਲੀ ਸੱਦੀ ਤੇ ਗੋਰੀ ਟੀ ਮ ਦੇ ਕੁਕਰਮੀਆਂ ਨੂੰ ਪੰਜਾਬੀ ਮੁੰਡਿਆਂ ਤੋਂ ਭਰੀ ਅਸੈਂਬਲੀ ਵਿਚ ਮਾਫੀ ਮੰਗਵਾਈ । ਸਕੂਲ ਵਿਚ ਸੁਚੱਜੇ ਪਰੋਗਰਾਮ ਲਿਆਉਣ ਦਾ ਵੀ ਵਾਅਦਾ ਕੀਤਾ ।

ਜੋਨ ਸਮਾਲਵੁੱਡ,M.L.A.ਨੇ ਆਪਣੀ ਸਪੀਚ ਵਿਚ ਬੀ.ਸੀ.ਓ.ਐਫ.ਆਰ. ਦੇ ਕੰਮਾਂ ਦੀ ਸ਼ਲਾਘਾ ਕੀਤੀ । ਇਹ ਵਰਨਣ ਯੋਗ ਹੈ ਕਿ ਜੋਨ ਸਮਾਲਵੁੱਡ ਬੀ.ਸੀ.ਓ.ਐਫ.ਆਰ. ਦੀ ਛੇ ਸਾਲਾਂ ਤੋਂ ਮੈਂਬਰ ਹੈ ਤੇ ਇੱਕ ਸਾਲ ਐਗਜ਼ੇਕਟਿਵ ਵਿੱਚ ਰਹੀ ਹੈ । ਉਨ੍ਹਾਂ ਆਪਣੀ ਸਪੀਚ ਵਿੱਚ ਕਿਹਾ ਕਿ BCOFR ਨੂੰ ਔਰਤਾਂ ਦੀਆਂ ਜਥੇਬੰਦੀਆਂ ਤੇ ਆਲਾ ਦੁਆਲਾ ਸੁਰੱਖਿਅਤ ਕਰਨ ਵਾਲੀਆਂ ਜਥੇਬੰਦੀਆਂ ਦੇ ਨਾਲ ਰਲਕੇ ਵੀ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਨਾਲ ਵੀ ਕਾਫੀ ਵਿਤਕਰਾ ਹੁੰਦਾ ਹੈ । ਉਸਨੇ ਵਾਅਦਾ ਕੀਤਾ ਕਿ ਹਮੇਸ਼ਾ BCOFR ਦਾ ਸਾਥ ਦੇਵੇਗੀ ਤੇ ਜਿਥੇ ਵੀ ਬੀ.ਸੀ. ਆਫਰ ਦੇ ਮੈਂਬਰਾਂ ਨੂੰ ਉਸਦੀ ਲੋੜ ਪਵੇ ਤਾਂ ਉਸਨੂੰ ਪਤਾ ਕਰਨ । ਨਸਲਵਾਦ ਦੇ ਵਿਰੁਧ ਉਹ ਲੇਜਿਸਲੇਚਰ ਵਿੱਚ ਵੀ ਆਵਾਜ਼ ਬੁਲੰਦ ਕਰੇਗੀ ।

ਬੀ.ਸੀ.ਆਫਰ ਨੇ ਨੈਲਸਨ ਮੰਡੇਲਾ ਦੇ ਨਸਲਵਾਦ ਵਿਰੁੱਧ ਘੋਲ ਦੀ ਸ਼ਲਾਘਾ ਕਰਨ ਲਈ ਉਸਨੂੰ BCOFR ਦਾ ਆਨਰੇਰੀ ਮੈਂਬਰ ਬਣਾਇਆ ਤੇ ਉਸਨੂੰ ਪਤਾ ਕਰਨ ਲਈ ਤਾਰ ਭੇਜੀ । ਦੂਸਰੇ ਮਤੇ ਵਿੱਚ ਸਾਊਥ ਅਫਰੀਕਾ ਦੀਆਂ ਨਸਲੀ ਨੀਤੀਆਂ ਦਾ ਖਾਤਮਾ ਕਰਨ ਲਈ ਰੋਡੇਸ਼ੀਆ ਸਰਕਾਰ ਨਾਲ ਤਿਜ਼ਾਰਤ ਦਾ ਮੁਕੰਮਲ ਬਾਈਕਾਟ ਕਰਨ ਲਈ ਆਖਿਆ । ਅਫਰੀਕਾ ਸਰਕਾਰ ਨੂੰ ਇਨ੍ਹਾਂ ਮਤਿਆਂ ਦੀ ਕਾਪੀ ਭੇਜੀ ਗਈ ।

ਚੋਣਾਂ ਵਿਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ ।

ਚਰਨਪਾਲ ਗਿੱਲ,ਪ੍ਰਧਾਨ;ਲਿੰਡਾ ਮਾਰਕੋਟ,ਮੀਤ ਪ੍ਰਧਾਨ;ਮੇਸਿਨ ਹੈਰਿਸ,ਸਕੱਤਰ;ਗੁਰਬੀਰ ਗਿੱਲ,ਖਜ਼ਾਨਚੀ;ਮੈਂਬਰ ਐਟ ਲਾਰਜ਼:—ਗੁਰਪ੍ਰਤਾਪ ਰੰਧਾਵਾ,ਹਰੀ ਸ਼ਰਮਾ,ਮਨੋਜ ਦਾਸ,ਕੈਥੀ ਬੈਲ,ਤ੍ਰਿਲੋਚਨ ਬਰਾੜ,ਕੇਲਵਨ ਵਾਇਡਾ ਤੇ ਸਾਧੂ ਬਿਨਿੰਗ:

ਗੁਰਪ੍ਰਤਾਪ ਰੰਧਾਵਾ
ਐਗਜ਼ੇਕਟਿਵ ਮੈਂਬਰ

# ਸਾਊਥਾਲ ਵਿਚ ਯੂਰਪੀਨ ਪੰਜਾਬੀ ਕਾਨਫਰੰਸ

ਸਾਊਥਾਲ: ਪ੍ਰਗਤੀਸ਼ੀਲ ਲਿਖਾਰੀ ਸਭਾ (ਗ.ਬ.) ਸਾਊਥਾਲ ਵਲੋਂ 23-24 ਮਈ 1987 ਨੂੰ ਸਾਊਥਾਲ ਵਿਖੇ ਯੂਰਪ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀਆਂ ਸਮੱਸਿਆਵਾਂ ਬਾਰੇ ਇਕ ਕਾਨਫਰੰਸ ਕਰਵਾਈ ਜਾ ਰਹੀ ਹੈ । ਇਸ ਦੋ ਰੋਜ਼ਾ ਕਾਨਫਰੰਸ ਵਿੱਚ ਜਰਮਨੀ,ਡੈਨਮਾਰਕ,ਕੀਨੀਆਂ,ਸਵੀਡਨ,ਫਰਾਂਸ,ਕੈਨੇਡਾ, ਆਇਰਲੈਂਡ,ਸਵਿਟਜ਼ਰਲੈਂਡ ਆਦਿ ਮੁਲਕਾਂ ਵਿੱਚ ਵਸਦੇ ਪਾਕਿਸਤਾਨੀ ਤੇ ਭਾਰਤੀ ਪੰਜਾਬੀ ਲੇਖਕ ਭਾਗ ਲੈ ਰਹੇ ਹਨ । ਇਨ੍ਹਾਂ ਵਿਚੋਂ ਕੁਝ ਲੇਖਕ ਆਪਣੀ ਠਹਿਰ ਦੇ ਮੁਲਕ ਵਿੱਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਸਬੰਧੀ ਪਰਚੇ ਵੀ ਪੜ੍ਹਣਗੇ । ਬਰਤਾਨੀਆਂ 'ਚੋਂ ਅਮਰਜੀਤ ਚੰਦਨ,ਜਸਵੀਰ ਬਾਠ ਤੇ ਅਜਮੇਰ ਕਾਵੈਂਟਰੀ ਪਰਚੇ ਪੜ੍ਹਣਗੇ ।

ਸਭਾ ਦੇ ਸਕੱਤਰ ਕੇ.ਸੀ.ਮੋਹਨ ਹੋਰਾਂ ਵਲੋਂ ਸੂਚਨਾ ਅਨੁਸਾਰ ਬੀਤੇ ਹਫਤੇ ਹੋਈ ਵਿਸ਼ੇਸ਼ ਮੀਟਿੰਗ ਵਿਚ ਫੇਅਰੀ ਡਿਜ਼ਾਸ਼ਟਰ ਦੇ ਪੀੜਤਾਂ ਦੇ ਫੰਡ ਲਈ ਸਭਾ ਵਲੋਂ 10 ਪੌਂਡ ਭੇਜਣ ਦਾ ਫੈਸਲਾ ਕੀਤਾ ਗਿਆ ਇਸੇ ਮੀਟਿੰਗ ਵਿਚ ਬਰਤਾਨਵੀ ਲੇਖਕ,ਬਿੱਕਰ ਸਿੰਘ ਜੌਹਲ ਦੀ ਅਚਾਨਕ ਮੌਤ ਤੇ ਦੁੱਖ ਪ੍ਰਗਟ ਕੀਤਾ ਗਿਆ ਹੈ ਤੇ ਪੰਜਾਬ ਵਿਚ ਅਗਾਂਹਵਧੂਆਂ ਦੇ ਕਤਲਾਂ ਦੀ ਨਿਖੇਧੀ ਕੀਤੀ ਗਈ ।


ਸੁਪਰ ਫੋਟੋ ਸਟੂਡੀਓ

Passport Photos 5 Mins. Service

Quality Portraits

Our Bussiness Weddings



Super Photo Studio

9375 - 120th St. (Scott Rd.) Delta

Memories Restored

ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੇਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668

Res. 596-3770

ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

Off. 324-6727

Res. 324-4160

#201 - 2001 East 36th Ave. [at victoria]
Vancouver, B.C. V5P 1C9

MALKIT PARMAR

ROYAL LEPAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :



Bus: (604) 590-1321 Res: 589-2650

8699 - 120th St., North Delta, B.C.

The Manitoba Mirror

ਮੈਨੀਟੋਬਾ ਦਰਪਣ

Dino's at the New Location

ਡੀਨੋਜ਼ ਨਵੀਂ ਥਾਂ ਉਤੇ

# DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ੍ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**

**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**

# Locations Realty Inc.

36, Roslyn Road, WINNIPEG, MAN. R3L 0G6

ਆਪਣਾ ਘਰ ਖ੍ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600** (24 hrs.)

**Res. 694-3550**

LOCATIONS
REALTY INC.



AUTOPAC
PROTECTING MANITOBANS ON THE MOVE

# Dorion Insurance Agency

**ਡੋਰੀਅਨ ਇਨਸ਼ੋਰੈਂਸ ਏਜੰਸੀ**

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061



Kulwant S. Brar
Manager & Owner

Commissioner for oaths

**509 ELLICE AVE. WINNIPEG, MAN.**

# AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**

The Manitoba Mirror

ਮੈਨੀਟੋਬਾ ਦਰਪਣ


# V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼ੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼ੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.





ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁੱਪਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁੱਪਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁੱਪਟੇ ਆਦਿ

ਆਓ ਤੇ ਅਜ਼ਮਾ ਕੇ ਦੇਖੋ!



# BOMBAY FASHIONS

724 SARGENT AVE., WINNIPEG, MANITOBA R3E 0B2

**Ph. 783-0904**

**Prop. BALDEV S. BEDI** M.A.B.A. (Hons.)



# NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ



**Sukhjinder S. Dhillon**
**Res: 669-2573**

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

# ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ

# 'ਕੈਨੇਡਾ ਦਰਪਣ' ਫੋਨ (604)581-4473

## GIL'S NEW & USED

**Furniture & Appliances Warehouse**

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼੍ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

## ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

ਭਾਰਤ ਜਾਣ ਵਾਲਿਆਂ ਲਈ ਜੇ ਰਾਹ ਵਿਚ
ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ
ਫਲਾਈਟਾਂ ਦਾ ਵੀ ਪ੍ਰਬੰਧ ਹੈ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

## BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

## ਪੰਜਾਬੀ ਮਾਰਕਿਟ ਵਿਚ

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

**MENS, LADIES & CHILDRENS' SHOES AND LEATHER LUGGAGE & ACCESSORIES**

**Mohinder Singh Mann**

**ਮੁਹਿੰਦਰ ਸਿੰਘ ਮਾਨ**

**321-4353**

## MANN SHOE STORE

6570 MAIN ST., VANCOUVER, B.C.

# D.P. Pandia & Associates

**Immigration Consultants**

**Serving the Community Since 1939**

## Ph. (604) 684-3716 or 684-8601

# 61 - 553 Granville St., Vancouver,



# ਸਾਹਿਤ ਤੇ ਕਲਾ



ਕਹਾਣੀ

## ਟੁੱਟੇ ਸੁਪਨੇ

ਰਾਬਿੰਦਰ ਸਿੰਘ ਅਟਵਾਲ
ਯੂਬਾ ਸਿਟੀ

'ਮੀਤ' ਸੱਤੀ ਆਪਣੇ ਪੂਰੇ ਜ਼ੋਰ ਦੇ ਨਾਲ ਚਿਲਾਈ।

ਖੁਸ਼ਕ ਸੰਘ 'ਚੋਂ ਨਿਕਲੀ,ਉਸਦੀ ਆਵਾਜ਼ ਕੁਝ ਗਜ਼ ਤੋਂ ਦੂਰ ਨਾ ਜਾ ਸਕੀ। ਮੀਤ ਵਲੋਂ ਕੋਈ ਜਵਾਬ ਨਾ ਮਿਲਿਆ। ਸੱਤੀ ਦੀਆਂ ਅੱਖਾਂ ਦੇ ਵਿਚ ਬੇ-ਬਸੀ ਦੇ ਅੱਥਰੂ ਆ ਗਏ। ਸ਼ਾਬਲ ਨੂੰ ਹੱਥਾਂ ਦੇ ਵਿਚ ਫੜੀ,ਉਸਨੇ ਖੋਭੇ ਵਿਚੋਂ ਨਿਕਲਣ ਦੇ ਵਾਸਤੇ ਹੰਭਲਾ ਮਾਰਿਆ,ਪਰ ਜਿਥੇ ਭੀ ਉਹ ਪੈਰ ਰੱਖਦੀ,ਮੁੜ ਥਾਏਂ ਹੀ ਧਸਦੀ ਜਾਂਦੀ। ਟੀਊਬਵੈਲ ਦੇ ਅੁੱਟੇ ਪਾਣੀ ਨੂੰ,ਰੋਕਣ ਦੀਆਂ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਚੁੱਕੀਆਂ ਸਨ। ਪਾਣੀ ਵੱਟ ਤੋੜਕੇ,ਨਿਵਾਨਾਂ ਵੱਲ ਨੂੰ ਵਗਦਾ ਜਾ ਰਿਹਾ ਸੀ। ਵੱਟ ਦਾ ਪਾੜਾ ਹਰ ਸੈਕਿੰਡ ਵਧਦਾ ਜਾਂਦਾ ਸੀ। ਇਸ ਹਾਲਤ ਵਿਚ ਆਪਣੀ ਬੇ-ਬਸੀ ਦਾ ਖਿਆਲ ਕਰਕੇ,ਸੱਤੀ ਦਾ ਰੋਣ ਨਿਕਲ ਗਿਆ। ਕਹਿਰਾਂ ਦੀ ਗਰਮੀ ਪੈ ਰਹੀ ਸੀ,ਉਸ ਦਿਨ। ਹਵਾ ਬਿਲਕੁਲ ਬੰਦ ਸੀ। ਪੀਚਾਂ ਦੇ ਦਰਖਤਾਂ ਦਾ ਪੱਤਾ ਤੱਕ ਨਹੀਂ ਸੀ ਹਿਲ ਰਿਹਾ। ਮੀਤ ਕਿੰਨੇ ਚਿਰ ਦਾ,ਫਾਰਮਰ ਦੇ ਘਰ ਵੱਲ,ਆਪਣੀ ਤੇਹ ਬੁਝਾਉਣ ਤੇ ਸੱਤੀ ਦੇ ਲਈ ਪਾਣੀ ਲੈਣ ਲਈ ਗਿਆ ਹੋਇਆ ਸੀ। ਪਾਣੀ ਦੇ ਟੁੱਟਣ ਦੀ ਚਿੰਤਾ,ਆਪਣੇ ਖੋਭੇ ਵਿਚੋਂ ਨਾ ਨਿਕਲ ਸਕਣ ਦੀ ਲਾਚਾਰਗੀ,ਗਰਮੀ ਤੇ ਪਿਆਸ ਨੇ ਰਲ ਮਿਲ ਕੇ ਸੱਤੀ ਦਾ ਬੁਰਾ ਹਾਲ ਕੀਤਾ ਹੋਇਆ ਸੀ।

ਸੱਤੀ ਦੀਆਂ ਅੱਖਾਂ ਦੇ ਵਿਚ ਹੰਝੂ ਆ ਗਏ। "ਹਾਇ ਨੀ ਮੇਰੀਏ ਮਾਏ! ਦੇਖ ਆਕੇ ਆਪਣੀ ਲਾਡਲੀ ਧੀ ਨੂੰ ਅਮਰੀਕਾ ਦੇ ਵਿਚ ਐਸ਼ ਕਰਦੀ ਨੂੰ?"ਉਹਦੇ ਮੂੰਹੋਂ ਨਿਕਲਿਆ ਤੇ ਫਿਰ ਉਹ ਫੁੱਟ ਫੁੱਟ ਕੇ ਰੋਣ ਲੱਗ ਪਈ। ਮੀਤ ਦੇ ਮੁੜਣ ਤੱਕ,ਉਹ ਰੋ ਰੋ ਕੇ ਬੇ-ਹਾਲ ਹੋ ਚੁੱਕੀ ਸੀ। ਪਾਣੀ ਟੁੱਟਾ ਦੇਖ,ਫਾਰਮਰ ਦੇ ਗੁੱਸੇ ਦਾ ਖਿਆਲ ਕਰਕੇ,ਤੇ ਖੋਭੇ ਵਿਚ ਫਸੀ ਰੋ ਰਹੀ ਸੱਤੀ ਨੂੰ ਤੱਕ ਕੇ,ਮੀਤੇ ਦੇ ਗੁੱਸੇ ਦਾ ਪਾਰਾ ਇਕ ਦਮ ਚੜ੍ਹ ਗਿਆ। ਉਹ ਗਰਜਿਆ,"ਹਰਾਮ ਦੀਏ ਸ਼ਹਿਰਣੇ,ਤੂੰ ਹੀ ਲਿਖੀ ਸੀ ਮੇਰੀ ਕਿਸਮਤ ਵਿਚ। ਕੰਜਰ ਮਾਪਿਆਂ ਨੇ ਰੱਜ ਕੇ ਤੈਨੂੰ ਖਾਣ ਨੂੰ ਨਾ ਦਿੱਤਾ? ਸਾਰਾ ਕੰਮ ਚੌੜ ਕਰ ਦਿਤਾ। ਪੰਜਾਂ ਮਿੰਟਾਂ ਵਿਚ? ਹੱਥਾਂ ਪੈਰਾਂ ਦੇ ਵਿਚ ਸਾਹ ਹੈ ਭੀ ਕਿ ਨਹੀਂ,ਕੰਜਰ ਦੀਏ ਉਲਾਦੇ!"ਗਾਲ੍ਹਾਂ,ਬਕਦਾ ਬਕਦਾ,ਮੀਤਾ ਜਲਦੀ ਜਲਦੀ ਸਾਬਲ ਦੇ ਨਾਲ ਪਾੜਾ ਭਰਨ ਲੱਗ ਪਿਆ। ਆਪਣੀ ਪਿਆਸ ਨੂੰ ਭੁੱਲ,ਉਸੇ ਹਾਲਤ ਦੇ ਵਿਚ ਸੱਤੀ ਖੋਭੇ ਦੇ ਵਿਚ ਖੁਭੀ,ਰੋਈ ਜਾ ਰਹੀ ਸੀ।

ਆਪਣੇ ਮਾਂ ਪਿਉ ਨੂੰ ਗਾਲ੍ਹਾਂ,ਸੁਣਨ ਦੀ ਸੱਤੀ,ਆਦੀ ਹੋ ਚੁੱਕੀ ਸੀ। ਜਦੋਂ ਉਹ ਵਿਆਹ ਹੋ ਕੇ ਇਥੇ ਆਈ ਸੀ ਤਾਂ ਉਸਦੇ ਹੁਸਨ ਦੀ ਝਾਲ ਨਹੀਂ ਸੀ ਝੱਲੀ ਜਾਂਦੀ। ਲੰਮ ਸਲੰਮੀ,ਗੋਰਾ ਚਿੱਟਾ ਰੰਗ,ਦਿਲ ਖਿਚਵੇਂ ਨੈਣ ਨਕਸ਼ ਤੇ ਗਜ਼ ਗਜ਼ ਲੰਬੇ ਕਾਲੇ ਸਿਆਹ ਵਾਲਾਂ ਵਾਲੀ ਸੱਤੀ,ਜਿਧਰੋਂ ਦੀ ਲੰਘ ਜਾਂਦੀ,ਲੋਕ ਖੜ੍ਹੇ ਹੋਕੇ ਮੁੜ ਮੁੜ ਕੇ ਦੇਖਦੇ। ਮੀਤੇ ਤੇ ਸ਼ੱਕ ਕਰਦੇ। ਕਿਥੋਂ ਇਹ ਹੀਰ ਲੱਭ ਲਿਆਏ ਸਨ,ਉਹਦੇ ਮਾਪੇ ਆਪਣੇ ਅਣ-ਘੜਤ ਤੇ ਅਨਪੜ੍ਹ ਪੁੱਤ ਲਈ। ਕਈ ਸੱਤੀ ਦੇ ਮਾਪਿਆਂ ਦੀ ਕਮ-ਅਕਲੀ ਤੇ ਹੈਰਾਨ ਹੁੰਦੇ,ਜਿੰਨਾ ਅਮਰੀਕਾ ਦੇ ਲਾਲਚ ਵਿਚ ਆਪਣੀ ਪਰੀਆਂ ਵਰਗੀ ਧੀ ਦੀ ਬਲੀ ਦੇ ਦਿਤੀ ਸੀ।

ਪਾੜਾ ਭਰਿਆ ਜਾ ਚੁੱਕਾ ਸੀ। ਸ਼ਾਬਲ ਮੋਢੇ ਤੇ ਰੱਖੀ,ਮੀਤਾ ਅਜੇ ਭੀ ਸੜਿਆ ਬਲਿਆ ਬੁੜ੍ਹ ਬੁੜ੍ਹ ਕਰੀ ਜਾ ਰਿਹਾ ਸੀ। ਸੱਤੀ ਔਖੀ ਸੌਖੀ ਖੋਭੇ ਦੇ ਵਿਚੋਂ ਨਿਕਲ ਚੁੱਕੀ ਸੀ। ਉਸਦੇ ਕੱਪੜੇ ਤੇ ਸਿਰ ਦੇ ਵਾਲ,ਗਿੱਲੀ ਮਿੱਟੀ ਦੇ ਨਾਲ ਭਰੇ ਹੋਏ ਸਨ। ਉਸਨੂੰ ਗਰਮੀ ਤੇ ਪਿਆਸ ਵਿਸਰ ਗਏ ਸਨ।



ਇਕ ਅਹਿਲ ਤੇ ਬੇ-ਬਸ ਗੁੱਸੇ ਦੇ ਵਿਚ ਖੜ੍ਹੀ,ਬਿਨਾਂ ਅੱਖਾਂ ਝਮਕੀ,ਦੂਰ ਅਕਾਸ਼ਾਂ ਵੱਲ ਇਕ ਟਿਕ ਦੇਖੀ ਜਾ ਰਹੀ ਸੀ,ਜਿਵੇਂ ਤੱਪਦੇ,ਸੀਨੇ ਬੇ-ਦਰਦ ਅਸਮਾਨ ਦੇ ਹਿਰਦੇ ਤੇ ਲਿਖੀਆਂ,ਆਪਣੀਆਂ ਕਿਸਮਤ ਦੀਆਂ ਲਿਖਤਾਂ ਨੂੰ ਪੜ੍ਹਨ ਦੇ ਯਤਨ ਕਰ ਰਹੀ ਹੋਵੇ। ਉਹਦੀ ਛਾਤੀ ਵਿਚੋਂ ਨਿਕਲਿਆ ਠੰਡਾ ਹਉਕਾ,ਗਰਮ ਵਾਤਾਵਰਣ ਦੇ ਵਿਚ ਗਵਾਚ ਜਾਂਦਾ

ਸੂਰਜ ਕਾਫੀ ਚਿਰ ਦਾ ਢੱਲ ਚੁੱਕਿਆ ਸੀ,ਜਦੋਂ ਉਨ੍ਹਾਂ ਨੇ ਕੰਮ ਖਤਮ ਕੀਤਾ। ਘੁਸਮੁਸਾ ਹੋਏ,ਉਹ ਦੋਵੇਂ ਆਪਣੇ ਛਕੜੇ ਨੁਮਾ ਪਿਕ-ਅਪ ਦੇ ਵਿਚ,ਘਰ ਵੱਲ ਨੂੰ ਤੁਰ ਪਏ। ਦਿਨ ਦੀ ਤੱਪਸ਼ ਘੱਟ ਚੁੱਕੀ ਸੀ ਤੇ ਹੁਣ ਠੰਡੀ ਠੰਡੀ ਹਵਾ ਚਲਣੀ ਸ਼ੁਰੂ ਹੋ ਗਈ ਸੀ। ਸਾਰੇ ਦਿਨ ਦੀ ਥੱਕੀ ਹਾਰੀ,ਉਹ ਮੀਤ ਦੇ ਨਾਲ ਬੈਠੀ ਊਂਘਣ ਲੱਗ ਪਈ। ਦਿਨੇ ਹੋਈ ਤਕਰਾਰ ਤੋਂ ਪਿਛੋਂ ਉਹ ਇਕ ਦੂਜੇ ਦੇ ਨਾਲ ਖਿਚੇ ਖਿਚੇ ਰਹੇ ਸਨ। ਮਤਲਬ ਤੋਂ ਬਿਨਾਂ,ਉਨ੍ਹਾਂ ਨੇ ਕੋਈ ਸ਼ਬਦ ਸਾਂਝਾ ਨਹੀਂ ਸੀ ਕੀਤਾ।

ਘਰ ਪੁੱਜ ਕੇ ਸੱਤੀ ਨੇ ਵੇਖਿਆ ਕਿ ਸਦਾ ਦੇ ਵਾਂਗ,ਉਸਦੀ ਸੱਸ,ਟੈਲੀਫੂਨ ਫੜੀ ਕਿਸੇ ਵਾਕਫ ਜ਼ਨਾਨੀ ਨੇ ਨਾਲ ਚੁਗਲੀ ਨਿੰਦਿਆ ਕਰਨ ਦੇ ਵਿਚ ਰੁਝੀ ਹੋਈ ਸੀ। ਕਿਚਨ ਦੇ ਵਿਚ,ਸ਼ਿੰਕ ਤੇ ਉਸਦਾ ਆਲਾ ਦੁਆਲਾ ਦਿਨ ਭਰ ਦੇ ਜੂਠੇ ਬਰਤਨਾਂ ਨਾਲ ਭਰਿਆ ਪਿਆ ਸੀ। ਆਟਾ,ਦਾਲ,ਸ਼ਬਜ਼ੀ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ। ਲਿਵਿੰਗ ਰੂਮ ਜਾਂ ਬੈਡ ਰੂਮਾਂ ਦੇ ਵਿਚ ਕਿਸੇ ਨੇ ਹੱਥ ਨਹੀਂ ਸੀ ਲਾਇਆ। ਬਾਹਰ,ਗਿੱਠ ਗਿੱਠ ਘਾਹ ਦੇ ਵਿਚ ਇਕ ਟੁੱਟੀ ਜਿਹੀ ਕੁਰਸੀ ਤੇ ਬੈਠਾ ਉਸਦਾ ਸਹੁਰਾ,ਲੱਕੜ ਦੇ ਇਕ ਸਟੂਲ ਜੇਹੇ ਤੇ ਵਿਸਕੀ ਦਾ ਘੜਾ ਰੱਖੀ,ਪੀਣ ਦੇ ਵਿਚ ਮਗਨ ਸੀ। ਮੀਤ ਭੀ ਆਪਣੇ ਪਿਉ ਦੇ ਪਾਸ ਜਾ ਬੈਠਾ ਸੀ।

ਸੱਤੀ ਨੇ ਸੋਚਿਆ,ਹੁਣ ਸੁਦਾ ਵਾਂਗ ਪਿਉ ਪੁੱਤ ਰਲ ਕੇ,ਆਪਣੇ ਜਸਮਾਂ ਜਸਮਾਂ ਦੀਆਂ ਪਿਆਸਾਂ ਨੂੰ ਬੁਝਾਉਣਗੇ ਤੇ ਫਿਰ ਰਾਤ ਨੂੰ ਉਹਦੇ ਸਰੀਰ ਨੂੰ ਨੋਚਿਆ ਜਾਵੇਗਾ। ਤੇ ਹੁਣੇ ਹੀ ਸ਼ਰਾਬ ਦੇ ਨਾਲ ਕੁਝ ਖਾਣ ਨੂੰ ਮੰਗਿਆ ਜਾਵੇਗਾ। ਉਸਨੇ ਜਲਦੀ ਜਲਦੀ ਇਕ ਪਲੇਟ ਦੇ ਵਿਚ ਟਮਾਟਰ ਤੇ ਗੰਢੇ ਕੱਟਣੇ ਸ਼ੁਰੂ ਕਰ ਦਿਤੇ। ਬਾਹਰ ਮੱਛਰ ਤੇ ਹੋਰ ਕੀੜੇ ਮਕੌੜਿਆਂ ਦਾ ਜ਼ੋਰ ਵਧਦਾ ਜਾ ਰਿਹਾ ਸੀ। ਖਿੜਕੀਆਂ ਦੀਆਂ ਟੁੱਟੀਆਂ ਜਾਲੀਆਂ ਵਿਚੋਂ ਦੀ,ਦਾਖਲ ਹੋਕੇ ਮੱਛਰ ਲਾਈਟ ਦੇ ਦੁਆਲੇ ਚੱਕਰ ਕੱਟ ਰਹੇ ਸਨ। ਸੱਤੀ ਨੂੰ ਆਪਣੇ ਪਤੀ ਤੇ ਸਹੁਰੇ ਦਾ ਖਿਆਲ ਆਇਆ,ਜਿਹੜੇ ਮੱਛਰਾਂ ਤੋਂ ਬੇ-ਪਰਵਾਹ,ਸ਼ਰਾਬ ਡੱਫੀ ਜਾ ਰਹੇ ਸਨ। ਸੱਤੀ ਨੂੰ ਲਗਿਆ ਕਿ ਜਿਵੇਂ ਇਹ ਇਨਸਾਨ ਹੋਣ ਦੀ ਵਜਾਇ ਪਸ਼ੂ ਹੋਵਣ। ਸੱਸ ਪਹਿਲੀ ਸਹੇਲੀ ਦੇ ਨਾਲ ਗੱਲਬਾਤ ਖਤਮ ਕਰ ਚੁੱਕੀ ਸੀ ਤੇ ਹੁਣ ਕਿਸੇ ਹੋਰ ਚੁਗਲ ਕਲੱਬ ਦੀ ਮੈਂਬਰ ਦੇ ਨਾਲ ਰੁਝ ਚੁੱਕੀ ਸੀ। ਫੋਨ ਤੇ ਇਹ ਸਿਲਸਿਲਾ ਸਦਾ ਵਾਂਗ,ਸੌਣ ਦੇ ਟਾਈਮ ਤੱਕ ਚਲਦਾ ਰਹਿਣਾ ਸੀ।

ਸੱਤੀ ਆਪਣੀ ਸਾਰੇ ਦਿਨ ਦੀ ਥਕਾਵਟ ਨੂੰ ਭੁੱਲ ਕੇ,ਘਰ ਦੇ ਕੰਮ ਕਾਜ ਦੇ ਵਿਚ ਰੁਝ ਗਈ। ਉਹਦੇ ਜਿਸਮ ਨੂੰ ਆਰਾਮ ਦੀ ਲੋੜ ਮਹਿਸੂਸ ਹੋ ਰਹੀ ਸੀ। ਉਹ ਚਾਹੁੰਦੀ ਸੀ ਕਿ ਕੁਝ ਚਿਰ ਬੈਠਕੇ,ਸਸਤਾ ਲਵੇ। ਕੋਈ ਉਸਨੂੰ ਗਰਮ ਗਰਮ ਚਾਹ ਦਾ ਕੱਪ ਬਣਾ ਕੇ ਦੇਵੇ। ਕੋਈ ਜਾਦੂ ਦੀ ਸੋਟੀ ਹੋਵੇ,ਜਿਸਦੇ ਹਿਲਾਉਣ ਦੇ ਨਾਲ,ਘਰ ਦੇ ਸਾਰੇ ਕੰਮ ਹੋ ਜਾਣ ਤੇ ਉਹ ਆਰਾਮ ਦੇ ਨਾਲ ਸੌਂ ਕੇ ਸਾਰੇ ਦਿਨ ਦੀ ਥਕਾਵਟ ਲਾਲ ਲਵੇ।

ਰਾਤ ਦੇ ਦਸ ਤੋਂ ਉਪਰ ਹੋ ਚੁੱਕੇ ਸਨ,ਜਦੋਂ ਉਹ ਡਿੱਗਦੀ ਢਹਿੰਦੀ,ਰੋਟੀ ਪਾਣੀ,ਕਿਚਨ ਦੀ ਸਫਾਈ ਆਦਿ ਤੋਂ ਵਿਹਲੀ ਹੋਈ। ਉਸਦੇ ਜਿਸਮ ਦਾ ਅੰਗ ਅੰਗ ਟੁੱਟ ਰਿਹਾ ਸੀ। ਸਹੁਰਾ ਸ਼ਰਾਬ ਦੇ ਨਾਲ ਰਜਿਆ,ਲਿਵਿੰਗ ਰੂਮ ਵਿਚ ਹੀ,ਸੈੱਟੀ ਤੇ ਪਿਆ,ਘੁਰਾੜੇ ਮਾਰ ਰਿਹ ਸੀ। ਉਸਦੇ ਅੱਧ-ਖੁੱਲ੍ਹੇ ਮੂੰਹ ਦੇ ਵਿਚੋਂ,ਥੁਕ ਵਗ ਵਗ ਕੇ ਠੋਡੀ ਗਿਲੀ ਕਰ ਰਿਹਾ ਸੀ। ਸ਼ਰਾਬ ਦੀ ਹਵਾੜ ਦੇ ਨਾਲ,ਸਾਰੇ ਕਮਰੇ ਵਿਚ ਬੂ ਫੈਲੀ ਹੋਈ ਸੀ ਸੱਸ ਟੈਲੀਫੂਨ ਤੋਂ ਵੇਹਲੀ ਹੋ,ਮੀਤ ਦੇ ਕੋਲ ਬੈਠੀ ਵੀਡੀਓ ਤੇ ਕੋਈ ਘਟੀਆ ਜੇਹੀ ਮਾਰ ਧਾੜ ਕਿਸਮ ਦੀ ਫਿਲਮ ਦਾ ਮਜ਼ਾ ਲੈ ਰਹੀ ਸੀ।

ਸੱਤੀ ਦਾ ਜੀਅ ਕੀਤਾ ਕਿ ਉਹ ਚੁੱਪ ਚਾਪ ਬੈਡਰੂਮ ਦੇ ਵਿਚ ਜਾਕੇ ਸੌਂ ਜਾਵੇ ਪਰ ਫਿਰ ਸੱਸ ਤੇ ਮੀਤੇ ਦੇ ਗੁੱਸੇ ਦੇ ਡਰੋਂ,ਉਨ੍ਹਾਂ ਦੇ ਲਾਗੇ,ਇਕ ਨੁਕਰੇ ਬੈਠ,ਫਿਲਮ ਦੇਖਣ ਲੱਗ ਪਈ। ਕੁਝ ਚਿਰ ਤੇ ਉਹਦੀਆਂ ਨਜ਼ਰਾਂ,ਟੈਲੀਵੀਜ਼ਨ ਦੀ ਸਕਰੀਨ ਤੇ ਅਟਕੀਆਂ ਰਹੀਆਂ ਪਰ ਫਿਰ ਕੁਝ ਚਿਰ ਪਿਛੋਂ,ਉਸਦੀਆਂ ਅੱਖਾਂ ਬੰਦ ਹੋਣ ਲੱਗੀਆਂ ਤੇ ਉਹ ਫਿਲਮ ਦੀ ਦੁਨੀਆਂ ਤੋਂ ਸੁਪਨਿਆਂ ਦੀ ਦੁਨੀਆਂ ਦੇ ਵਿਚ ਪੁੱਜ ਗਈ। ਸੱਤੀ ਨੇ ਸੁਪਨੇ ਵਿਚ ਤੱਕਿਆ,ਉਹ ਅਜੇ ਬਾਲੜੀ ਹੈ। ਆਪਣੇ ਪਾਪਾ ਦਾ ਹੱਥ ਫੜੀ ਸ਼ਾਪਿੰਗ ਪਲਾਜ਼ਾ ਵਿਚ ਫਿਰ ਰਹੀ ਹੈ। ਇਕ ਹੱਥ ਵਿਚ ਰੰਗ ਬਰੰਗੇ ਬੈਲੂਨ ਹਨ ਤੇ ਦੂਜੇ ਹੱਥ ਵਿਚ ਟਾਫੀਆਂ। ਉਹ ਆਪਣੀ ਤੋਤਲੀ ਜ਼ਬਾਨ ਵਿਚ ਕਿਸੇ ਗੀਤ ਦੇ ਸ਼ਬਦ ਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਪਾ ਖੁਸ਼ ਹਨ-ਬੇਹੱਦ ਖੁਸ਼। ਉਹ ਸੱਤੀ ਵੱਲ ਦੇਖ ਦੇਖ ਵਾਰ ਵਾਰ ਮੁਸਕਰਾਉਂਦੇ ਹਨ ਫਿਰ ਝੀਲ ਆ ਜਾਂਦੀ ਹੈ। ਚਿੱਟੀਆਂ,ਨੀਲੀਆਂ ਤੇ ਕਈ ਹੋਰ ਰੰਗਾਂ ਵਾਲੀਆਂ ਬਾਦਬਾਨਾਂ ਵਾਲੀਆਂ ਕਿਸ਼ਤੀਆਂ,ਪਾਣੀ ਦੀ ਸਤਿਹ ਤੇ ਤੈਰ ਰਹੀਆਂ ਹਨ। ਲੋਕ ਖੁਸ਼ ਹਨ। ਹਰ ਪਾਸੇ ਖੁਸ਼ੀ ਹੈ। ਭੀੜ ਵੱਧ ਜਾਂਦੀ ਹੈ। ਭੀੜ ਵਿਚ,ਉਹ ਆਪਣੇ ਪਾਪਾ ਪਾਸੋਂ ਵਿਛੜ ਜਾਂਦੀ ਹੈ। ਉਹ ਘਬਰਾ ਜਾਂਦੀ ਹੈ। ਪਾਪਾ ਨੂੰ ਟੋਲਦੀ ਹੈ। ਬੈਲੂਨ ਹੱਥਾਂ ਵਿਚੋਂ ਨਿਕਲ ਜਾਂਦੇ ਹਨ ਤੇ ਉਤਾਂਹ ਅਸਮਾਨ ਵੱਲ ਉਡ ਜਾਂਦੇ ਹਨ। ਟਾਫੀਆਂ ਹੱਥ ਵਿਚੋਂ ਡਿੱਗ ਪੈਂਦੀਆਂ ਹਨ ਤੇ ਲੋਕਾਂ ਦੇ ਪੈਰ ਉਨ੍ਹਾਂ ਨੂੰ ਮਿਧ ਦਿੰਦੇ ਹਨ। ਉਹ ਰੋਂਦੀ ਰੋਂਦੀ ਪਾਪਾ-ਪਾਪਾ ਪੁਕਾਰੀ ਜਾਂਦੀ ਹੈ.....।

ਉਹਦੇ ਕੰਨੀਂ,ਸੱਸ ਦੀ ਕੁਰਖਤ ਆਵਾਜ਼ ਪੈਂਦੀ ਹੈ,"ਦਫਾ ਕਰੋ ਇਥੋਂ,ਇਸ ਪਿਉ ਦੀ ਹੇਜਲੀ ਹੈ। ਜਾਗਦੀ ਪਾਪਾ-ਪਾਪਾ ਸੁੱਤੀ ਵੀ ਪਾਪਾ-ਪਾਪਾ। ਵਿਆਹ ਲਈ ਸੁਗਾਤ। ਨੂੰਹ ਦੇਖੀ ਪ੍ਰੀਤੋ ਦੀ। ਸੱਸ ਦੀਆਂ ਮਾਲਸ਼ਾਂ ਕਰਦੀ ਆ। ਹੱਥ ਪੈਰ ਘੁੱਟਦੀ ਆ,ਕੀ ਮਜ਼ਾਲ ਜੇ ਟੱਬਰ ਦੇ ਜੀਆਂ ਤੋਂ ਪਹਿਲਾਂ ਸੌਂ ਜਾਵੇ। ਮਾੜੀ ਕਿਸਮਤ ਸਾਡੀ.....।"

ਸੱਤੀ ਨੇ ਅੱਖਾਂ ਬੰਦ ਕੀਤੀਆਂ ਹੋਈਆਂ ਸਨ। ਸਭ ਕੁਝ ਸੁਣਦੀ ਹੋਈ ਵੀ,ਉਹ ਕੁਝ ਨਹੀਂ ਸੁਣ ਰਹੀ ਸੀ। ਸੁਪਨਾ ਟੁੱਟ ਗਿਆ ਸੀ।

**Fine Automotive Ltd.**
15220-56th. Ave., Surrey, B.C. V3S 4N7
**Automotive Repairs & Services**
ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy Car

- ☐ Tune ups ☐ Brakes ☐ Shocks
- ☐ Lubrications ☐ Exhaust ☐ Gas
- ☐ Electrical Welding ☐ Propane Conversion

Sarjit Hunjan Ph. 576-2014
Malkiat Hoonjan Service Manager

**Star Drywall Construction Co. Ltd.**

- Complete Drywall Service
- Guaranteed Work
- Free Estimates

Sahib or Nake
Ph. (604) 589-4830
P.O.BOX 639
SURREY, B.C. V3T 5L9

# ਗੀਤ

### ਇੰਡੀਆ ਤੋਂ ਆਈ ਕੁੜੀ ਦੇ ਨਾਂ

### ਮਹਿੰਦਰ ਸੂਮਲ,ਵੈਨਕੂਵਰ

ਨਾ ਹੋਵੀਂ ਜਰਾ ਉਦਾਸ ਕੁੜੇ ।
ਨਹੀਂ ਹੋਣੀ ਪੂਰੀ ਆਸ ਕੁੜੇ ।
ਇਥੇ ਕੁੱਝ ਨਹੀਂ ਗੋਰੇ ਖੂਹ ਵਰਗਾ
ਇਥੇ ਕੁੱਝ ਨਹੀਂ ਪਿੰਡ ਦੀ ਜੂਹ ਵਰਗਾ
ਇਥੇ ਕੁੱਝ ਨਹੀਂ ਵਾਂਗ ਭਰਾਵਾਂ ਦੇ
ਮਾਂ ਵਰਗੇ ਸੁੱਖ ਨਹੀਂ ਮਾਵਾਂ ਦੇ
ਸਾਹ ਸੱਤ ਨਹੀਂ ਅੰਦਰ ਸਾਹਵਾਂ ਦੇ
ਸਾੜ੍ਹੀ ਵਿਚ ਲਿਪਟੀ ਹੋਈ ਵੀ
ਲਗਦੀ ਏ ਵਾਂਗਰ ਲਾਸ਼ ਕੁੜੇ
ਇਥੇ ਮਹਿਲ ਨਹੀਂ ਪਰਛਾਵੇਂ ਨੇ
ਘਰ ਬਿੱਲਾਂ ਦੇ ਸਰਨਾਵੇਂ ਨੇ
ਕੁੱਝ ਗੂੜੇ ਰੰਗ ਦੇ ਪਰਦੇ ਨੇ
ਦੋ ਬੁਜ਼ਦਿਲ ਜਹੇ ਬੁੱਤ ਪੰਛੀਆਂ ਦੇ
ਜੋ ਸੋਚੀਂ ਹੀ ਮਰ ਜਾਣੇਂ ਨੇ
ਜਾਂ ਘਰ ਦੀਆਂ ਕੰਧਾਂ ਚਮਕਦੀਆਂ
ਜਿਵੇਂ ਕੈਦੀ ਦੀ ਧਰਵਾਸ ਕੁੜੇ
ਇਥੇ ਰੌਣਕ ਤੇ ਇਕਲਾਪਾ ਹੈ
ਜੱਫੀ ਦੇ ਵਾਂਗਰ ਨਿੱਘਾ ਨਹੀਂ
ਜੋ ਮਾਂ ਤੇ ਧੀ ਦਾ ਨਾਤਾ ਹੈ
ਨਾਂ ਪੀੜਾਂ ਬਾਬਲ ਵਿਹੜੇ ਦੀ
ਨਾਂ ਸਖੀਆਂ ਵਰਗਾ ਹਾਸਾ ਹੈ
ਇਹ ਪੱਛਮ ਦੀ ਤਹਿਜ਼ੀਬ ਕੁੜੇ
ਕੀ ਕੀ ਨਹੀਂ ਇਸਦੇ ਪਾਸ ਕੁੜੇ
ਇਥੇ ਕੁੱਝ ਨਹੀਂ ਪਿਉ ਦੀ ਪੱਤ ਵਰਗਾ
ਲੱਜਤੀਂ ਸ਼ਰਮਾਈ ਅੱਖ ਵਰਗਾ
ਨਾ ਕੱਚਿਆਂ ਦੇ ਰੁੜ੍ਹ ਜਾਣੇ ਦਾ
ਨਾ ਗਮ ਕੋਈ ਚੀਰੇ ਪੱਟ ਵਰਗਾ
ਚਿੱਤ ਲਾ ਤੇਂ ਦਰਦ ਹੰਢਾ ਅੜੀਏ
ਇਹ ਉਮਰਾਂ ਦਾ ਬਣਵਾਸ ਕੁੜੇ
ਨਾ ਹੋਵੀਂ ਜਰਾ ਉਦਾਸ ਕੁੜੇ
ਨਹੀਂ ਹੋਣੀ ਪੂਰੀ ਆਸ ਕੁੜੇ
ਇਥੇ ਕੁੱਝ ਨਹੀਂ ਗੋਰੇ ਖੂਹ ਵਰਗਾ
ਇਥੇ ਕੁੱਝ ਨਹੀਂ ਪਿੰਡ ਦੀ ਜੂਹ ਵਰਗਾ

---

# "ਜੇ ਆਦਮੀ ਨਾ ਵੈਰ ਕਰੇ ਆਦਮੀ ਦੇ ਨਾਲ"

**(ਵਲੋਂ ਬਾਬੂ ਨਿਰਮਲ ਸਿੰਘ "ਨਾਜ਼", ਅਖਬਾਰ 'ਨਵਾਂ ਜ਼ਮਾਨਾ' ਜਲੰਧਰ ਦੇ ਪੁਰਾਣੇ ਸਟਾਫ ਵਿਚੋਂ)**

ਇਉਂ ਬੀਤਦੇ ਨੇ ਉਮਰ ਦੇ ਦਿਨ ਜ਼ਿੰਦਗੀ ਦੇ ਨਾਲ !
ਤੁਰਿਆ ਰਹਾਂ ਜਿਵੇਂ ਮੈਂ ਕਿਸੇ ਅਜਨਬੀ ਦੇ ਨਾਲ !
ਗਮ ਹੈ ਖੁਸ਼ੀ ਦੇ ਨਾਲ,ਅਜਲ ਜ਼ਿੰਦਗੀ ਦੇ ਨਾਲ,
ਦੁਨੀਆਂ ਦੇ ਵਿਚ ਹਨ੍ਹੇਰਾ ਵੀ ਹੈ ਰੌਸ਼ਨੀ ਦੇ ਨਾਲ !
ਆਪਣੀ ਅਕਲ ਦੀ ਉਲਝਨੋਂ ਉਕਤਾ ਕੇ ਆਦਮੀ,
ਸਿਰ ਤੋੜ ਨਾ ਲਵੇ ਕਿਤੇ ਦੀਵਾਨਗੀ ਦੇ ਨਾਲ !
ਆ ਜਾਏ ਫੇਰ ਜ਼ਿੰਦਗੀ ਦੇ ਰੂਪ ਤੇ ਨਿਖਾਰ,
ਜੋ ਆਦਮੀ ਨਾ ਵੈਰ ਕਰੇ ਆਦਮੀ ਦੇ ਨਾਲ !
ਤਸਵੀਰ ਜ਼ਿੰਦਗੀ ਦੀ ਨਿਗਾਹਾਂ 'ਚ ਆ ਗਈ,
ਰੋਂਦੀ ਤੇਲ ਦੇਖਕੇ ਹੱਸਦੀ ਕਲੀ ਦੇ ਨਾਲ !
ਇਹ ਦੁੱਖ ਤਾਂ ਮੈਨੂੰ ਜ਼ਿੰਦਗੀ ਨਾਲੋਂ ਅਜ਼ੀਜ਼ ਨੇ,
ਦਿੱਤੇ ਜੋ ਮੇਰੇ ਯਾਰ ਨੇ ਮੈਨੂੰ ਖੁਸ਼ੀ ਦੇ ਨਾਲ !
ਦੁੱਖ ਤੋਂ ਬਿਨਾਂ ਨਹੀਂ ਹੈ ਮੁਹੱਬਤ 'ਚ ਕੁੱਝ ਵੀ ਹੋਰ,
ਸ਼ਾਲਾ ! ਨਾ ਹੋਵੇ ਪਿਆਰ ਕਿਸੇ ਦਾ ਕਿਸੇ ਦੇ ਨਾਲ !
ਤੇਰਾ ਜਮਾਲ ਤੂਰ ਦੇ ਜਲਵੇ ਦਿਖਾ ਗਿਆ,
ਮੈਂ ਦੇਖਦਾ ਹੀ ਰਹਿ ਗਿਆ ਹੈਰਾਨਗੀ ਦੇ ਨਾਲ !
ਮੈਂ ਹੀ ਸੁਣਾਉਂਦਾ ਸੌਂ ਗਿਆ,ਸੋਹਣੇ ਦਹ ਵਾਰਤਾ,
ਸਰਾ ਜਹਾਨ ਸੁਣਦਾ ਸੀ ਸੰਜੀਦਗੀ ਦੇ ਨਾਲ

---

# ਸੁੱਕਾ ਜੰਗਲ

### ਸਾਧੂ

ਕੁਝ ਪਲ ਖਾਮੋਸ਼
ਫਿਰ ਭਿਅੰਕਰ
ਬਣ ਚੁੱਕੇ ਜੰਗਲ
ਗਲੀਆਂ ਪਿੰਡ ਸ਼ਹਿਰ ਨੇ

ਰਹਿ ਗਿਆ ਸਿਰਫ
ਜਾਨਵਰਾਂ ਨੂੰ ਹੱਕ ਜੀਵਣ ਦਾ
ਕੁਰਸੀਆਂ ਤੇ ਦਰਿੰਦੇ
ਉਗੱਲਛਦੇ ਜਾਨੂੰਨੀ ਜ਼ਹਿਰ ਨੇ

ਹੈ ਜੰਗਲ ਵਿਚ ਹੋਕਾ
ਕਰਦੇ ਜੋ ਚਤਰਾਈ
ਇਨਸਾਨ ਬਣਨ ਦੀ
ਆਪਣੇ ਨਹੀਂ ਉਹ ਗੈਰ ਨੇ

ਸੜਕਾਂ ਚੁਰਾਹਿਆਂ 'ਚ
ਦਿਨ ਦਿਹਾੜੇ
ਕਤਲ ਕੀਤੇ ਜਾਣਗੇ
ਜੋ ਫਿਰਦੇ ਹਥਿਆਰਾਂ ਵਗੈਰ ਨੇ

ਜਮਾਤੀ ਹੁੰਦੀਆਂ ਤਾਂ
ਦੁਸ਼ਮਣੀਆਂ ਦੀ ਕੁਛ ਹਾਥ ਪੈਂਦੀ
ਬੀਜੇ ਵਧਾਏ ਜਾ ਰਹੇ
ਜਾਤੀ ਦੁਸ਼ਮਣੀਆਂ ਤੇ ਵੈਰ ਨੇ

ਸਕਾ ਦਿਤਾ ਹੈ
ਜਾਨੂੰਨੀ ਸੇਕ ਨੇ ਇਸ ਕਦਰ
ਮੱਚ ਪਵੇਗਾ ਦੋਂਹ ਬਾਸਾਂ ਦੇ ਖਹਿਣ ਨਾਲ
ਇਸ ਜੰਗਲ ਨੂੰ ਕੀ ਅੱਗ ਲਾਉਣੀ ਗੈਰ ਨੇ ।

ਠੰਡੀ ਹਵਾ ਵਰਗੀ ਕਦੇ ਆਉਂਦੀ ਖਬਰ
ਉਨ੍ਹਾਂ ਮਾਨਸਾਂ ਦੇ ਸਿਰੜ ਦੀ
ਸਿਰ ਧੜ ਦੀ ਲਾਕੇ ਜੋ ਅੱਜ ਵੀ
ਬਣਦੇ ਅੱਗ ਰੋਕੂ ਨਹਿਰ ਨੇ । ਨਵੰਬਰ 1986

---

# ਲੋਕ ਸੰਘਰਸ਼

### ਅੰਮ੍ਰਿਤ ਦੀਵਾਨਾ

ਸ਼ਬਦਾਂ ਉਹਲੇ ਜੇਕਰ ਅਰਥ ਛੁਪਾਉਗੇ,
ਲੋਕਾਂ ਤਾਈਂ ਦੱਸੋ ਕੀ ਸਮਝਾਉਗੇ ।
ਲੋਕ ਸੰਘਰਸ਼ 'ਚ ਜੇ ਨਾ ਹਿੱਸਾ ਪਾਉਗੇ,
ਇਕ ਦਿਨ ਵੇਲਾ ਆਊ ਜਦ ਪਛਤਾਉਗੇ ।
ਕਾਫਲਿਆਂ ਨੂੰ ਛੱਡ ਕੇ ਜੇ ਤੁਰ ਜਾਉਗੇ,
ਕਿਹੜਾ ਚਿਹਰਾ ਲੈ ਕੇ ਘਰ ਜਾਉਗੇ ।
ਜੇ ਨਾ ਇਥੋਂ ਯਾਦਾਂ ਲੈ ਕੇ ਜਾਉਗੇ,
ਤਨਹਾਈ ਵਿਚ ਕਿਦਾਂ ਵਕਤ ਬਿਤਾਉਗੇ ।
ਕੱਚੇ ਪੈਰੀਂ ਦੁਸ਼ਮਣ ਸੌਂਹੇ ਜਾਉਗੇ,
ਤਾਂ ਪੱਕੀ ਗੱਲ ਮੂੰਹ ਦੀ ਖਾ ਕੇ ਜਾਉਗੇ ।
ਕੰਡਾ ਚੁਭਿਆਂ ਹੀ ਏਨਾ ਕੁਰਲਾਂਦੇ ਹੋ,
ਮਕਤਲ ਜਾਕੇ ਕੀਕੂੰ ਸੀਸ ਕਟਾਉਗੇ ।
ਸਰਘੀ ਬਣਕੇ ਜੇ ਨਾ ਨ੍ਹੇਰਾ ਚੀਰ ਸਕੇ,
ਕੀ ਅਖਬਾਰ ਦੀ ਸਰਖੀ ਬਣਕੇ ਪਾਉਗੇ ।
ਜੁਗਨੂੰ ਵਾਂਗੂ ਜੇ ਜਗਦੇ ਬੁਝਦੇ ਰਹਿਣੈ,
ਤਾਂ ਲ੍ਹੇਰੇ ਰਾਹਾਂ ਨੂੰ ਕਿੰਝ ਰੁਸ਼ਨਾਉਗੇ ।

---

# ਮੈਂ ਤੇ ਰੱਬ

### ਸਾਧੂ

ਜੀਵਨ ਦੇ ਅਮੁੱਕ ਸਫਰ ਦੌਰਾਨ
ਮੈਂ ਦੋ ਪੈਰ ਹੱਥ ਬਣਾਏ
ਹੱਥਾਂ ਵਿਚ ਮੈਂ ਡੰਡਾ ਫੜਿਆ
ਅੱਗੇ ਪੱਥਰ ਲਾਇਆ
ਐਸੀ ਮੇਰੇ 'ਚ ਸ਼ਕਤੀ ਆਈ
ਵੱਡੇ ਵੱਡੇ ਜਨੌਰਾਂ ਨੂੰ
ਅੱਗੇ ਲਾ ਦੁੜਾਇਆ ।

ਸ਼ਕਤੀ ਮੇਰੀ ਘਰ ਬੜੀ ਹੀ ਸੀਮਤ
ਹਰ ਪਾਸੇ ਖਤਰੇ
ਕੜਕਦੀਆ ਧੁੱਪਾਂ,ਗੜ੍ਹਕਦੇ ਬੱਦਲ
ਬਿਜਲੀਆਂ,ਤੂਫਾਨ ਭੂਚਾਲ
ਜੀਵਨ,ਮੌਤ
ਕੁਝ ਵੀ ਸਮਝ ਨਾ ਆਵੇ
ਇਸ ਸਮਝਣ ਦੇ ਚੱਕਰ ਵਿਚਾਲੇ
ਖਿਆਲਾਂ ਵਿਚ ਕਹਿ ਬੈਠਾ
"ਖਬਰੇ ਤੂੰ ਹੈਂ—
ਤੂੰ ਉਤੇ ਬੈਠਾ ਕਰਦਾ
ਮੈਂ ਥੱਲੇ ਬੈਠਾ ਦੇਖਾਂ"

ਮੇਰੇ ਹੱਥਾਂ 'ਚ ਜੰਮਿਆ ਪਲਿਆ
ਤੂੰ ਐਸਾ ਮੇਰੇ 'ਤੇ ਛਾਇਆ
ਸਦੀਆਂ ਮੈਂ ਖੁਦ ਨੂੰ
ਕਿਤੇ ਵੀ ਨਜ਼ਰ ਨਾ ਆਇਆ
ਮੈਂ ਮਾਲਕ ਸੀ
ਤੂੰ ਸ਼ਕਤੀ ਖੋਹੀ ਮੇਰੀ
ਆਪਣੇ ਬੇਸਿਰ ਤਾਜ ਟਕਾਇਆ
"ਤੇਰੇ ਅੱਗੇ ਝੁਕਣੇ ਬਿਨਾਂ
ਕੋਈ ਕੰਮ ਨਾ ਮੇਰੇ ਸਿਰ ਦਾ"
ਤੂੰ ਉਚੇ ਬੁਰਜੋਂ ਹੁਕਮ ਸੁਣਾਇਆ

ਤੂੰ ਵੀ ਜਾਣੇ
ਮੈਂ ਵੀ ਜਾਣਾਂ
ਤੂੰ ਸਿਰਫ ਮੇਰੇ ਖਿਆਲਾਂ 'ਚ ਵਸਦਾ
ਤੇਰੀ ਅਸਲੀ ਹੋਂਦ ਨਾ ਹੋਰ
ਆਪਣੇ ਵਿਚੋਂ ਕੱਢਿਆ ਸੀ ਤੈਨੂੰ
ਆਖਿਰ ਆਪਣੇ ਵਿਚ ਹੀ ਲੈਣਾ ਖੋਰ

20 ਜਨਵਰੀ 1987

---


MOGUL GARDENS
RESTAURANT



We cater to large private parties

Take-Out Available

The most affordable in **Tandori** (clay-oven) dishes

We serve classical East-Indian Food with good service. . .

**Speciality Foods being baked in a charcoal clay-oven 'The Tandoor' is its perfection and flavour**

**Fully Licensed** **Free Parking (after 6 p.m.)**

**801 Beach Ave.** (1 blk. south of Pacific)

**684-5886**

**Gourmet Varities include Butter Chicken, Vegetarian foods, Sea food and Meat, Curries, Nan and Paraunthe**

**Luncheon - Buffet - Weekdays $5.95**

**Brunch - Weekends**

**Dinner - Parties**




Mugul Gardens

**Free Parking (after 6 pm)**

# ਦੇਸ਼ ਭਗਤਾਂ ਤੇ ਦੇਸ਼ ਧਰੋਹੀਆਂ ਵਿਚਾਲੇ ਲਕੀਰ ਖਿਚੀ ਗਈ ਹੈ



ਖੁਸ਼ਵੰਤ ਸਿੰਘ

**ਸ੍ਰ. ਖੁਸ਼ਵੰਤ ਸਿੰਘ ਦੇਸ਼ ਦੇ ਇਕ ਹੰਢੇ ਹੋਏ ਤਜ਼ਰਬਾਕਾਰ ਤੇ ਬੁੱਧੀਮਾਨ ਜਰਨਲਿਸਟ ਹਨ। 1984 ਦੇ ਭਿੰਡਰਾਂਵਾਲਿਆਂ ਦੇ "ਕਾਰਨਾਮਿਆਂ" ਤੋਂ ਲੈ ਕੇ ਖੁਸ਼ਵੰਤ ਸਿੰਘ ਨੇ ਇਹ ਸਫਰ ਵਖ ਵਖ ਪੜਾਵਾਂ ਵਿਚ ਤੈਅ ਕੀਤਾ ਹੈ। ਉਹਨਾਂ ਦੀ ਸੋਚ ਜੋ ਪਹਿਲੇ ਸੀ ਉਹ ਹੁਣ ਨਹੀਂ ਹੈ। ਕਦੇ ਸਮਾਂ ਸੀ ਜਦੋਂ ਉਹਨਾਂ ਦੀ ਰੂਹ ਦਰਬਾਰ ਸਾਹਿਬ ਉੱਤੇ ਫੌਜੀ ਐਕਸ਼ਨ ਸਮੇਂ ਰੋਈ ਸੀ। ਜਾਪਦਾ ਹੈ ਕਿ ਉਹਨਾਂ ਬਹੁਤ ਕੁਝ ਹੋਰ ਸਿੱਖਿਆ ਹੈ ਤੇ ਪ੍ਰਾਪਤ ਕੀਤਾ ਹੈ। ਹੇਠ ਲਿਖਿਆ ਸ੍ਰ. ਖੁਸ਼ਵੰਤ ਸਿੰਘ ਦਾ ਲੇਖ ਅਜੇਹੇ ਸਚ ਨੂੰ ਪ੍ਰਗਟਾਉਂਦਾ ਹੈ ਜਿਸ ਬਾਰੇ ਕਈ ਸਿੱਖ ਬੁੱਧੀਜੀਵੀ ਹਾਲਾਂ ਤੱਕ ਵੀ ਭੁਲੇਖੇ ਵਿਚ ਹਨ———ਐਡੀਟਰ**

*** ਇਹ ਉਹ ਉਦਾਰਵਾਦੀ ਹਨ ਜਿਹੜੇ ਕਿ ਰਾਸ਼ਟਰ ਧਰੋਹੀ ਅਨਸਰਾਂ ਨਾਲ ਖੜ੍ਹੇ ਹਨ * ਇਹਨਾਂ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ * ਦੇਸ਼ ਭਗਤਾਂ ਅਤੇ ਦੇਸ਼ ਧਰੋਹੀਆ ਦਰਮਿਆਨ ਇਕ ਸਪਸ਼ਟ ਲਕੀਰ ਖਿਚੀ ਗਈ ਹੈ * ਦੇਸ਼ ਧਰੋਹੀ ਸਪਸ਼ਟ ਤੌਰ' ਤੇ ਸਾਹਮਣੇ ਆ ਗਏ ਹਨ * ਇਹਨਾਂ ਦੀ ਗਿਣਤੀ ਕੁਝ ਸੌ ਹੀ ਹੈ * * ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ' ਤੇ ਕਿਸ ਪ੍ਰਕਾਰ ਦੇ ਲੋਕਾਂ ਦਾ ਕਬਜ਼ਾ ਹੈ, ਇਸ ਬਾਰੇ ਮੈਨੂੰ ਵਿਦੇਸ਼ੀ ਪੱਤਰਕਾਰਾਂ ਨੇ ਦੱਸਿਆ * ਜਿਹੜੇ ਸਾਡੇ ਨਾਲ ਨਾ ਰਹੇ ਉਹ ਸਾਡੇ ਵਿਰੁੱਧ ਹਨ ਅਤੇ ਅਗਾਮੀ ਲੜਾਈ ਵਿਚ ਕੋਈ ਵਿਚ ਵਿਚਾਲਾ ਨਹੀਂ ਰਹੇਗਾ।**

ਜੇ ਪੰਜਾਬ ਦੀ ਸਥਿਤੀ ਤੇ ਪਹਿਲੀ ਝਾਤ ਮਾਰੀ ਜਾਵੇ ਤਾਂ ਪਤਾ ਲੱਗੇਗਾ ਕਿ ਹਾਲਾਤ ਹੁਣ ਕਾਬੂ ਤੋਂ ਬਾਹਰ ਹੋ ਚੁੱਕੇ ਹਨ ਤੇ ਇਹ ਦੇਸ਼ ਛੇਤੀ ਹੀ ਇਕ ਅਜਿਹੀ ਘੁੰਮਣ ਘੇਰੀ ਵਿਚ ਪੈ ਜਾਵੇਗਾ ਜਿਥੋਂ ਇਸਦਾ ਨਿਕਲਣਾ ਮੁਸ਼ਕਲ ਹੋ ਜਾਵੇਗਾ। ਜੇ ਬਿਨਾਂ ਕਿਸੇ ਲਗ ਲਬੇੜ ਤੋਂ ਵੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਜੋ ਕੁਝ ਇਸ ਵੇਲੇ ਸਵਰਨ ਮੰਦਰ ਵਿਚ ਹੋ ਰਿਹਾ ਹੈ,ਉਹ ਮਿਤਰਾਂ ਅਤੇ ਦੁਸ਼ਮਣਾਂ ਵਿਚਕਾਰ ਖਿਆਲਾਂ ਦਾ ਫਰਕ ਹੈ।

ਇਸ ਵੇਲੇ ਦੇਸ਼ ਦੇ ਦੁਸ਼ਮਣਾਂ (ਜਿਸਦਾ ਉਨ੍ਹਾਂ ਨੂੰ ਆਪ ਹੀ ਪਤਾ ਨਹੀਂ ਅਤੇ ਜਿਹੜੇ ਪੰਥ ਦੇ ਦੁਸ਼ਮਣ ਹਨ) ਦਾ ਸਿੱਖਾਂ ਦੀ ਇਸ ਸਭ ਤੋਂ ਪਵਿੱਤਰ ਥਾਂ ਤੇ ਕਬਜ਼ਾ ਹੈ ਅਤੇ ਇਸਦੇ ਇਲਾਵਾ ਕਈ ਹੋਰਨਾਂ ਥਾਵਾਂ ਤੇ ਵੀ ਕਬਜ਼ਾ ਹੈ।

ਪਰ ਜਿਵੇਂ ਕਿ ਸਾਰਿਆਂ ਨੂੰ ਪਤਾ ਹੈ ਕਿ ਜਿਸਦਾ ਹਰਮਿੰਦਰ ਸਾਹਿਬ ਤੇ ਕਬਜ਼ਾ ਹੈ ਉਸਦਾ ਹੀ ਸਾਰੇ ਸਿੱਖ ਜਗਤ ਉੱਤੇ ਕਬਜ਼ਾ ਹੈ। ਅੱਜ ਜਿਨ੍ਹਾਂ ਦਾ ਇਸਦੇ ਕੰਟਰੋਲ ਹੈ ਉਹ ਕੋਈ ਦੋਹਰੀ ਗੱਲ ਨਹੀਂ ਕਰਦੇ ਸਗੋਂ ਉਹ ਹੁਣ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨ ਲਈ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਉਨ੍ਹਾਂ ਨੇ ਕੌਮੀ ਝੰਡੇ ਦੀ ਬੇਅਦਬੀ ਕੀਤੀ ਹੈ,'ਖਾਲਿਸਤਾਨ'ਦਾ ਝੰਡਾ ਲਹਿਰਾਇਆ ਅਤੇ ਆਪਣੇ ਆਪ ਨੂੰ ਅੰਦੋਲਨ ਨਾਲ ਜੋੜਿਆ ਹੈ। ਇਸ ਵਿਚ ਰਤੀ ਭਰ ਵੀ ਸ਼ੱਕ ਨਹੀਂ ਕਿ ਇਹ ਗੱਲ ਦੇਸ਼ ਧਰੋਹ ਵਾਲੀ ਹੈ। ਜੇ ਇਸ ਗੱਲ ਨੂੰ ਦਲੀਲ ਦੀ ਕਸਵੱਟੀ ਤੇ ਪਰਖਿਆ ਜਾਵੇ ਤਾਂ ਇਹ ਨਤੀਜਾ ਨਿਕਲਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਅਨਸਰਾਂ ਨੂੰ ਹਰਮਿੰਦਰ ਸਾਹਿਬ ਵਿਚ ਭੇਜਿਆ ਹੋਇਆ ਹੈ,ਉਹ ਹੀ ਇਸ ਸਾਜ਼ਿਸ਼ ਨੂੰ ਰਚਣ ਵਾਲੇ ਹਨ ਅਤੇ ਜਿਹੜੇ ਉਨ੍ਹਾਂ ਦੀ ਹਮਾਇਤ ਕਰਦੇ ਹਨ ਉਹ ਦੇਸ਼ ਧਰੋਈ ਅਤੇ ਬਾਗੀ ਹਨ।

ਭਾਵੇਂ ਉਨ੍ਹਾਂ ਨੂੰ ਸਿੰਘ ਸਾਹਿਬ,ਮੁੱਖ ਗ੍ਰੰਥੀ ਜਥੇਦਾਰ ਆਦਿ ਦੇ ਮਹਾਨ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਪਰ ਉਹ ਟੌਹੜਾ-ਬਾਦਲ ਧੜੇ ਦੇ ਹੱਥਾਂ ਵਿਚ ਜਾਣ ਬੁੱਝ ਕੇ ਖੇਡ ਰਹੇ ਹਨ। ਇਹੀ ਧੜਾ ਦੇਸ਼ ਦੀ ਏਕਤਾ ਨੂੰ ਖਤਮ ਕਰਨ ਦੀ ਸ਼ਾਜ਼ਿਸ਼ ਦਾ ਮੋਢੀ ਹੈ। ਉਹ,ਜਿਹੜੇ ਇਹ ਗੱਲ ਕਰਦੇ ਕਹਿੰਦੇ ਹਨ ਕਿ ਉਹ ਖਾਲਿਸਤਾਨ ਦੀ ਹਮਾਇਤ ਨਹੀਂ ਕਰਦੇ ਉਸਤੇ ਕਿਸੇ ਨੂੰ ਗੁਮਰਾਹ ਨਹੀਂ ਹੋਣਾ ਚਾਹੀਦਾ। ਇਸ ਧੜੇ ਦੀ ਗਵਰਨਿੰਗ ਬਾਡੀ ਵਿਚ ਸਿਮਰਨਜੀਤ ਸਿੰਘ ਮਾਨ,ਬਿਮਲ ਕੌਰ ਖਾਲਸਾ ਅਤੇ ਤਲਵੰਡੀ ਵਰਗੇ ਲੋਕ ਹਨ ਜਿਸਤੋਂ ਪੱਕੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਉਨੇ ਹੀ ਖਾਲਿਸਤਾਨੀ ਹਨ ਜਿੰਨਾ ਬਾਬਾ ਜੋਗਿੰਦਰ ਸਿੰਘ ਦਾ ਅਕਾਲੀ ਦਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵੱਖ ਵੱਖ ਧੜੇ ਹਨ ਅਤੇ ਪ੍ਰਦੇਸ਼ ਵਿਚ ਲਾ—ਕਾਨੂੰਨੀ ਪੈਦਾ ਕਰਨ ਲਈ ਵੀ ਉਨੇ ਹੀ ਜ਼ਿੰਮੇਵਾਰ ਹਨ ਜਿੰਨੇ ਅਤਿਵਾਦੀਆਂ ਦੇ ਵੱਖ ਵੱਖ ਗਰੁੱਪ। ਉਹ ਭਾਵੇਂ ਦੁਸ਼ਮਣਾਂ ਦੇ ਇਕ ਖਤਰਨਾਕ ਮੇਜ਼ਬਾਨ ਹਨ ਪਰ ਜੇ ਗਿਣਤੀ ਕੀਤੀ ਜਾਵੇ ਤਾਂ ਪਤਾ ਲੱਗੇਗਾ ਕਿ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ਅਤੇ ਇਹ ਗਿਣਤੀ ਕੁਝ ਸੌ ਜਾਂ ਵੱਧ ਤੋਂ ਵੱਧ ਹਜ਼ਾਰ ਹੋਵੇਗੀ। ਅਸੀਂ ਉਨ੍ਹਾਂ ਨਾਲ ਬੜੇ ਭਰੋਸੇ ਨਾਲ ਨਿਬੜ ਸਕਦੇ ਹਾਂ ਅਤੇ ਉਨ੍ਹਾਂ ਤੇ ਕਾਬੂ ਪਾ ਸਕਦੇ ਹਾਂ।

ਉਨ੍ਹਾਂ ਦੀ ਲੀਡਰਸ਼ਿਪ ਨੂੰ ਜੇ ਵੇਖਿਆ ਜਾਵੇ ਤਾਂ ਉਸ ਨਾਲ ਹੋਰ ਵੀ ਹੌਂਸਲਾ ਬਝਦਾ ਹੈ। ਉਨ੍ਹਾਂ ਨੂੰ ਮੁੱਖ ਮੁਹਾਰਤ ਇਸ ਗੱਲ ਦੀ ਹਾਸਲ ਹੈ ਕਿ ਉਹ ਆਪਣੇ ਫਿਰਕੇ ਦੀ ਸ਼ਰਨ ਲੈ ਕੇ ਦੇਸ਼ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਜਿਹੜੇ ਲੋਕ ਸਿਮਰਨਜੀਤ ਸਿੰਘ ਮਾਨ ਨੂੰ ਜਾਣਦੇ ਹਨ ਮੇਰੀ ਇਸ ਗੱਲ ਦੀ ਤਾਈਦ ਕਰਨਗੇ ਕਿ ਉਹ ਵੀ ਇਸੇ ਤਰ੍ਹਾਂ ਦੇ ਹੀ ਆਦਮੀ ਹਨ। ਜਦੀ ਉਹ ਅੰਡਰਗਰਾਊਂਡ ਸਨ ਤਾਂ ਉਨ੍ਹਾਂ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਚਿੱਠੀਆਂ ਲਿਖੀਆਂ ਸਨ ਜਿਨ੍ਹਾਂ ਵਿਚ ਬਹੁਤ ਅਸ਼ਲੀਲ ਭਾਸ਼ਾ ਵਰਤੀ ਗਈ ਸੀ। ਇਸਦੇ ਇਲਾਵਾ ਪ੍ਰੈਸ ਅਤੇ ਕਈ ਹੋਰਨਾਂ ਸਖਸ਼ੀਅਤਾਂ ਦੇ ਵਿਰੁਧ ਵੀ ਅਸ਼ਲੀਲ ਸ਼ਬਦ ਵਰਤੇ ਗਏ ਸੀ। ਉਨ੍ਹਾਂ ਨੇ ਇਨ੍ਹਾਂ ਚਿੱਠੀਆਂ ਦੀਆਂ ਕਾਪੀਆਂ ਮੈਨੂੰ ਵੀ ਭੇਜੀਆਂ ਸਨ। ਉਦੋਂ ਮੈਨੂੰ ਪਤਾ ਲੱਗਾ ਕਿ ਇਸ ਆਦਮੀ ਦੇ ਮਨ ਵਿਚ ਕਿੰਨੀ ਜ਼ਿਆਦਾ ਘਬਰਾਹਟ ਹੈ ਅਤੇ ਉਸਨੂੰ ਕਿਸੇ ਮਨੋਵਿਗਿਆਨੀ ਦੀ ਸਲਾਹ ਲੈਣੀ ਚਾਹੀਦੀ ਹੈ। ਉਦੋਂ ਦੇ ਉਹ ਹਿਰਾਸਤ ਵਿਚ ਹਨ ਅਤੇ ਜਿਥੋਂ ਤੱਕ ਮੈਨੂੰ ਪਤਾ ਹੈ ਕਿ ਤਫਤੀਸ਼ ਕਰਨ ਵਾਲਿਆਂ ਨੇ ਉਨ੍ਹਾਂ ਨਾਲ ਚੰਗਾ ਸਲੂਕ ਨਹੀਂ ਕੀਤਾ। ਉਨ੍ਹਾਂ ਦੀ ਹਾਲਤ ਹੁਣ ਦੀ ਹਾਲਤ ਨਾਲੋਂ ਵੀ ਭੈੜੀ ਹੋਣੀ ਨਿਸ਼ਚਿਤ ਗੱਲ ਹੈ। ਉਨ੍ਹਾਂ ਨਾਲ ਭਾਵੇਂ ਕਿੰਨੀ ਵੀ ਹਮਦਰਦੀ ਕੀਤੀ ਜਾਵੇ ਜਾਂ ਪੁਲਸ ਉਸ ਦੀਆਂ ਵਧੀਕੀਆਂ ਨੂੰ।

ਨਿੰਦਿਆ ਜਾਵੇ ਪਰ ਹਰ ਕੋਈ ਇਸ ਨਤੀਜੇ ਤੇ ਹੀ ਪਹੁੰਚੇਗਾ ਕਿ ਜਿਨ੍ਹਾਂ ਲੋਕਾਂ ਨੇ ਸ੍ਰੀ ਮਾਨ ਨੂੰ ਨਵੇਂ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਹੈ ਉਨ੍ਹਾਂ ਨੂੰ ਇਹ ਪੂਰੀ ਤਰ੍ਹਾਂ ਪਤਾ ਸੀ ਕਿ ਮਾਨ ਇਕ ਅਜਿਹੇ ਆਦਮੀ ਹਨ ਜਿਹੜੇ ਆਪਣੀ ਮਰਜ਼ੀ ਕਰਦੇ ਹਨ ਤੇ ਜਿਹੜੇ ਕੋਈ ਵੀ ਫੈਸਲਾ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਆਪਣੇ ਹਥਿਆਰ ਦੇ ਤੌਰ ਤੇ ਵਰਤ ਸਕਦੇ ਹਨ। ਪਰ ਇਸ ਵੇਲੇ ਉਹ ਭਾਗਲਪੁਰ ਜੇਲ੍ਹ ਵਿਚ ਹਨ ਤੇ ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਸੰਭਾਲ ਸਕਣਗੇ। ਮਾਨ ਕੋਈ ਕੰਮ ਕਰਨ ਦੇ ਯੋਗ ਨਹੀਂ।

ਸਾਨੂੰ ਆਪਣੇ ਮਨ ਵਿਚ ਇਕ ਗੱਲ ਸਪਸ਼ਟ ਤੌਰ ਤੇ ਸਮਝ ਲੈਣੀ ਚਾਹੀਦੀ ਹੈ ਕਿ ਸਾਨੂੰ ਇਹ ਬਿਲਕੁਲ ਨਹੀਂ ਸਮਝਣਾ ਚਾਹੀਦਾ ਕਿ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਨਰਮ ਖਿਆਲਾਂ ਵਾਲੇ ਕਹਿੰਦੇ ਹਾਂ,ਉਹ ਦਲੀਲ ਨੂੰ ਮੰਨ ਲੈਣਗੇ। ਜਿਵੇਂ ਕਿ 'ਗਾਰਡੀਅਨ'ਦੇ ਪੱਤਰ ਪ੍ਰੇਰਕ ਐਰਿਕ ਸਿਲਵਰ ਨੇ ਕਿਹਾ ਹੈ "ਜੇ ਅਮਰਿੰਦਰ ਸਿੰਘ ਅਤੇ ਬਾਦਲ ਜਿਹੜੇ ਅੱਤਵਾਦੀਆਂ ਨਾਲ ਸੌਦੇ ਹਨ ਆਪਣੇ ਆਪ ਨੂੰ ਨਰਮ ਖਿਆਲਾਂ ਵਾਲੇ ਕਹਿੰਦੇ ਹਨ,ਤਾਂ ਉਨ੍ਹਾਂ ਨੂੰ ਇਸ ਖਤਰੇ ਤੋਂ ਸੂਚਿਤ ਕਰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਅੱਤਵਾਦ ਦੇ ਏਡਜ਼ ਦੀ ਬੀਮਾਰੀ ਹੋ ਸਕਦੀ ਹੈ।"

ਕੁਝ ਲੋਕ ਖੁਸ਼ਫਹਿਮੀ ਵਿਚ ਆਕੇ ਸਵਰਨ ਮੰਦਰ ਕੰਪਲੈਕਸ ਦੀ ਮੌਜੂਦਾ ਸਥਿਤੀ ਨੂੰ 1984 ਦੀ (ਬਲਿਊ ਸਟਾਰ ਐਕਸ਼ਨ ਵੇਲੇ) ਸਥਿਤੀ ਨਾਲ ਮੁਕਾਬਲਾ ਕਰਦੇ ਹਨ। ਇਹ ਮੁਕਾਬਲਾ ਗਲਤ ਹੈ। ਉਸ ਵੇਲੇ ਭਿੰਡਰਾਂਵਾਲੇ ਨੇ ਇਕ ਛੋਟੇ ਜਿਹੇ ਕਿਲ੍ਹੇ ਵਿਚ ਪੂਰੀ ਤਰ੍ਹਾਂ ਮੋਰਚਾਬੰਦੀ ਕੀਤੀ ਹੋਈ ਸੀ ਅਤੇ ਅਕਾਲ ਤਖਤ ਤੇ ਬੈਠਾ ਸੀ। ਉਨ੍ਹਾਂ ਕੋਲ ਸੁਬੇਗ ਸਿੰਘ ਵਰਗੇ ਮਾਹਿਰ ਫੌਜੀ ਜਰਨੈਲ ਸੀ ਜਿਹੜਾ ਗੁਰੀਲਿਆਂ ਦਾ ਇੰਚਾਰਜ ਸੀ। ਉਨ੍ਹਾਂ ਦੇ ਇਲਾਵਾ ਹਜ਼ਾਰਾਂ ਯਾਤਰੀ ਵੀ ਸਨ ਜਿਨ੍ਹਾਂ ਦੀ ਬਿਲਕੁਲ ਵੀ ਪ੍ਰਵਾਹ ਨਹੀਂ ਸੀ ਕੀਤੀ ਗਈ,ਹਾਲਾਂਕਿ ਸੰਭਾਵਿਤ ਲੜਾਈ ਦਾ ਪਤਾ ਸੀ। ਇਸ ਵੇਲੇ ਸਵਰਨ ਮੰਦਰ ਵਿਚ ਵੱਧ ਤੋਂ ਵੱਧ 200 ਬਦਨਾਮ ਨੌਜਵਾਨ ਹਨ। (ਵਿਦੇਸ਼ੀ ਪੱਤਰਕਾਰਾਂ ਅਨੁਸਾਰ ਬਹੁਤੇ ਨੌਜਵਾਨ ਨਸ਼ੀਲੀਆਂ ਦਵਾਈਆਂ ਖਾਂਦੇ ਹਨ) ਉਹ ਪਰਕਰਮਾ ਵਿਚ ਫਿਰਦੇ ਰਹਿੰਦੇ ਹਨ ਜਿਵੇਂ ਇਹ ਉਨ੍ਹਾਂ ਦੇ ਮਾਤਾ ਪਿਤਾ ਦੀ ਜਾਇਦਾਦਾ ਹੁੰਦੀ ਹੈ। ਉਹ ਗਰੰਥੀਆਂ ਰਾਗੀਆਂ ਅਤੇ ਨਾਮਨਿਹਾਦ ਮੁੱਖ ਗਰੰਥੀਆਂ ਦਾ ਮਖੌਲ ਉਡਾਉਂਦੇ ਹਨ। ਸਵਰਨ ਮੰਦਰ ਵਿਚ ਜਾਣ ਵਾਲੇ ਵਿਅਕਤੀਆਂ ਦੀ ਗਿਣਤੀ ਬਹੁਤ ਘੱਟ ਗਈ ਹੈ ਕਿਉਂਕਿ ਘੱਟ ਸੋਚ ਸਮਝ ਵਾਲਾ ਆਦਮੀ ਹੀ ਇਨ੍ਹਾਂ ਅਨਸਰਾਂ ਦੇ ਨੇੜੇ ਜਾਣ ਦਾ ਖਤਰਾ ਮੁੱਲ ਲੈ ਸਕਦਾ ਹੈ।

ਖੈਰ ਗੁਰਦੁਆਰਿਆਂ ਉਤੇ ਬਾਦਲ—ਟੌਹੜੇ ਗਰੁੱਪ ਦੇ ਕਬਜ਼ੇ ਅਤੇ ਗੈਰ ਜ਼ਿੰਮੇਵਾਰ ਨੌਜਵਾਨਾਂ ਨੂੰ ਮਨਮਾਨੀਆਂ ਕਰਨ ਦੇ ਅਵਸਰ ਮਿਲਣ ਕਾਰਨ ਸਰਕਾਰ ਦੀ ਵੀ ਹੇਠੀ ਹੋਈ ਸੀ। ਇਹ ਕਿਵੇਂ ਹੋਇਆ ਕਿ ਪੰਜਾਬ ਸਰਕਾਰ ਅਤੇ ਕੇਂਦਰ ਨੂੰ ਇਸ ਗੱਲ ਦਾ ਪਤਾ ਨਹੀਂ ਲੱਗ ਸਕਿਆ ਕਿ ਜਦੋਂ ਬਰਨਾਲਾ ਅਤੇ ਟੌਹੜਾ ਧੜਾ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਕਰ ਲੈਣਗੇ ਤਾ ਉਸ ਪਿਛੋਂ ਕਿਸ ਤਰ੍ਹਾਂ ਦੇ ਹਾਲਾਤ ਪੈਦਾ ਹੋਣ ਜਾਣਗੇ। ਪਰ ਇਥੇ ਇਹ ਗੱਲ ਵੀ ਕਹਿਣੀ ਗਲਤ ਨਹੀਂ ਕਿ ਨਾ ਹੀ ਰਾਜ ਸਰਕਾਰ ਤੇ ਨਾ ਹੀ ਕੇਂਦਰ ਨੂੰ ਇਸ ਗੱਲ ਦੀ ਉਮੀਦ ਸੀ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਬਰਨਾਲਾ ਅਕਾਲੀ ਦਲ ਦੀ ਹਾਰ ਹੋ ਜਾਵੇਗੀ। ਪਰ ਜਦੋਂ ਟੌਹੜਾ ਜਿੱਤ ਗਏ ਤਾਂ ਉਹ ਹੱਕੇ ਬੱਕੇ ਰਹਿ ਗਏ। ਉਸ ਪਿਛੋਂ ਕੇਂਦਰ ਅਤੇ ਰਾਜ ਸਰਕਾਰ ਨੇ ਜੋ ਕੁਝ ਵੀ ਕੀਤਾ ਉਸ ਘਬਰਾਹਟ ਦੀ ਹਾਲਤ ਵਿਚ ਕੀਤਾ। ਉਨ੍ਹਾਂ ਨੇ ਸਮਝਿਆ ਕਿ ਹੁਣ ਟੌਹੜਾ ਅਤੇ ਬਾਦਲ ਨੂੰ ਜੇਲ੍ਹ ਵਿਚ ਸੁੱਟਣ ਦੇ ਸਿਵਾ ਹੋਰ ਕੋਈ ਚਾਰਾ ਨਹੀਂ।

ਇਨ੍ਹਾਂ ਸਰਕਾਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿਚ ਭਾਵੇਂ ਮਾਮਲਾ ਕਿੰਨਾ ਵੀ ਗਲਤ ਕਿਉਂ ਨਾ ਹੋਵੇ ਪਰ ਜਦੋਂ ਕਿਸੇ ਨੂੰ ਜੇਲ੍ਹ ਵਿਚ ਸੁੱਟ ਦਿਤਾ ਜਾਂਦਾ ਹੈ ਤਾਂ ਉਹ ਵਧੇਰੇ ਤਾਕਤਵਰ ਹੋਕੇ ਬਾਹਰ ਆਉਂਦਾ ਹੈ। ਇਸਦੇ ਇਲਾਵਾ ਇਨ੍ਹਾਂ ਸਰਕਾਰਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਟੌਹੜਾ ਤੇ ਬਾਦਲ ਦੀ ਗੈਰ ਹਾਜ਼ਰੀ ਵਿਚ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਅੱਤਵਾਦੀਆਂ ਦੇ ਹੱਥ ਵਿਚ ਚਲਾ ਜਾਣਾ ਸੀ। ਉਂਜ ਇਸ ਕਾਰਵਾਈ ਦਾ ਇਕ ਚੰਗਾ ਅਸਰ ਇਹ ਹੋਇਆ ਕਿ ਸਾਨੂੰ ਦੁਸ਼ਮਣਾਂ ਦੀ ਚੰਗੀ ਤਰ੍ਹਾਂ ਪਛਾਣ ਹੋ ਗਈ ਕਿ ਜਿਹੜੇ ਸਾਡੇ ਨਾਲ ਨਹੀਂ,ਉਹ ਸਾਡੇ ਵਿਰੁਧ ਹਨ ਅਤੇ ਅਗਲੀ ਲੜਾਈ ਵਿਚ ਕੋਈ ਨਿਰਪੱਖ ਆਦਮੀ ਨਹੀਂ ਹੋਵੇਗਾ।

ਪੰਜਾਬ ਦੇ ਵਿਕਾਸ ਦਾ ਇਕ ਪੱਖ ਜਿਸ ਵੱਲ ਪੂਰਾ ਧਿਆਨ ਨਹੀਂ ਦਿੱਤਾ ਗਿਆ ਉਹ ਇਹ ਹੈ ਕਿ ਪੰਜਾਬ ਵਿਚ ਰਹਿਣ ਵਾਲੇ ਸਿੱਖਾਂ ਅਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਵਿਚਕਾਰ ਫਾਸਲਾ ਬਹੁਤ ਵਧਦਾ ਜਾ ਰਿਹਾ ਹੈ। ਗੈਰ ਪੰਜਾਬੀ ਸਿੱਖ ਉਹ ਹਨ,ਜਿਹੜੇ ਵਧੇਰੇ ਕਰਕੇ ਸ਼ਰਨਾਰਥੀ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਗੰਗਾ ਨਗਰ (ਰਾਜਿਸਥਾਨ) ਯੂ.ਪੀ. ਦੇ ਤਰਾਈ ਖੇਤਰਾਂ ਵਿਚ ਰਹਿ ਰਹੇ ਹਨ ਅਤੇ ਉਨ੍ਹਾਂ ਦੀਆਂ ਉਥੇ ਜ਼ਮੀਨਾਂ ਹਨ। ਇਨ੍ਹਾਂ ਵਿਚ ਸ਼ਹਿਰੀ ਗੈਰ ਜੱਟ ਵੀ ਹਨ। ਉਹ ਪੰਜਾਬ ਦੇ ਸਿੱਖਾਂ ਨਾਲੋਂ ਵਧੇਰੇ ਖੁਸ਼ਹਾਲ ਹਨ। ਉਹ ਮਹਿਸੂਸ ਕਰਨ ਲੱਗ ਪਏ ਹਨ ਕਿ ਜਿਨ੍ਹਾਂ ਅਕਾਲੀਆਂ ਨੇ ਪਹਿਲਾਂ ਵੀ ਉਨ੍ਹਾਂ ਦੀ ਕਦੀ ਪ੍ਰਵਾਹ ਨਹੀਂ ਕੀਤੀ ਸੀ ਉਹ ਹੁਣ ਉਨ੍ਹਾਂ ਨੂੰ ਧੋਖਾ ਦੇ ਰਹੇ ਹਨ। ਪਹਿਲੀ ਵਾਰ ਉਨ੍ਹਾਂ ਨੇ ਮੁਖ ਮੰਤਰੀ ਸ੍ਰੀ ਬਰਨਾਲਾ ਦੇ ਹੱਕ ਵਿਚ ਆਵਾਜ਼ ਉਠਾਈ ਹੈ ਅਤੇ ਕਿਹਾ ਹੈ ਕਿ ਟੌਹੜਾ ਬਾਦਲ ਧੜੇ ਵਲੋਂ ਬਣਾਏ ਗਏ ਸਿੰਘ ਸਾਹਿਬਾਨ ਨੇ ਸ੍ਰੀ ਬਰਨਾਲਾ ਨਾਲ ਠੀਕ ਸਲੂਕ ਨਹੀਂ ਕੀਤਾ। ਉਨ੍ਹਾਂ ਦੀ ਹਮਾਇਤ ਨਾਲ ਸ੍ਰੀ ਬਰਨਾਲਾ ਨੂੰ ਇਸ ਗੱਲ ਲਈ ਉਤਸ਼ਾਹ ਮਿਲੇਗਾ ਕਿ ਉਨ੍ਹਾਂ ਨੂੰ ਪੰਥ ਵਿਚੋਂ ਖਾਰਜ ਕਰਨ ਦਾ ਜਿਹੜਾ ਇਕ ਪਾਸੜ ਹੁਕਮਨਾਮਾ ਜਾਰੀ ਕੀਤਾ ਗਿਆ ਹੈ,ਉਸਦੇ ਸਾਹਮਣੇ ਡੱਟ ਕੇ ਖੜੇ ਹੋ ਸਕਣ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਵੇਲੇ ਸਿੱਖ ਇਤਿਹਾਸ ਦੇ ਬਹੁਤ ਹੀ ਨਾਜ਼ਕ ਦੌਰ ਵਿਚੋਂ ਲੰਘ ਰਹੇ ਹਨ।

ਬਾਕੀ ਸਫਾ੍ਹਤੇ


**Clearbrook Photographic Arts Inc.**

By: Andrew W.R. Simpson

ਕਲੀਅਰਬਰੁੱਕ ਫ਼ੋਟੋ ਗਰਾਫਰਜ਼

For

*A Lifetime of Memories*



Ph. 859-4222 or 859-1046

ਆਪਣੀ ਜ਼ਿੰਦਗੀ ਦੀਆਂ ਸੁਹਾਵਣੀਆਂ ਘੜੀਆਂ ਨੂੰ ਅਮਰ ਬਣਾਉਣ ਲਈ ਕਲੀਅਰਬਰੁੱਕ ਫੋਟੋ ਗਰਾਫਰਜ਼ ਕੋਲੋਂ ਫੋਟੋ ਖਿਚਵਾਓ!

In The Cedar Park Shopping Centre, CLEARBROOK, B.C. V2J 3S4

ਪੰਨਾ ੧ ਦੀ ਬਾਕੀ

ਇਸਤੋਂ ਪਹਿਲਾਂ 1849 ਵਿਚ ਅਜਿਹਾ ਦੌਰ ਆਇਆ ਸੀ। ਜਦੋਂ ਪੰਜਾਬ ਉਤੇ ਅੰਗਰੇਜ਼ ਕਬਜ਼ਾ ਕਰ ਰਹੇ ਸਨ ਤੇ ਸਿਖਾਂ ਦੇ ਵੱਖ ਵੱਖ ਧੜੇ ਆਪਸੀ ਲੜਾਈਆਂ ਵਿਚ ਲੱਗੇ ਹੋਏ ਸਨ। ਉਨ੍ਹਾਂ ਦਾ ਆਪਣੀ ਧਰਤੀ ਨਾਲ ਪਿਆਰ ਖਤਮ ਹੋ ਗਿਆ ਸੀ।

ਅੱਜ ਵੀ ਹਾਲਾਤ ਅਜਿਹੇ ਹੀ ਹਨ। ਸਿੱਖਾਂ ਦੇ ਕੁਝ ਧੜਿਆਂ ਨੇ ਦੇਸ਼ ਨਾਲ ਵੀ ਤੇ ਪੰਜਾਬ ਨਾਲ ਵੀ ਗਦਾਰੀ ਕੀਤੀ ਹੈ ਤੇ ਕਰ ਰਹੇ ਹਨ। ਇਨ੍ਹਾਂ ਲੋਕਾਂ ਨੂੰ ਆਪਣੀ ਧਰਤੀ ਨਾਲ ਪਿਆਰ ਨਹੀਂ ਹੈ। ਇਨ੍ਹਾਂ ਦੀ ਇਸ ਲੜਾਈ ਨੇ ਸਾਰੇ ਸਿੱਖਾਂ ਨੂੰ ਬਦਨਾਮ ਕੀਤਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਇਸ ਲੜਾਈ ਨਾਲ ਸਿਖ ਬਾਕੀ ਦੇਸ਼ ਨਾਲੋਂ ਸਹਿਜੇ ਛੇਕੇ ਜਾ ਸਕਣਗੇ। ਬਸ ਇਹੋ ਕੁਝ ਇਹ ਚਾਹੁੰਦੇ ਹਨ।

ਇਸ ਹਾਲਤ ਵਿਚੋਂ ਸਿੱਖਾਂ ਨੂੰ ਕੱਢਣ ਦਾ ਇਕੋ ਹੀ ਢੰਗ ਹੈ ਕਿ ਆਮ ਸਿੱਖਾਂ ਨੂੰ ਇਨ੍ਹਾਂ ਦੀਆਂ ਕਰਤੂਤਾਂ ਦੱਸੀਆਂ ਜਾਣ ਅਤੇ ਸਿਖ ਦੇਸ਼ ਦੇ ਦੂਸਰੇ ਲੋਕਾਂ ਨਾਲ ਮਿਲਕੇ ਇਨ੍ਹਾਂ ਗਿਣਤੀ ਦੇ ਥੋੜੇ ਜਿਹੇ ਗਦਾਰਾਂ (ਜੋ ਸਿਖ ਧਰਮ ਦੇ ਵੀ ਤੇ ਦੇਸ਼ ਦੇ ਵੀ ਗਦਾਰ ਹਨ) ਨੂੰ ਨੰਗਾ ਕਰਨ ਅਤੇ ਇਨ੍ਹਾਂ ਦੇ ਇਰਾਦਿਆਂ ਨੂੰ ਖਤਮ ਕਰਨ।



# ਲੜਕੀ ਦੇ ਵਿਆਹ ਪਿਛੇ ਰਣਜੀਤ ਕੌਰ ਤੂਰ ਦਾ ਕਤਲ ਹੋਇਆ

ਵੈਨਕੂਵਰ:—ਜਸਟਿਸ ਟੂਆਏ ਸਾਹਮਣੇ ਬਿਆਨ ਦਿੰਦਿਆਂ ਜਗਰਾਜ ਸਿੰਘ ਤੂਰ ਦੇ ਵਕੀਲ ਨੇ ਕਿਹਾ ਕਿ 45 ਸਾਲਾ ਰਣਜੀਤ ਕੌਰ ਤੂਰ ਦਾ ਕਤਲ ਇਸ ਕਾਰਨ ਹੋਇਆ ਕਿਉਂਕਿ ਵਿਚੋਲੇ ਰਾਹੀਂ ਜਗਰਾਜ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਤੈਅ ਕੀਤੀ ਸੀ ਪਰ ਲੜਕੀ ਨੇ ਆਪਣੀ ਮਾਂ ਰਣਜੀਤ ਕੌਰ ਤੂਰ ਨਾਲ ਰਲਕੇ ਉਹ ਸ਼ਾਦੀ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਕੈਨੇਡਾ ਵਿਚ ਹੀ ਈਸਟ ਇੰਡੀਅਨ ਲੜਕੇ ਨਾਲ ਸ਼ਾਦੀ ਕਰਾ ਲਈ। ਵਕੀਲ ਦਾ ਇਹ ਵੀ ਕਹਿਣਾ ਸੀ ਕਿ ਜਗਰਾਜ ਸਿੰਘ ਤੂਰ ਨੇ ਸਮਝਿਆ ਕਿ ਸਿੱਖ ਕਮਿਊਨਿਟੀ ਵਿਚ ਇਸਦੀ ਬੇਇੱਜ਼ਤੀ ਹੋਈ ਹੈ।

ਆਪਣੀ ਪਤਨੀ ਦਾ ਕਤਲ ਜਗਰਾਜ ਸਿੰਘ ਤੂਰ ਨੇ 27 ਫਰਵਰੀ ਨੂੰ ਮੰਨ ਲਿਆ ਸੀ। ਇਹ ਕਤਲ ਵਕੀਲ ਅਨੁਸਾਰ 18 ਸਾਲਾ ਸਤਪਾਲ ਸਿੰਘ ਝਾਤੋ ਨੇ ਬੈਟ ਮਾਰਕੇ ਕੀਤਾ ਕਿਉਂਕਿ ਤੂਰ ਨੇ ਉਸਨੂੰ ਕਤਲ ਕਰਨ ਵਿਚ ਆਪਣਾ ਭਾਈਵਾਲ ਬਣਾ ਲਿਆ ਸੀ। ਰਣਜੀਤ ਕੌਰ ਤੂਰ ਦਾ ਕਤਲ ਮਾਸਕੀ ਵਿਚ 4 ਦਸੰਬਰ 1985 ਨੂੰ ਹੋਇਆ ਸੀ।

ਸਰਕਾਰੀ ਵਕੀਲ ਜੈਕ ਗਿਬਸਨ ਨੇ ਕਿਹਾ ਕਿ ਤੂਰ ਨੇ ਸਤਪਾਲ ਸਿੰਘ ਨੂੰ ਕਿਹਾ ਕਿ ਉਹ ਘਰ ਹੀ ਰਣਜੀਤ ਕੌਰ ਦੀ ਉਡੀਕ ਕਰੇ ਅਤੇ ਉਸਦੇ ਆਉਣ ਉਤੇ ਬੇਸਵਾਲ ਬੈਟ ਨਾਲ ਮਾਰੇ। ਮਾਰਨ ਪਿਛੋਂ ਰਣਜੀਤ ਕੌਰ ਤੂਰ ਦੀ ਲਾਸ਼ ਨੂੰ ਪੈਟਰੋਲ ਛਿੜਕ ਕੇ ਅੱਗ ਲਾ ਦਿਤੀ ਗਈ।

ਜਸਟਿਸ ਟੂਆਏ ਨੇ ਸਜ਼ਾ ਸੁਣਾਉਣ ਦੀ ਤਾਰੀਖ ਅਜੇ ਨਿਸਚਿਤ ਨਹੀਂ ਕੀਤੀ।

# ਬੇਸਮਿੰਟਾਂ ਦਾ ਮਸਲਾ ਕਿਰਾਏਦਾਰਾਂ ਨੂੰ ਡਰਾਉਣ ਲਈ ਉਠਾਇਆ ਗਿਆ

ਵੈਨਕੂਵਰ:—ਕ੍ਰਿਰਾਏਦਾਰਾਂ ਦੇ ਹੱਕਾਂ ਦੀ ਕੋਲੀਸ਼ਨ ਦੇ ਬੁਲਾਰੇ ਡੇਵਿਡ ਲੇਨ ਨੇ ਦੋਸ਼ ਲਾਇਆ ਹੈ ਕਿ ਸਿਟੀ ਕੌਂਸਲ ਵਲੋਂ ਬੇਸਮਿੰਟਾਂ ਦਾ ਮਸਲਾ ਇਸ ਲਈ ਉਠਾਇਆ ਗਿਆ ਹੈ ਤਾਂਕਿ ਕਿਰਾਏਦਾਰ ਡਰਕੇ ਬੇਸਮਿੰਟਾਂ ਕਿਰਾਏ ਉਤੇ ਨਾ ਲੈਣ। ਉਨ੍ਹਾਂ ਕਿਹਾ ਕਿ ਇਸਦਾ ਸਿੱਧਾ ਅਸਰ ਗਰੀਬ ਕਿਰਾਏਦਾਰਾਂ ਅਤੇ ਵਿਦਿਆਰਥੀਆਂ ਉਤੇ ਪੈਣਾ ਹੈ। ਡੇਵਿਡ ਲੇਨ ਨੇ ਮੰਗ ਕੀਤੀ ਕਿ ਉਨ੍ਹਾ ਚਿਰ ਇਹ ਕਾਨੂੰਨ ਲਾਗੂ ਨਾ ਕੀਤਾ ਜਾਵੇ ਜਿੰਨ੍ਹਾਂ ਚਿਰ ਇਹ ਲੋਕ ਇਹ ਫੈਸਲਾ ਨਹੀਂ ਦਿੰਦੇ ਕਿ ਕਿੰਨ੍ਹਾਂ ਇਲਾਕਿਆਂ ਵਿਚ ਬੇਸਮਿੰਟਾਂ ਵਾਲੇ ਘਰ ਹੋਣੇ ਚਾਹੀਦੇ ਹਨ।

## ਸਿਟੀਕੌਂਸਲ ਦੀ ਰੀਪੋਰਟ

ਸਿਟੀ ਕੌਂਸਲ ਵਲੋਂ ਨਿਰਧਾਰਤ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਕੇਵਲ ਉਨ੍ਹਾਂ ਬੇਸਮਿੰਟਾਂ ਵਿਰੁੱਧ ਐਕਸ਼ਨ ਲਿਆ ਜਾਵੇ ਜੋ 22 ਅਕਤੂਬਰ,1986 ਤੋਂ ਪਿਛੋਂ ਬਣੀਆਂ ਹਨ ਅਤੇ ਜਾਂ ਉਹ ਬੇਸਮਿੰਟਾਂ ਵਿਰੁੱਧ ਕਾਰਵਾਈ ਕੀਤੀ ਜਾਵੇ ਜੋ ਜਾਨ ਮਾਲ ਲਈ ਖਤਰਾ ਸਿੱਧ ਹੋ ਸਕਦੀਆਂ ਹਨ।

ਇਸ ਕਮੇਟੀ ਦੀ ਚੇਅਰਮੈਨ ਐਲਡਰਮੈਨ ਕੈਰਲ ਟੇਲਰ ਨੇ ਕਿਹਾ ਕਿ ਡੇਵਿਡ ਲੇਨ ਰੀਪੋਰਟ ਨੂੰ ਠੀਕ ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰਨ।

## ਮੇਅਰ ਵਲੋਂ ਭਰੋਸਾ

ਮੇਅਰ ਗੋਰਡਨ ਕੈਂਬਲ ਨੇ ਕਿਹਾ ਕਿ ਸਾਰੀਆਂ ਬੇਸਮਿੰਟਾਂ ਵਿਚੋਂ ਕਿਰਾਏਦਾਰ ਨਹੀਂ ਕੱਢੇ ਜਾਣਗੇ। ਉਸਨੇ ਕਿਹਾ ਕਿ ਹਜ਼ਾਰਾਂ ਲੋਕਾਂ ਨੂੰ ਕਿਸ ਤਰ੍ਹਾਂ ਬੇਸਮਿੰਟਾਂ ਵਿਚੋਂ ਕੱਢਿਆ ਜਾ ਸਕਦਾ ਹੈ।

## ਜੀਨ ਸਵੈਨਸਨ ਵਲੋਂ ਮੰਗ

ਜੀਨ ਸਵੈਨਸਨ ਨੇ ਮੰਗ ਕੀਤੀ ਕਿ ਸਿਟੀ ਕੌਂਸਲ ਨੇ ਕਿਰਾਏਦਾਰਾਂ ਵਿਚ ਇਕ ਦਹਿਸ਼ਤ ਪੈਦਾ ਕਰ ਦਿਤੀ ਹੈ। ਉਸਨੇ ਕਿਹਾ ਕਿ ਬਹੁਤੇ ਮਕਾਨ ਮਾਲਕ ਆਪਣੇ ਮਾਰਗੇਜ਼ ਕਿਰਾਏ ਸਿਰ ਉਤੇ ਤੋਰਦੇ ਹਨ।


# ਕਰਤਾਰ ਫੋਟੋ ਸਟੂਡੀਓ

**1 HOUR PHOTO SERVICE**
**KARTAR PHOTO STUDIO**
**4279 - Fraser St. (27th Ave.)**
**Vancouver, B.C.**
**We Do Passport, 5 Mins. Service, Portrait Photos & Weddings**

**Off; 872-6060**




ਰੱਜੇ ਦੇ ਮਸਲੇ ਨੇ ਹੀ ਮੁਸ਼ਕਿਲ ਦਾ ਰਾਹ ਭੁਲਾਇਆ।
ਕਿਰਦੇ ਜਾਂ ਕਿਉਂ ਭੁੱਖੇ ਕੰਮ ਕਾਰ ਕਰਦੇ ਕਰਦੇ।

ਪਤੀ: ਮੈਨੂੰ ਤਲਾਕ ਚਾਹੀਦਾ, ਕਿਉਂਕਿ ਮੇਰੀ ਪਤਨੀ ਨੇ ਮੈਨੂੰ ਮੂਰਖ ਕਿਹਾ ਹੈ।
ਜੱਜ : ਪਰ ਇਹ ਤਾਂ ਲੋੜੀਂਦਾ ਕਾਰਨ ਨਹੀਂ, ਖੈਰ! ਉਹਨੇ ਮੂਰਖ ਕਿਉਂ ਕਿਹਾ?
ਪਤੀ : ਮੈਂ ਦੋ ਦਿਨਾਂ ਦੇ ਟੂਰ ਤੋਂ ਬਾਅਦ ਜਦ ਘਰ ਆਇਆ ਤਾਂ ਦੇਖਿਆ ਕਿ ਮੇਰੀ ਪਤਨੀ ਕਿਸੇ ਅਜਨਬੀ ਦੀਆਂ ਬਾਹਾਂ ਵਿਚ ਪਈ ਹੈ। ਮੈਂ ਉਸਨੂੰ ਪੁਛਿਆ ਕਿ ਇਹ ਸੱਭ ਕੀ ਹੋ ਰਿਹਾ ਹੈ ਤਾਂ ਉਸਨੇ ਕਿਹਾ-'ਤੈਨੂੰ ਏਨਾ ਵੀ ਸਮਝ ਨਹੀਂ ਆਉਂਦਾ, ਮੂਰਖਾ'


# TICKETS TO ANYWHERE

# GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

**6612, MAIN ST. VANCOUVER, B. C.**
**Phone 324-3336**

# ਅੰਦਰੋਂ ਡਾਵਾਂਡੋਲ ਹੋ ਰਿਹਾ ਪਾਕਿਸਤਾਨ

ਕੁਲਦੀਪ ਨਈਅਰ

24 ਜਨਵਰੀ ਵਾਲੇ ਦਿਨ ਜਦੋਂ ਪਾਕਿਸਤਾਨੀ ਅਖ਼ਬਾਰਾਂ ਵਿਚ ਇਹ ਖਬਰ ਸੁਰਖੀਆਂ ਵਿਚ ਛਪੀ ਕਿ ਭਾਰਤੀ ਫੌਜ ਸਰਹੱਦ 'ਤੇ ਜਮ੍ਹਾਂ ਹੋ ਰਹੀ ਹੈ ਤਾਂ ਪਾਕਿਸਤਾਨ ਦੇ ਵਿਦੇਸ਼ ਸਕੱਤਰ ਸ੍ਰੀ ਅਬਦੁੱਲ ਸਤਾਰ ਨੇ ਨਾਮਾਨਿਗਾਰਾਂ ਨੂੰ ਜਾਦਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਸਬੰਧੀ ਸੰਯੁਕਤ ਰਾਸ਼ਟਰ ਕੋਲ ਆਪਣਾ ਰੋਸ ਪ੍ਰਗਟ ਕਰੇਗੀ। ਲਗਦੇ ਹੱਥ ਉਨ੍ਹਾਂ ਇਹ ਵੀ ਦੁਹਰਾਇਆ ਕਿ ਪਾਕਿਸਤਾਨ "ਕਿਸੇ ਤਰ੍ਹਾਂ ਦਾ ਵੀ ਖਿਚਾਅ ਨਹੀਂ ਪੈਦਾ ਕਰਨਾ ਚਾਹੁੰਦਾ।"

## ਲੜਾਈ ਦੇ ਉਤਰਾਅ ਚੜ੍ਹਾਅ

ਅਗਲੇ ਦਸ ਦਿਨ ਮੈਂ ਲੋਕਾਂ ਦੇ ਮਨਾਂ ਵਿਚ ਲੜਾਈ ਦੇ ਚੜ੍ਹਦੇ ਉਤਰਦੇ ਚੜ੍ਹਾਵਾਂ ਨੂੰ ਇਸ ਲਿਹਾਜ਼ ਮਹਿਸੂਸ ਕਰਦਾ ਰਿਹਾ ਕਿ ਬਾਗੀ ਲੜਾਈ ਨਹੀਂ ਛੇੜਨਗੇ। ਆਮ ਪ੍ਰਭਾਵ ਇਹ ਸੀ ਕਿ ਭਾਰਤ ਉਨ੍ਹਾਂ ਨੂੰ ਅਫਗਾਨਿਸਤਾਨ ਦੇ ਮਸਲੇ 'ਤੇ ਸੋਵੀਅਤ ਯੂਨੀਅਨ ਦੀ ਪੇਸ਼ਕਸ਼ ਮਨਜ਼ੂਰ ਕਰ ਲੈਣ ਲਈ ਦਬਾਅ ਪਾ ਰਿਹਾ ਸੀ ਜਾਂ ਸਿਖ ਸਮੱਸਿਆ ਏਨੀ ਧਮਾਕਾਖੇਜ਼ ਹੋ ਚੁੱਕੀ ਹੈ ਕਿ ਰਾਜੀਵ ਗਾਂਧੀ ਦੀ ਸਰਕਾਰ ਨੂੰ ਭਾਰਤ ਦੇ ਲੋਕਾਂ ਦਾ ਧਿਆਨ ਇਸ ਪਾਸਿਉਂ ਹਟਾਉਣ ਲਈ ਜ਼ਰੂਰ ਕੁਝ ਨਾ ਕੁਝ ਕਰਨਾ ਚਾਹੀਦਾ ਹੈ।

ਮੈਂ ਲਾਹੌਰ ਅਤੇ ਕਰਾਚੀ ਰਾਹੀਂ ਹੁੰਦਾ ਹੋਇਆ ਇਸਲਾਮਾਬਾਦ ਤੋਂ ਰਾਵਲਪਿੰਡੀ ਤੱਕ ਗਿਆ। ਇਸ ਸਫਰ ਦੌਰਾਨ ਮੈਨੂੰ ਇਹ ਮਹਿਸੂਸ ਹੋਇਆ ਕਿ ਲੋਕਾਂ ਵਿਚ ਚਿੰਤਾ ਪਹਿਲਾਂ ਨਾਲੋਂ ਘਟੀ ਹੈ। ਹਾਂ,ਪੰਜਾਬੀ,ਸਿੰਧੀਆਂ,ਪਠਾਣਾਂ ਅਤੇ ਬਲੋਚੀਆਂ ਨਾਲੋਂ ਰਤਾ ਵਧੇਰੇ ਬੇਚੈਨ ਹਨ। ਅਸਲ ਵਿਚ ਇਸੇ ਉਤੇ ਹੀ ਪਾਕਿਸਤਾਨ ਦੀ ਕਹਾਣੀ ਆਧਾਰਤ ਹੈ। ਸਿੰਧ,ਸਰਹੱਦੀ ਸੂਬਾ ਅਤੇ ਬਲੋਚਸਤਾਨ ਨਾਂ ਦੇ ਤਿੰਨ ਸੂਬੇ ਇਹ ਮਹਿਸੂਸ ਕਰ ਰਹੇ ਹਨ ਕਿ ਚੌਥੇ ਸੂਬੇ ਪੰਜਾਬ ਨੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਦਿੱਤਾ ਅਤੇ ਨਾ ਹੀ ਨੇੜ ਭਵਿੱਖ ਵਿਚ ਦਿੱਤੇ ਜਾਣ ਦੀ ਸੰਭਾਵਨਾ ਹੈ। ਇਸੇ ਲਈ ਉਨ੍ਹਾਂ ਦੀ ਪਾਕਿਸਤਾਨ ਦੇ ਮਸਲੇ ਵਿਚ ਬਹੁਤੀ ਦਿਲਚਸਪੀ ਨਹੀਂ ਕਿਉਂਕਿ ਇਹ ਪੰਜਾਬੀ ਪੰਜਾਬ ਲਈ ਸਮਾਨ ਰੂਪ ਹੀ ਹਨ। ਅਸਲ ਵਿਚ ਹੁਣ ਇਹ ਪਾਕਿਸਤਾਨ ਹੀ ਹੈ।

ਪੂਰਬੀ ਪਾਕਿਸਤਾਨ ਦੇ ਬੰਗਾਲੀ ਵੀ ਲੱਗਪੱਗ ਇਵੇਂ ਮਹਿਸੂਸ ਕਰ ਰਹੇ ਹਨ ਅਤੇ ਉਨ੍ਹਾਂ ਨੇ ਰਾਸ਼ਟਰਵਾਦ ਦਾ ਸਿਧਾਂਤ ਵਿਕਸਤ ਕਰ ਲਿਆ ਹੈ। ਉਹ ਆਖਰ ਵਿਚ ਉਦੋਂ ਇਕ ਪਾਸੇ ਹੀ ਹੋ ਗਏ ਜਦੋਂ ਉਨ੍ਹਾਂ ਨੂੰ 1969 ਦੀਆਂ ਚੋਣਾਂ ਵਿਚ ਬਹੁਗਿਣਤੀ ਲਿਜਾਣ ਦੇ ਬਾਵਜੂਦ ਪਾਕਿਸਤਾਨ ਦੇ ਢਾਂਚੇ ਵਿਚੋਂ ਆਪਣਾ ਹਿਸਾ ਨਾ ਮਿਲਿਆ। ਇਨਕਾਰ ਦੀ ਲੱਗਪੱਗ ਇਹੋ ਜਿਹੀ ਭਾਵਨਾ ਸਿੰਧੀਆਂ,ਪਠਾਣਾਂ ਅਤੇ ਬਲੋਚਿਸਤਾਨੀਆਂ ਵਿਚ ਵੀ ਵਿਕਸਤ ਕਰ ਗਈ ਹੈ। ਇਹ ਸਾਰੇ ਹੀ ਆਪਣੀ ਪਛਾਣ ਲਈ ਜਦੋਜਹਿਦ ਕਰ ਰਹੇ ਹਨ।

ਪਰ ਪੰਜਾਬੀਆਂ,ਜੋ ਪਾਕਿਸਤਾਨ ਦੀ ਵਸੋਂ ਦਾ ਲੱਗਪੱਗ 63 ਫੀਸਦੀ ਬਣਦੇ ਹਨ,ਉਤੇ ਇਸ ਵੇਲੇ ਲਗਾਤਾਰ ਹਮਲੇ ਜਾਰੀ ਹਨ। ਉਹ ਇਸ ਕਰਕੇ ਨਹੀਂ ਕਿ ਉਨ੍ਹਾਂ ਦੀ ਬਹੁਗਿਣਤੀ ਹੈ ਅਤੇ ਇੰਜ ਉਹ ਸੰਵਿਧਾਨਕ ਤੌਰ 'ਤੇ ਦੂਜਿਆਂ ਉਤੇ ਵਧੇਰੇ ਹਾਵੀ ਹਨ ਸਗੋਂ ਇਸ ਕਰਕੇ ਕਿ 90 ਫੀਸਦੀ ਨੌਕਰੀਆਂ,ਵਪਾਰ,ਸਨਅਤ ਅਤੇ ਵਾਹੀਯੋਗ ਭੂਮੀ ਉਨ੍ਹਾਂ ਦੇ ਕਬਜ਼ੇ ਵਿਚ ਹੀ ਹੈ। ਗੈਰਪੰਜਾਬੀ ਤਾਂ ਆਪਣੇ ਆਪ ਨੂੰ ਮੁਲਕ ਦੀ ਵੰਡ ਤੋਂ ਪਹਿਲਾਂ ਦੇ ਦੱਬੇ ਕੁਚਲੇ ਤੇ ਘੱਟ ਗਿਣਤੀ ਮੁਸਲਮਾਨ ਗਿਣਦੇ ਹਨ ਅਤੇ ਇਸਦੇ ਟਾਕਰੇ 'ਤੇ ਉਨ੍ਹਾਂ ਪੰਜਾਬੀਆਂ ਅਤੇ ਹਿੰਦੂਆਂ ਨੂੰ ਇਕ ਪ੍ਰਭਾਵਸ਼ਾਲੀ ਬਹੁਗਿਣਤੀ ਜਿਨ੍ਹਾਂ ਦੀ ਜਾਗੀਰ ਜਾਇਦਾਦ ਹੈ। ਜਿਨ੍ਹਾਂ ਦਾ ਵਪਾਰ ਹੈ ਜਾਂ ਜੋ ਨੌਕਰੀਆਂ ਕਰਦੇ ਹਨ।

ਮਨ ਵਿਚ ਇਸ ਤਰ੍ਹਾਂ ਦੇ ਇਲਕਾਰ ਦੀ ਭਾਵਨਾ ਆ ਜਾਣੀ ਯਕੀਨਨ ਚੰਗੀ ਨਹੀਂ ਪਰ ਇਹ ਉਸ ਵਿਤਕਰੂ ਕਰ ਕੇ ਸਗੋਂ ਹੁਰ ਵੀ .ਹੋਰ ਵੀ ਡੂੰਘੀ ਹੋ ਗਈ ਹੈ ਜਿਸਦਾ ਸ਼ਿਕਾਰ ਸਿੰਧੀਆਂ ਅਤੇ ਬਲੋਚਿਸਤਾਨੀਆਂ ਨੂੰ ਪੰਜਾਬੀ ਅਫਸਰਸ਼ਾਹੀ,ਵਪਾਰੀਆਂ ਅਤੇ ਪੁਲੀਸ ਹੱਥੋਂ ਹੋਣਾ ਪਿਆ ਹੈ। ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਹਨ ਜਿਥੇ ਪੰਜਾਬੀਆਂ ਨੇ ਪੰਜਾਬ ਤੋਂ ਬਿਨਾਂ ਦੂਜੇ ਪ੍ਰਾਂਤਾਂ ਵਿਚ ਵੀ ਗੈਰਪੰਜਾਬੀਆਂ ਦੀ ਕੀਮਤ 'ਤੇ ਪੰਜਾਬੀਆਂ ਦਾ ਲੋੜੋਂ ਵੱਧ ਅਤੇ ਨਜਾਇਜ਼ ਪੱਖ ਵੀ ਪੂਰਿਆ। ਸਰਹੱਦ ਉਪਰਲੇ ਤਣਾਓ ਬਾਰੇ ਟਿੱਪਣੀ ਕਰਦਿਆਂ ਬਹੁਤ ਸਾਰੇ ਲੋਕਾਂ ਨੇ ਇਹ ਜਤਲਾਇਆ ਹੈ ਕਿ ਜੇ ਭਾਰਤੀ ਇਥੇ ਆ ਗਏ ਤਾਂ ਇਹ ਭਲਾ ਪੰਜਾਬੀਆਂ ਤੋਂ ਕਿੰਨਾ ਕੁ ਵੱਖਰੇ ਹੋਣਗੇ?

ਅਸਲ ਵਿਚ ਭਾਰਤ ਤੋਂ ਇਹ ਖਤਰਾ ਨਵੀਂ ਦਿੱਲੀ ਦੇ ਅਨੋਖੇ ਰੁਝਾਨਾਂ ਕਾਰਨ ਉਲੰਘਣਾ ਦਾ ਹੈ ਅਤੇ ਇਸ ਨਾਲ ਏਕਤਾ ਦੀ ਭਾਵਨਾ ਪ੍ਰਜਵਲਤ ਹੁੰਦੀ ਹੈ। ਪਰ ਜਦੋਂ ਕਦੀ ਲੋਕ ਭਾਰਤੀ ਫੌਜਾਂ ਦੀ ਗੱਲ ਕਰਦੇ ਹਨ ਤਾਂ ਵੀ ਉਹ ਇਸ ਵਿਸ਼ੇ ਬਾਰੇ ਬੜੀ ਉਤੇਜਨਾ ਭਰਪੂਰ ਚਰਚਾ ਕਰਦੇ ਹਨ ਅਤੇ ਫਿਰ ਕੇਂਦਰੀ ਬਿੰਦੂ ਘਰੇਲੂ ਦ੍ਰਿਸ਼ ਹੋ ਨਿਬੜਦਾ ਹੈ। ਅੱਜ ਪਾਕਿਸਤਾਨ ਨੂੰ ਜਿਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਇਸਦੀ ਵੰਡੀ ਹੋਈ ਨੀਤੀ ਹੈ। ਇਸਲਾਮ ਦੇ ਨਾਅਰੇ ਨੇ ਵੀ ਲੋਕਾਂ ਨੂੰ ਇਕਮੁੱਠ ਨਹੀਂ ਕੀਤਾ। ਸੁਤੰਤਰ ਪ੍ਰਤੀਨਿਧਾਂ ਦੀ ਫੋਰਮ,ਅਸੈਂਬਲੀਆਂ ਜਾਂ ਪਾਰਲੀਮੈਂਟ ਦੀ ਅਣਹੋਂਦ ਕਾਰਨ ਲੋਕ ਆਪਣਾ ਗੁੱਸਾ ਗਿੱਲਾ ਨਸਲੀ ਫਸਾਦਾਂ ਅਤੇ ਬੰਬ ਧਮਾਕਿਆਂ ਰਾਹੀਂ ਹੀ ਕੱਢਦੇ ਹਨ।

ਪਿਛਲੇ ਦਿਨੀਂ ਓਰੰਗੀ ਅਤੇ ਕਰਾਚੀ ਵਿਚ ਜਿਹੜੇ ਫਸਾਦ ਹੋਏ ਉਨ੍ਹਾਂ ਵਿਚ ਘੱਟੋ ਘੱਟ 300 ਲੋਕ ਮਾਰੇ ਗਏ। (ਕੁਝ ਲੋਕਾਂ ਨੂੰ ਤਾਂ ਜਿਊਂਦੇ ਸਾੜ ਦਿਤਾ ਗਿਆ)। ਇਹ ਫਸਾਦ ਅਸਲ ਵਿਚ ਮੁਹਾਜ਼ਿਰਾਂ ਅਤੇ ਪਠਾਣਾਂ ਵਿਚਕਾਰ ਸਿੱਧੇ ਝਗੜੇ ਸਨ ਪਰ ਇਹ ਇਕ ਅਜਿਹੇ ਸਮਾਜ ਵਿਚ ਉਭਰੇ ਹਨ ਜਿਸਦੀ ਆਪਣੀ ਏਕਤਾ ਦੀ ਭਾਵਨਾ ਗੁੰਮ ਹੋ ਗਈ ਹੈ ਅਤੇ ਇਹ ਸਭ ਹੋਇਆ ਹੈ ਤਾਕਤਵਰ ਮਾਫੀਆ,ਰਈਸੀ ਹਕੂਮਤ ਅਤੇ ਨਾਅਹਿਲ ਪ੍ਰਸ਼ਾਸ਼ਨ ਕਰਕੇ। ਕਰਾਚੀ ਵਿਚ ਇਹ ਸਥਿਤੀ ਹੱਥੋਂ ਇਸ ਕਰਕੇ ਨਿਕਲੀ ਕਿਉਂਕਿ ਕਿਸੇ ਨੇ ਵੀ ਮੁਹਾਜ਼ਿਰਾਂ ਦੀਆਂ ਮੰਗਾਂ ਵਲ ਧਿਆਨ ਦੇਣਾ ਗੁਆਰਾ ਨਹੀਂ ਸਮਝਿਆ। ਮੁਹਾਜ਼ਿਰ ਕੌਮੀ ਲਹਿਰ ਦੇ ਮੁਖੀ ਆਗਰਾ ਪਰਿਵਾਰ ਦੇ 37 ਸਾਲਾ ਨੌਜੁਆਨ ਸ੍ਰੀ ਅਲਤਾਫ ਹੁਸੈਨ ਨ .ਇਕ ਇੰਟਰਵੀਊ ਵਿਚ ਕਿਹਾ:"ਮੁਹਾਜ਼ਿਰਾਂ ਨੂੰ ਹਰ ਥਾਂ ਰੁਜ਼ਗਾਰ,ਸਿੱਖਿਆ ਤਅੇ ਹੋਰ ਪ੍ਰਾਪਤੀਆਂ ਦੇ ਦਰਵਾਜ਼ੇ ਹਮੇਸ਼ਾ ਬੰਦ ਮਿਲਦੇ ਹਨ।"ਇਕ ਗਾਂਧੀਵਾਦੀ ਸ੍ਰੀ ਅਖਤਰ ਹਮਦ ਖਾਨ,ਜਿਹੜੇ ਵੰਡ ਵੇਲੇ ਪਾਕਿਸਤਾਨ ਵਿਚ ਬਚ ਗਏ ਸਨ ਅਤੇ ਇਸ ਵੇਲੇ ਫਸਾਦ ਪੀੜਤਾਂ ਦੇ ਮੁੜ ਬਸੇਬੇ ਲਈ ਕੰਮ ਕਰ ਰਹੇ ਹਨ,ਨੇ ਉਸ ਵੇਲੇ ਬੜੀ ਮਾਯੂਸੀ ਜ਼ਾਹਿਰ ਕੀਤੀ ਜਦੋਂ ਮੈਂ ਉਸ ਨਾਲ ਪਾਕਿਸਤਾਨ ਵਿਚ ਵੱਖ ਵੱਖ ਕੌਮੀਅਤਾਂ ਵਿਚਕਾਰ ਵਧ ਰਹੇ ਖੱਪਿਆਂ ਬਾਰੇ ਗੱਲਬਾਤ ਕੀਤੀ। ਉਸਨੂੰ ਡਰ ਹੈ ਕਿ ਕਰਾਚੀ ਕਿਤੇ ਦੂਸਰਾ ਬੇਰੂਤ ਅਤੇ ਸਿੰਧ ਕਿਤੇ ਇਕ ਹੋਰ ਲਿਬਨਾਨ ਨਾ ਬਣ ਜਾਵੇ ਅਤੇ ਪਾਕਿਸਤਾਨ ਬਾਰੇ ਉਹ ਆਪਣੀ ਗੱਲ ਪੂਰੀ ਨਾ ਕਰ ਸਕਿਆ।

ਇਸੇ ਤਰ੍ਹਾਂ ਸਰਹੱਦੀ ਸੂਬੇ ਵਿਚ ਬੰਬ ਧਮਾਕੇ ਸਰਕਾਰ ਦੀ ਅਫਗਾਨਿਸਤਾਨ ਪ੍ਰਤੀ ਨੀਤੀ ਦਾ ਵਿਰੋਧ ਕਰਨ ਦੇ ਪ੍ਰਗਟਾਵੇ ਹਨ। ਇਸਦਾ ਸਭ ਤੋਂ ਵੱਧ ਮਾੜਾ ਪ੍ਰਭਾਵ ਪਠਾਣਾਂ ਉਤੇ ਪਿਆ ਹੈ ਕਿਉਂਕਿ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਸੋਵੀਅਤ ਯੂਨੀਅਨ ਦਾ ਖਤਰਾ ਨਜ਼ਰ ਆ ਰਿਹਾ ਹੈ। ਇਹ ਇਸ ਲਈ ਵੀ ਕਿ ਅਫਗਾਨਿਸਤਾਨ ਤੋਂ ਆਏ ਲੱਗਭੱਗ 30 ਲੱਖ ਸ਼ਰਨਾਰਥੀਆਂ ਵਿਚੋਂ ਬਹੁਤਿਆਂ ਨੇ ਸ਼ਰਨ ਸਰਹੱਦੀ ਸੂਬੇ ਵਿਚ ਹੀ ਲਈ ਹੋਈ ਹੈ। ਇਸ ਮਸਲੇ ਲਈ ਜੇ ਸਾਰੀ ਗੱਲ ਪਠਾਣਾਂ ਜਾਂ ਪਾਕਿਸਤਾਨੀ ਲੋਕਾਂ 'ਤੇ ਛੱਡ ਦੇਈਏ ਤਾਂ ਉਹ ਸੋਵੀਅਤ ਯੂਨੀਅਨ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨਾ ਚਾਹੁਣਗੇ ਤਾਂ ਕਿ ਇਸ ਗੜਬੜ ਦਾ ਫਸਤਾ ਵੱਢਿਆ ਜਾ ਸਕੇ।

## ਸਮਝੌਤਾ

ਅਵਾਮੀ ਨੈਸ਼ਨਲ ਪਾਰਟੀ ਦੇ ਮੁਖੀ ਸ੍ਰੀ ਵਲੀ ਖਾਨ ਨੇ ਮੈਨੂੰ ਇਹ ਦੱਸਿਆ ਕਿ "ਸੋਵੀਅਤ ਯੂਨੀਅਨ ਨੇ ਇਸ ਸ਼ਰਤ ਸਮੇਤ ਸਭ ਕੁਝ ਸਵੀਕਾਰ ਕਰ ਲਿਆ ਹੈ ਕਿ ਅਫਗਾਨਿਸਤਾਨ ਇਕ ਇਸਲਾਮੀ ਰਾਜ ਹੋਵੇਗਾ।"ਉਨ੍ਹਾਂ ਨੇ ਪੁੱਛਿਆ ਕਿ ਜੇ ਇਹ ਗੱਲ ਹੈ ਤਾਂ ਫਿਰ ਪਾਕਿਸਤਾਨ ਸਰਕਾਰ ਮਾਸਕੋ ਅਤੇ ਕਾਬਲ ਨਾਲ ਸਮਝੌਤਾ ਕਿਉਂ ਨਹੀਂ ਕਰਦੀ? ਪਰ ਇਸਲਾਮਾਬਾਦ ਦੀ ਵਧੇਰੇ ਵਫਾਦਾਰੀ ਅਮਰੀਕਾ ਵਲੋਂ ਉਸਨੂੰ ਖੁੱਲ੍ਹੀ ਸਹਾਇਤਾ ਅਤੇ ਹਥਿਆਰ ਦੇਣ ਕਰ ਕੇ ਉਸ ਨਾਲ ਹੈ। ਅਮਰੀਕੀ ਦਬਾਅ ਕਰ ਕੇ ਹੀ ਸ੍ਰੀ ਆਗਾ ਸ਼ਾਹੀ ਨੂੰ ਉਦੋਂ ਵਿਦੇਸ਼ ਮੰਤਰੀ ਦਾ ਅਹੁਦਾ ਤਿਆਗਣਾ ਪਿਆ ਸੀ ਜਦੋਂ ਉਨ੍ਹਾਂ ਨੇ ਪੰਜ ਵਰ੍ਹੇ ਪਹਿਲਾਂ ਸੋਵੀਅਤ ਯੂਨੀਅਨ ਨਾਲ ਅਫਗਾਨਿਸਤਾਨ ਦੀ ਸਮੱਸਿਆ ਦਾ ਹੱਲ ਲੱਗਭੱਗ ਲੱਭ ਲਿਆ ਸੀ। ਦਸੰਬਰ ਦੇ ਮਹੀਨੇ ਜਦੋਂ ਸ੍ਰੀ ਸਤਾਰ ਮਾਸਕੋ ਗਏ ਤਾਂ ਉਥੇ ਉਨ੍ਹਾਂ ਨੇ ਨੇਤਾਵਾਂ ਨਾਲ ਬੜੀ ਮੁਖਤਸਰ ਜਿਹੀ ਗੱਲਬਾਤ ਹੀ ਕੀਤੀ।

ਅਤੇ ਹੁਣ ਪਾਕਿਸਤਾਨ ਦੇ ਵਿਦੇਸ਼ ਦਫਤਰ ਵਿਚ ਜੋ ਟਿੱਪਣੀ ਉਪਲਬਧ ਹੈ,ਉਹ ਇਹ ਕਿ ਸ਼ਾਂਤੀ ਦੀ ਪੇਸ਼ਕਸ਼ ਭਾਵੇਂ ਕਿੰਨੀ ਵੀ ਦਿਲਖਿਚਵੀਂ ਕਿਉਂ ਨਾ ਹੋਵੇ,"ਸੱਤਾਂ ਸਾਲਾਂ ਦਾ ਇਕ ਭਰੋਸੇਯੋਗ ਮਿੱਤਰ ਅਮਰੀਕਾ ਸਿਰਫ 'ਭਾਰਤ ਪੱਖੀ' ਸੋਵੀਅਤ ਯੂਨੀਅਨ ਕਰ ਕੇ ਹੱਥੋਂ ਨਹੀਂ ਗਵਾਇਆ ਜਾ ਸਕਦਾ। ਅਸਲ ਵਿਚ ਪਾਕਿਸਤਾਨ ਵਿਚ ਇਸ ਤੱਥ ਤੋਂ ਸਭ ਭਲੀ—ਭਾਂਤ ਜਾਣੂੰ ਹਨ ਕਿ ਜਨਰਲ ਜ਼ਿਆ-ਉਲ-ਹੱਕ ਦੀ ਸਰਕਾਰ ਅਮਰੀਕਾ ਨਾਲ ਇਸ ਹੱਦ ਤੱਕ ਜੁੜੀ ਹੋਈ ਹੈ ਕਿ ਅਮਰੀਕਾ ਨੂੰ ਭਰੋਸੇ ਵਿਚ ਲਏ ਬਿਨਾਂ ਮਾਸਕੋ ਨਾਲ ਕੋਈ ਸਮਝੌਤਾ ਹੋਣ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ। ਉਂਜ ਮੈਂ ਪਿਛਲੇ ਕਈ ਵਰ੍ਹਿਆਂ ਤੋਂ ਪਾਕਿਸਤਾਨੀ ਲੋਕਾਂ ਵਿਚ ਅਮਰੀਕਾ ਵਿਰੋਧੀ ਫੈਲ ਰਹੀ ਵਿਚਾਰਧਾਰਾ ਮਹਿਸੂਸ ਕੀਤੀ ਹੈ। ਉਹ ਸ਼ਾਇਦ ਇਸ ਲਈ ਕਿ ਦੱਖਣੀ ਏਸ਼ੀਆ ਵਿਚ ਕਿਤੇ ਵੀ ਅਮਰੀਕਾ ਇੰਨਾ ਬਦਨਾਮ ਨਹੀਂ ਜਿੰਨਾ ਕਿ ਪਾਕਿਸਤਾਨ ਵਿਚ।

## ਹਥਿਆਰ

ਹਥਿਆਰਾਂ ਦੀ ਚੂੰਕਿ ਮੰਗ ਕੀਤੀ ਜਾਂਦੀ ਹੈ ਅਤੇ ਅਮਰੀਕਾ ਵਲੋਂ ਮੁਜਾਹਿਦਾਂ ਨੂੰ ਇਨ੍ਹਾਂ ਦੀ ਖੁੱਲ੍ਹੀ ਅਤੇ ਸਸਤੇ ਦਰਾਂ 'ਤੇ ਸਪਲਾਈ ਕੀਤੀ ਜਾਂਦੀ ਹੈ,ਜੋ ਅੱਗੋਂ ਮਾਮੂਲੀ ਜਿਹੀ ਭੜਕਾਹਟ 'ਤੇ ਵੀ ਬੰਬ ਧਮਾਕੇ ਕਰ ਦਿੰਦੇ ਹਨ। ਅਸਲ ਵਿਚ ਉਥੇ ਹਰ ਅੰਦੋਲਨ ਉਹ ਭਾਵੇਂ ਕਿੰਨਾ ਵੀ ਛੋਟਾ ਹੋਵੇ,ਹਿੰਸਕ ਰੂਪ ਧਾਰਨ ਕਰ ਰਿਹਾ ਹੈ। ਸਿੰਧ ਵਿਚ ਤਾਂ ਰਿਹਾਇਸ਼ੀ ਇਮਾਰਤਾਂ ਦੇ ਬਾਹਰਲੇ ਦਰਵਾਜ਼ੇ ਇਸੇ ਹਿੰਸਾ ਤੋਂ ਡਰਦਿਆਂ ਦਿਨ ਵੇਲੇ ਵੀ ਬੰਦ ਰੱਖੇ ਜਾਂਦੇ ਹਨ।

ਬਹੁਤ ਵਰ੍ਹੇ ਪਹਿਲਾਂ ਅਮਰੀਕਾ ਵਿਚ ਆਪਣੇ ਨਿੰਦਕਾਂ ਜਾ ਵਿਰੋਧੀਆਂ ਤੋਂ ਛੁਟਕਾਰਾ ਪਾਉਣ ਲਈ ਕਿਰਾਏ ਤੇ ਕਾਤਲ ਵੀ ਮਿਲ ਜਾਂਦੇ ਸਨ। ਪਾਕਿਸਤਾਨ ਵਿਚ ਵੀ ਕੁਝ ਇਵੇਂ ਹੀ ਹੈ। ਕਈ ਸਾਲਾਂ ਤੱਕ ਆਪਣੀ ਪਾਰਟੀ ਲਈ ਕੰਮ ਕਰਨ ਵਾਲੇ ਸ੍ਰੀ ਫਜ਼ਲ ਰਾਹੂ ਨੂੰ "ਕਾਤਲਾਂ"ਵਲੋਂ ਹੁਣੇ ਜਿਹੇ ਸਿਰਫ ਇਸ ਕਰਕੇ ਕਤਲ ਕਰ ਦਿਤਾ ਗਿਆ ਕਿ ਉਸਨੇ 1983 ਦੌਰਾਨ ਲੋਕਰਾਜ ਦੀ ਮੁੜ ਬਹਾਲੀ ਲਈ ਚਲਾਏ ਗਏ ਅੰਦੋਲਨ ਪ੍ਰਤੀ ਭਰਵਾਂ ਹੁੰਗਾਰਾ ਨਹੀਂ ਸੀ ਦਿੱਤਾ। ਅਤੇ ਜਿਸ ਜੀਪ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਦੀ ਪ੍ਰਧਾਨ ਕੁਮਾਰੀ ਬੇਨਜ਼ੀਰ ਭੁੱਟੋ ਨੇ 28 ਜਨਵਰੀ ਨੂੰ ਲੜਕਾਣਾ ਵਿਖੇ ਜਾਣਾ ਸੀ,ਉਸਨੂੰ "ਕਾਤਲਾਂ"ਵਲੋਂ ਇਕ ਵੇਲੇ ਗੋਲੀਆਂ ਨਾਲ ਵਿੰਨ੍ਹ ਦਿਤਾ ਗਿਆ। ਇਹ ਵੱਖਰੀ ਗੱਲ ਹੈ ਕਿ ਕੁਮਾਰੀ ਭੁੱਟੋ ਨੇ ਆਖਰੀ ਪਲਾਂ 'ਤੇ ਇਸ ਜੀਪ ਵਿਚ ਜਾਣ ਦਾ ਇਰਾਤਾ ਬਦਲ ਲਿਆ। ਬਹੁਤ ਸਾਰੇ ਲੋਕ ਕਿਸੇ ਦਾ ਵੀ ਨਾਂ ਲਏ ਬਿਨਾਂ ਇਨ੍ਹਾਂ ਘਟਨਾਵਾਂ ਪਿੱਛੇ ਇਸਲਾਮਾਬਾਦ ਦਾ ਹੱਥ ਸਮਝਦੇ ਹਨ ਪਰ ਕੁਮਾਰੀ ਪੁੱਟੋ ਨੇ ਮੈਨੂੰ ਇਕ ਇੰਟਰਵੀਊ ਵਿਚ ਦੱਸਿਆ ਕਿ "ਇਹ ਸਭ ਕੁਝ ਜਨਰਲ ਜ਼ਿਆ ਹੀ ਕਰਵਾ ਰਿਹਾ ਹੈ।"

ਇਸਦਾ ਦੋਸ਼ ਭਾਵੇਂ ਕਿਸੇ ਦੇ ਵੀ ਸਿਰ ਮੜ੍ਹਿਆ ਜਾਵੇ ਤਾਂ ਵੀ ਬਹੁਤ ਸਾਰੇ ਲੋਕ ਇਸ ਵਿਚ ਕੇਂਦਰ ਸਰਕਾਰ ਦਾ ਹੱਥ ਸਮਝਦੇ ਹਨ। ਉਹ ਇੰਜ ਕਿ ਹੁਕ 'ਰਾਨਾਂ ਅਤੇ ਲੋਕਾਂ ਵਿਚ ਭਰੋਸੇਯੋਗਤਾ ਦਾ ਪਾੜਾ ਏਨਾ ਵਧ ਚੁੱਕਾ ਹੈ ਕਿ ਜਿਥੋਂ ਤੱਕ ਸਰਕਾਰ ਦਾ ਸਬੰਧ ਹੈ,ਉਸਦੇ ਹੁੰਦਿਆਂ ਕੁਝ ਵੀ ਖਤਰਨਾਕ ਹੋ ਸਕਦਾ ਹੈ। ਇਹ ਵੀ ਸੁਭਾਵਿਕ ਹੀ ਹੈ ਕਿ ਜਿਸ ਥਾਂ ਸ੍ਰੀ ਰਾਹੂ ਨੂੰ ਮਾਰਿਆ ਗਿਆ ਅਤੇ ਜਿਥੇ ਕੁਮਾਰੀ ਭੁੱਟੋ ਦੀ ਜੀਪ 'ਤੇ ਹਮਲਾ ਕੀਤਾ ਗਿਆ ਉਥੋਂ ਫੌਜੀ ਕੈਂਪ ਬਹੁਤੀ ਦੂਰ ਨਹੀਂ।

ਇਹ ਹੋ ਸਕਦਾ ਹੈ ਕਿ ਫੌਜ ਵਿਰੁਧ ਵੀ ਕਦੀ ਤਿੱਖੀ ਪ੍ਰਤੀਕ੍ਰਿਆ ਹੋਵੇ ਪਰ ਹਿੰਸਾ ਅਤੇ ਪਾਕਿਸਤਾਨ ਵਿਚ ਹੋਣ ਵਾਲੀ ਹਰ ਘਟਨਾ ਦਾ ਸਬੰਧ ਫੌਜ ਨਾਲ ਹੈ ਜਿਸਨੂੰ ਪ੍ਰਾਂਤ ਜਾਂ ਕੌਮੀਅਤ ਦੇ ਕਿਸੇ ਤਰ੍ਹਾਂ ਦੇ ਵੀ ਅੰਕੜਿਆਂ ਤੋਂ ਬਿਨਾਂ ਸਭਨਾਂ ਲੋਕਾਂ ਵਲੋਂ ਬਿਲਕੁਲ ਹੀ ਪਸੰਦ ਨਹੀਂ ਕੀਤਾ ਜਾਂਦਾ। ਪੰਜਾਬੀਆਂ ਉਤੇ ਗਲਤ ਸਿੱਧੀਆਂ ਫੌਜੀ ਕਾਰਵਾਈਆਂ ਕਰਨ ਦਾ ਦੋਸ਼ ਲਾਇਆ ਜਾਂਦਾ ਹੈ ਕਿਉਂਕਿ ਇਸ ਵਿਚ ਵਧੇਰੇ ਗਿਣਤੀ ਪੰਜਾਬੀਆਂ ਦੀ ਜੁ ਹੈ। ਪਰ ਜਦੋਂ ਇਹ ਫੌਜੀ ਹਕੂਮਤ ਦਾ ਬੋਰੀਆ ਬਿਸਤਰਾ ਬੰਨ੍ਹਣ ਵੱਲ ਆਉਂਦੀ ਹੈ ਤਾਂ ਵੀ ਇਹ ਕਿਸੇ ਤੋਂ ਪਿੱਛੇ ਨਹੀਂ ਰਹਿੰਦੀ। 1947 ਵਿਚ ਪਾਕਿਸਤਾਨ ਦੀ ਹੋਂਦ ਤੋਂ ਪਿੱਛੋਂ ਦੇ 30 ਸਾਲ ਇਸ ਦੇ ਗਵਾਹ ਹਨ।

ਕੁਮਾਰੀ ਭੁੱਟੋ ਜੋ ਲੋਕਰਾਜੀ ਹਕੂਮਤ ਦੇ ਜਜ਼ਬਾਤਾਂ ਦੀ ਪਤੀਨਿੱਧ .ਪ੍ਰਤੀਨਿੱਧ ਹੈ,ਨੂੰ ਪੰਜਾਬ ਵਿਚ ਉਸ ਵੇਲੇ ਬਹੁਤ ਆਦਰ ਮਾਣ ਮਿਲਿਆ ਜਦੋਂ ਉਹ ਪਿਛਲੇ ਵਰ੍ਹੇ ਅਪਰੈਲ ਵਿਚ ਵਿਦੇਸ਼ੋਂ ਵਾਪਸ ਪਰਤੀ।

ਕੁਮਾਰੀ ਭੁੱਟੋ ਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਫੌਜ"ਦੇਸ਼ ਦੀ ਰਾਖੀ ਕਰਨ ਦੇ ਆਪਣੇ ਸੰਵਿਧਾਨਕ ਰੋਲ"ਵਲ ਮੁੜੇ ਅਤੇ ਸਰਕਾਰ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਹੋਵੇ ਪਰ ਹਾਲ ਦੀ ਘੜੀ ਇਸ ਤਰ੍ਹਾਂ ਦੇ ਕੋਈ ਆਸਾਰ ਨਹੀਂ ਕਿ ਇਹਆਪਣਾ ਕੰਟਰੋਲ ਘਟਾ ਰਹੀ ਹੋਵੇ। ਜਨਰਲ ਜ਼ਿਆ ਰਾਸ਼ਟਰਪਤੀ ਦੇ ਅਹੁਦੇ ਦੇ ਨਾਲ ਨਾਲ ਫੌਜ ਦੇ ਮੁਖੀ ਦਾ ਅਹੁਦਾ ਵੀ ਸੰਭਾਲੀ ਬੈਠੇ ਹਨ। ਮੁਲਖ ਵਿਚ ਮਾਰਸ਼ਲ ਲਾਅ ਭਾਵੇਂ ਸਰਕਾਰੀ ਤੌਰ 'ਤੇ ਹਟਾ ਲਿਆ ਗਿਆ ਹੈ ਤਾਂ ਵੀ ਪਿਛਲੇ ਇਕ ਵਰ੍ਹੇ ਤੋਂ ਕਿਸੇ ਨੂੰ ਇਹ ਭੁਲੇਖਾ ਨਹੀਂ ਕਿ ਇਹ ਅਸਲੋਂ ਖਤਮ ਨਹੀਂ ਹੋਵੇਗਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਦੂਸਰੇ ਮੋਹਰੇ ਦਾ ਰੋਲ ਅਦਾ ਕਰ ਕੇ ਹੀ ਤਸੱਲੀ ਮਹਿਸੂਸ ਕਰ ਰਹੇ ਹਨ।

ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ,ਜਿਨ੍ਹਾਂ ਨੇ ਯੋਜਨਾਬੱਧ ਤਰੀਕੇ ਨਾਲ ਹੋਏ ਜਨਮਤ ਰਾਹੀਂ ਆਪਣੇ ਨੂੰ ਚੋਣ ਜੇਤੂ ਕਰਾਰ ਦਿਵਾ ਲਿਆ ਹੈ,ਨੂੰ ਕੌਮੀ ਅਸੈਂਬਲੀ ਭੰਗ ਕਰਨ ਦਾ ਪੂਰਾ ਪੂਰਾ ਅਧਿਕਾਰ ਪ੍ਰਾਪਤ ਹੈ। ਉਹ ਪ੍ਰਧਾਨ ਮੰਤਰੀ ਨਾਲ ਸਲਾਹ ਮਸ਼ਵਰਾ ਕਰਕੇ ਹੀ ਰਾਜਪਾਲਾਂ ਦੀ ਨਿਯੁਕਤੀ ਕਰਦੇ ਹਨ ਨਾ ਕਿ ਉਨ੍ਹਾਂ ਦੀ ਸਲਾਹ ਲੈ ਕੇ। ਇਹੋ ਰਾਜਪਾਲ ਇਸਦੇ ਇਵਜ਼ ਵਿਚ ਪ੍ਰਾਂਤਾਂ ਦੇ ਮੁੱਖ ਮੰਤਰੀਆਂ ਨੂੰ

ਬਾਕੀ ਸਫਾ੪੫ਤੇ

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75

# 'ਕੈਨੇਡਾ ਦਰਪਣ' ਫੋਨ (604)581-4473


## I CAN HELP

I'm an Investors professional financial planner. It's my job to help you create and follow a personal financial plan.

I can help with :

- **Investment Funds**
- **Guaranteed Investment Certificates**
- **Registeres Retirement Savings Plans**
- **Estate Planning**
- **Life and Disability Insurance**
- **Annuities**



## ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ!

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)**
**Tel: Bus. 682-5431**

*Investors* SYNDICATE LIMITED
MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**
**Res: 591-2697**



FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

WE LEAD OTHERS FOLLOW

## BRIDE & GROOM SHOP

Contact : Sukhdev S. Saini **Ph. (604) 324-5662**



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES



*Limousine Service* [Daily or Hourly]



**206 East 49th Ave. (at Main St.) Vancouver, B.C.**



## Success Through Service & Experience

AWARD WINNER

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**



## BHANDAL DRYWALL LTD.

**3397 Kingsway, Vancouver, B.C.**

**Ph. 430-5011**



Vice President
**Karnail S. Bhandal**

President
**Jarnail S. Bhandal** M.A.

ਪੰਨਾ 23 ਦੀ ਬਾਕੀ

# ਡਾਵਾਂਡੋਲ ਹੋ ਰਿਹਾ ਪਾਕਿਸਤਾਨ—

ਨਾਮਜ਼ਦ ਕਰਦੇ ਹਨ ।.ਇਨ੍ਹਾਂ ਸਭਨਾਂ ਦਾ ਮੁਖੀ ਜਨਰਲ ਜ਼ਿਆ ਹੈ। ਜਿਹੜੇ ਇਸ ਤੱਥ ਨੂੰ ਲੁਕਾਉਣ ਛਿਪਾਉਣ ਵਿਚ ਕੋਈ ਯਕੀਨ ਨਹੀਂ ਰੱਖਦੇ ਕਿ ਸਿਵਲੀਅਨ ਹਕੂਮਤ ਸਿਰਫ ਮਾਰਸ਼ਲ ਲਾਅ ਹਕੂਮਤ ਜਾਰੀ ਰਹਿਣ ਵਾਲਾ ਬਾਕੀ ਅਮਲ ਹੈ ।

ਤਾਂ ਵੀ ਮਾਰਸ਼ਲ ਲਾਅ ਦਾ ਸਭ ਤੋਂ ਮਾੜਾ ਪਹਿਲੂ ਇਹ ਹੈ ਕਿ ਜ਼ਿਆ ਦੀ ਮਾਰਸ਼ਲ ਲਾਅ ਹਕੂਮਤ ਦੇ ਪਿਛਲੇ ਸਾਢੇ ਨੌਂ ਵਰ੍ਹਿਆਂ ਵਿਚ ਬਹੁਤ ਸਾਰੇ ਲੋਕ ਸਿਆਸਤ ਤੋਂ ਵੱਖ ਕਰ ਦਿਤੇ ਗਏ ਹਨ ਅਤੇ ਹੁਣ ਉਨ੍ਹਾਂ ਨੂੰ ਫਿਰ ਸਿਆਸਤ ਵਿਚ ਦਿਲਚਸਪੀ ਲੈਣ ਲਈ ਲੰਬਾ ਸਮਾਂ ਇਜ਼ਤਜ਼ਾਰ .ਇੰਤਜ਼ਾਰ ਕਰਨਾ ਪੈ ਸਕਦਾ ਹੈ। ਮੁੱਲਾਂ ਅਤੇ ਜਮਾਇਤੇ ਇਸਲਾਮੀ ਸਮੇਤ ਪਿਛਾਂਹ ਖਿਚੂਆਂ ਵਿਚਕਾਰ ਅਤੇ ਉਦਾਰ ਪਾਰਟੀਆਂ ਤੇ ਕਮਿਊਨਿਸਟਾਂ ਸਮੇਤ ਅਗਾਂਹਵਧੂਆਂ ਵਿਚਕਾਰ ਚਲ ਰਹੀ ਲੜਾਈ ਨੇ ਲੋਕਾਂ ਨੂੰ ਇਸ ਕਦਰ ਤੱਕ ਦੁਖੀ ਕਰ ਦਿਤਾ ਹੈ ਕਿ ਬਹੁਤੇ ਲੋਕਾਂ ਨੂੰ ਪੁਰਾਣੀ ਕਿਸਮ ਦੀ ਰਾਜਨੀਤੀ ਤੋਂ ਡਰ ਲੱਗਣਾ ਸ਼ੁਰੂ ਹੋ ਗਿਆ ਹੈ। ਖਾੜੀ ਵਿਚ ਨੌਕਰੀਆਂ ਰਾਹੀਂ ਅਤੇ ਫਿਰ ਅਮਰੀਕਾ ਤੇ ਸਾਊਦੀ ਅਰਬ ਤੋਂ ਮਿਲਦੀ ਮੱਦਦ ਰਾਹੀਂ ਮੁਲਖ ਨੂੰ ਆਰਥਿਕ ਹੁਲਾਰਾ ਮਿਲਿਆ ਹੈ,ਉਸਨੇ ਲੋਕਾਂ ਨੂੰ ਕਾਫੀ ਸੰਤੁਸ਼ਟ ਬਣਾ ਦਿੱਤਾ ਹੈ। ਖਾਸ ਕਰਕੇ ਪੰਜਾਬੀ ਲੋਕ ਉਸ ਗਲੋਂ ਕਾਫੀ ਚੌਕਸ ਹਨ ਜਿਸ ਨਾਲ ਉਨ੍ਹਾਂ ਦੀ ਆਰਥਿਕ ਪ੍ਰਫੁਲਤਾ ਨੂੰ ਸੱਟ ਲੱਗੇ ।

## ਨਿਆਂਪਾਲਕਾ

ਪਾਕਿਸਤਾਨੀ ਪ੍ਰੈਸ ਪਹਿਲਾਂ ਨਾਲੋਂ ਸੁਤੰਤਰ ਹੈ। ਇਹ ਗੱਲ ਵੱਖਰੀ ਹੈ ਕਿ ਬਹੁਤ ਸਾਰੇ ਪੱਤਰਕਾਰ ਅਤੇ ਅਖਬਾਰ ਸਰਕਾਰ ਦਾ ਪੱਖ ਪੂਰਨਾ ਚਾਹੁੰਦੇ ਹਨ । ਉਹ ਇਸ ਲਈ ਇਸੇ ਸਰਕਾਰ ਕੋਲ ਅਕਸਰ ਅਖਬਾਰ ਛਪਣ ਦਾ ਅਧਿਕਾਰ ਰੱਦ ਕਰਨ ਦੀ ਤਾਕਤ ਹੈ । ਜਿਥੋਂ ਤੱਕ ਨਿਆਂਪਾਲਿਕਾ ਦਾ ਸਬੰਧ ਹੈ,ਉਸ ਸਿਲਸਿਲੇ ਵਿਚ ਰਾਸ਼ਟਰਪਤੀ ਕਿਸੇ ਵੇਲੇ ਵੀ ਉਚ ਅਦਾਲਤ ਦੇ "ਜੱਜਾਂ ਦੀਆਂ ਨਿਯੁਕਤੀਆਂ ਵਿਚ ਸੋਧ"ਕਰ ਸਕਦਾ ਹੈ। ਉਹ ਕਿਸੇ ਵੀ ਜੱਜ ਨੂੰ ਕੋਈ ਹੋਰ ਕੰਮ ਸੌਂਪ ਸਕਦਾ ਹੈ ਜਾਂ ਉਸ ਨੂੰ "ਉਹ ਜ਼ਿਮੇਵਾਰੀ ਨਿਭਾਉਣ ਲਈ ਕਹਿ ਸਕਦਾ ਹੈ ਜਿਹੜਾ ਉਹ ਉਸ ਤੋਂ ਲੈਣਾ ਚਾਹੁੰਦਾ ਹੋਵੇ।"ਇਸ ਵੇਲੇ ਮੁਲਖ ਵਿਚਲੇ ਬਹੁਤੇ ਜੱਜਾਂ ਦੀ ਜਨਰਲ ਜ਼ਿਆ ਪ੍ਰਤੀ ਵਫਾਦਾਰੀ ਹੈ ਅਤੇ ਉਹ ਇਸ ਹਕੂਮਤ ਦੇ ਖਿਲਾਫ ਜਾਣ ਦੀ ਹਿੰਮਤ ਨਹੀਂ ਕਰ ਸਕਦੇ ।

ਇਸ ਵਿਚ ਅਜੇ ਵੀ ਕੋਈ ਸ਼ੱਕ ਨਹੀਂ ਕਿ ਪਾਕਿਸਤਾਨ ਵਿਚ ਲੋਕਰਾਜੀ ਪ੍ਰਣਾਲੀ ਦੀ ਮੰਗ ਵਧੇਰੇ ਤੇਜ਼ ਹੋ ਗਈ ਹੈ। ਜਨਰਲ ਜ਼ਿਆ ਦੀ ਇਸਲਾਮੀ ਤਰਜ਼ ਦੀ ਸਰਕਾਰ ਦੇ ਬਦਲ ਦੇ ਬਹੁਤ ਘੱਟ ਸਮਰਥਕ ਰਹਿ ਗਏ ਹਨ । ਇਥੋਂ ਤੱਕ ਕਿ ਜਮਾਇਤੇ ਇਸਲਾਮੀ ਦੇ ਮੈਂਬਰ ਵੀ ਇਹ ਕਹਿ ਰਹੇ ਹਨ ਕਿ ਪਾਰਲੀਮੈਂਟ ਤਰਜ ਦੀ ਸਰਕਾਰ ਅਸਲ ਵਿਚ ਇਸਲਾਮ ਵਿਰੋਧੀ ਨਹੀਂ। ਇਹ ਕਾਫੀ ਹੈਰਾਨੀ ਵਾਲੀ ਗੱਲ ਹੈ ਕਿ ਜਨਰਲ ਜ਼ਿਆ ਦੇ ਇਸ ਪ੍ਰਚਾਰ ਨੇ ਭਲਾ ਆਪੋਜ਼ੀਸ਼ਨ ਨੂੰ ਧਾਰਮਿਕ ਨੀਤੀ ਪ੍ਰਤੀ ਕਿੰਨਾ ਮਜ਼ਬੂਤ ਕੀਤਾ ਹੈ ।

ਜਨਰਲ ਜ਼ਿਆ ਦੇ ਉਦੇਸ਼ਾਂ ਲਈ ਲੋਕਰਾਜ ਦੀ 'ਬਹਾਲੀ'ਕਰ ਦਿਤੀ ਗਈ ਹੈ ਅਤੇ ਇਸੇ ਲਈ ਕੇਂਦਰ ਵਿਖੇ ਕੌਮੀ ਅਸੈਂਬਲੀ (ਹੇਠਲਾ ਸਦਨ) ਅਤੇ ਸੈਨੇਟ (ਉਪਰਲਾ ਸਦਨ) ਅਤੇ ਰਾਜਾਂ ਵਿਚ ਪ੍ਰਾਂਤਿਕ ਅਸੈਂਬਲੀਆਂ ਦੀ ਸਥਾਪਨਾ ਕੀਤੀ ਗਈ ਹੈ । ਮੌਜੂਦਾ ਮੈਂਬਰਾਂ ਦੀ ਬਹੁਗਿਣਤੀ ਨੇ ਪਹਿਲਾਂ 'ਭਰੋਸੇਯੋਗਤਾ'ਦੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਚੋਣ ਲੜੀ । ਇਥੋਂ ਤੱਕ ਕਿ ਪਾਕਿਸਤਾਨ ਪੀਪਲਜ਼ ਪਾਰਟੀ ਦੇ ਹਮਦਰਦਾਂ ਦੇ ਨਾਮਜ਼ਦਗੀ ਕਾਗਜ਼ ਰੱਦ ਕੀਤੇ ਗਏ । ਜਿਸ ਤਰੀਕੇ ਨਾਲ ਕੌਮੀ ਅਸੈਂਬਲੀ ਤੇ ਸਿੰਧ ਅਸੈਂਬਲੀ ਦੇ ਸਪੀਕਰਾਂ ਨੂੰ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਅਹੁਦਿਆਂ ਤੋਂ ਲਾਹਿਆ ਗਿਆ,ਉਸਤੋਂ ਇਹ ਲਗਦਾ ਹੈ ਕਿ ਕੇਵਲ 'ਜੀ ਹਜ਼ੂਰੀ'ਕਰਨ ਵਾਲਿਆਂ ਨੂੰ ਹੀ ਮਹੱਤਵਪੂਰਨ ਥਾਵਾਂ 'ਤੇ ਲਾਇਆ ਜਾ ਰਿਹਾ ਹੈ। ਕੌਮੀ ਅਸੈਂਬਲੀ ਦੇ ਮੈਂਬਰਾਂ ਨੇ ਇਹ ਮੰਨਿਆ ਕਿ ਜੇ ਜਨਰਲ ਜ਼ਿਆ ਦੀ ਤਾਕਤ ਨੂੰ ਵੰਗਾਰਿਆ ਜਾਵੇ ਤਾਂ ਉਹ ਬਹੁਗਿਣਤੀ ਨੂੰ ਵੀ ਮੂਧੇ ਮਾਰ ਸਕਣ ਦੇ ਸਮਰੱਥ ਹਨ ।

ਕੁਝ ਮੈਂਬਰਾਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿਤਾ ਹੈ ਕਿ ਕੌਮੀ ਅਸੈਂਬਲੀ ਦਾ ਮੈਂਬਰ ਬਣ ਕੇ ਉਨ੍ਹਾਂ ਨੇ ਮੌਜੂਦਾ ਪ੍ਰਣਾਲੀ ਨੂੰ ਸਗੋਂ ਬਲ ਬਖਸ਼ਿਆ ਹੈ। ਆਪੋਜ਼ੀਸ਼ਨ ਲੀਡਰ ਸ੍ਰੀ ਫਕੀਰ ਇਮਾਮ ਦੀ ਬੀਵੀ ਸ੍ਰੀਮਤੀ ਆਬਿਦਾ ਹੁਸੈਨ,ਜੋ ਆਪਣੇ ਤੌਰ ਉਤੇ ਭਰੋਸੇਯੋਗ ਸ਼ਖਸੀਅਤ ਹਨ,ਨੇ ਮੈਨੂੰ ਇਸਲਾਮਾਬਾਦ ਵਿਚ ਇਹ ਦੱਸਿਆ ਕਿ ਜੇ ਮੇਰੇ ਵਰਗੇ ਹੋਰ ਵਿਅਕਤੀਆਂ ਨੇ ਵੀ ਚੋਣਾਂ ਦਾ ਬਾਈਕਾਟ ਕੀਤਾ ਹੁੰਦਾ ਤਾਂ ਇਹ ਬਹੁਤੇ ਵਧੀਆ ਰਹਿਣਾ ਸੀ ।

ਪਰ ਨਿਰਾਸਤਾ ਦੇ ਅਜਿਹੇ ਪ੍ਰਗਟਾਵੇ ਬਹੁਤੇ ਅਗਾਂਹ ਨਹੀਂ ਵਧਿਆ ਕਰਦੇ । ਨਾ ਤਾਂ ਫੌਜ ਵਲੋਂ ਤਾਕਤ ਨੂੰ ਜੱਫਾ ਮਾਰੀ ਰੱਖਣ ਦੀ ਦ੍ਰਿੜਤਾ ਵਿਚ ਕੋਈ ਤਬਦੀਲੀ ਆਈ ਹੈ ਅਤੇ ਨਾ ਹੀ ਲੋਕਾਂ ਦੀ ਬੇਚੈਨੀ ਇਸਨੂੰ ਲਾਂਭੇ ਕਰਨ ਦੇ ਯੋਗ ਹੋ ਸਕੀ ਹੈ । 1980 ਤੋਂ ਹਰ ਵਰ੍ਹੇ ਮੈਨੂੰ ਪਾਕਿਸਤਾਨ ਵਿਚ ਇਹ ਸੁਣਾਈ ਦਿੰਦਾ ਰਿਹਾ ਹੈ ਕਿ ਸਥਿਤੀ ਬੜੀ 'ਧਮਾਕਾਖੇਜ਼'ਹੈ ਅਤੇ ਦਿਨਾਂ ਵਿਚ ਹੀ ਇਹ 'ਭੜਕ ਉਠੇਗੀ'ਪਰ ਐਸੀ ਕੋਈ ਗੱਲ ਨਹੀਂ ਹੋਈ। ਇਸਤੋਂ ਇਸ ਗੱਲ ਦਾ ਅਹਿਸਾਸ ਜ਼ਰੂਰ ਹੁੰਦਾ ਹੈ ਕਿ ਦੇਸ਼ ਵਿਚੋਂ ਫੌਜੀ ਰਾਜ ਹੁਣ ਖਤਮ ਹੋਣ ਵਾਲਾ ਹੈ। ਅਸਲ ਵਿਚ ਮੈਨੂੰ ਫੌਜ ਏਨੀ ਲਾਲਚੀ ਲਗਦੀ ਹੈ ਕਿ ਉਹ ਤਾਕਤ ਵਿਚ ਭਾਈਵਾਲੀ ਦੀ ਮੰਗ ਕਰੇਗੀ ਹਾਲਾਂਕਿ ਜਿਹੜਾ ਵੀ ਗਰੁੱਪ ਮੂਹਰੇ ਆਵੇਗਾ ਉਸ ਵਿਚ ਹੀ ਇਸ ਤਰ੍ਹਾਂ ਦਾ ਸਮਝੌਤਾ ਜ਼ਰੂਰ ਹੋਵੇਗਾ । ਅੱਜ ਸ੍ਰੀ ਜੁਨੇਜੋ ਉਸ ਪ੍ਰਣਾਲੀ ਵਿਚ ਇਕ ਛੋਟੇ ਜਿਹੇ ਭਾਈਵਾਲ ਹਨ ਜਿਥੇ ਫੌਜ ਵੱਡੀ ਭਾਈਵਾਲ ਹੈ। ਕੱਲ੍ਹ ਨੂੰ ਇਹ ਛੋਟੇ ਭਾਈਵਾਲ ਵਜੋਂ ਵੀ ਸਹਿਮਤ ਹੋ ਸਕਦੀ ਹੈ ਪਰ ਚੁਣੇ ਹੋਏ ਪ੍ਰਤੀਨਿੱਧ ਉਨ੍ਹਾਂ ਨੂੰ ਸ਼ਾਇਦ ਸਿਆਸੀ ਤਾਕਤ ਤੋਂ ਪੂਰੀ ਤਰ੍ਹਾਂ ਰੋਕਣ ਦੇ ਕਾਮਯਾਬ ਨਾ ਹੋ ਸਕਣ ।

ਹਿੰਸਕ ਭੜਕਾਹਟਾਂ ਜੋ ਲੋਕਾਂ ਦੀ ਬੇਬਸੀ ਪ੍ਰਗਟਾਉਂਦੀਆਂ ਹਨ,ਵਿਚ ਵਾਧੇ ਨਾਲ ਫੌਜ ਦੀ ਮੌਜੂਦਗੀ ਵਧੇਰੇ ਠੀਕ ਦੱਸੀ ਜਾਵੇਗੀ। ਜਦੋਂ ਓਰੰਗੀ ਫਸਾਦਾਂ ਉਤੇ ਕਾਬੂ ਪਾਉਣਾ ਅਸੰਭਵ ਹੋ ਗਿਆ ਤਾਂ ਉਦੋਂ ਫੌਜ ਨੇ ਵਾਗਡੋਰ ਆਪਣੇ ਹੱਥ ਸੰਭਾਲੀ ਅਤੇ ਇਨ੍ਹਾਂ ਨੂੰ ਬੜੀ ਬੇਦਰਦੀ ਨਾਲ ਦਬਾ ਦਿੱਤਾ। ਦੋਸ਼ੀਆਂ ਜਾਂ ਕਰਾਚੀ ਤੋਂ ਦੂਰ ਰਹਿੰਦੇ ਲੋਕਾਂ ਦੀਆਂ ਨਜ਼ਰਾਂ ਵਿਚ ਫੌਜ ਨੇ ਅਮਨ ਦੀ ਬਹਾਲੀ ਕਰਕੇ ਬੜਾ ਜੱਸ ਖੱਟਿਆ । ਇਹ ਵੱਖਰੀ ਗੱਲ ਹੈ ਕਿ ਇਹ ਸ਼ਾਂਤੀ ਭਾਵੇਂ ਬਨਾਵਟੀ ਹੀ ਕਿਉਂ ਨਾ ਹੋਵੇ

ਇਸੇ ਤਰ੍ਹਾਂ ਵੱਖ ਵੱਖ ਕੌਮੀਅਤਾਂ ਦਾ ਦਾਅਵਾ ਇਕ ਅਜਿਹੀ ਸਥਿਤੀ ਪੈਦਾ ਕਰ ਸਕਦਾ ਹੈ ਜਿਥੇ ਇਕ ਵਾਰੀ ਫੌਜ ਫਿਰ ਅਮਨ ਕਾਨੂੰਨ ਦੀ ਬਹਾਲੀ ਕਰੇਗੀ । ਸਿੰਧ,ਸੂਬਾ ਸਰਹੱਦ ਅਤੇ ਬਲੋਚਿਸਤਾਨ ਜ਼ਿਆ ਸਰਕਾਰ ਦੇ ਮਾਮਲਿਆਂ ਵਿਚ ਅਰਥਪੂਰਨ ਅਧਿਕਾਰ ਚਾਹੁੰਦੇ ਹਨ ਜਿਸ ਉਤੇ ਪੰਜਾਬੀਆਂ ਦੀ ਆਪਣੀ ਬਹੁਗਿਣਤੀ ਸਦਕਾ ਕੰਟਰੋਲ ਹੈ । ਪਾਕਿਸਤਾਨ ਦਾ 1973 ਦਾ ਸੰਵਿਧਾਨ,ਜੋ ਉਸ ਵੇਲੇ ਸੰਵਿਧਾਨਕ ਅਸੈਂਬਲੀ ਵਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ,ਵੱਖ ਵੱਖ ਇਕਾਈਆਂ ਨੂੰ ਤਾਕਤ ਦੇਣ ਦੀ ਗੱਲ ਕਰਦਾ ਹੈ । ਫੌਜ ਨੇ ਉਸ ਸੰਵਿਧਾਨ ਦੀ ਪ੍ਰਵਾਹ ਨਾ ਕੀਤੀ ਪਰ 1973 ਦੇ ਸੰਵਿਧਾਨ ਪਿਛੋਂ ਪਹਿਲੇ ਪ੍ਰਧਾਨ ਮੰਤਰੀ,ਇਕ ਸਿਵਲੀਅਨ ਹੁਕਮਰਾਨ ਜ਼ੁਲਫਿਕਾਰ ਅਲੀ ਭੁੱਟੋ ਨੇ ਵੀ ਉਸਨੂੰ ਸ਼ਬਦਾਂ ਜਾਂ ਭਾਵਨਾ ਵਜੋਂ ਅਮਲ ਵਿਚ ਨਾ ਲਿਆਂਦਾ ਸ਼ਾਇਦ ਇਹੋ ਕਾਰਨ ਹੈ ਕਿ ਸੂਬਾ ਸਰਹੱਦ ਦੇ ਵਲੀ ਖਾਨ ਅਤੇ ਬਲੋਚ ਨੇਤਾ ਗੌਸ ਮੁਹੰਮਦ ਬੇਜੇਨੋ ਦਾ ਕਹਿਣਾ ਹੈ ਕਿ ਉਹ ਹੁਣ 1973 ਦੇ ਸੰਵਿਧਾਨ 'ਤੇ ਬਹੁਤੀ ਆਸ ਨਹੀਂ ਰੱਖ ਸਕਦੇ। ਜੇ ਇਹ ਗੱਲ ਹੈ ਤਾਂ ਫਿਰ ਦੇਸ਼ ਆਪਣੀ ਆਸ ਕਿਵੇਂ ਰੱਖੇ ? ਅਤੇ ਕੌਣ ਵੱਖ ਵੱਖ ਇਕਾਈਆਂ ਨੂੰ ਆਪਣੇ ਰਾਹ ਜਾਣੋਂ ਰੋਕ ਸਕਦਾ ਹੈ ।

ਇਕ ਵਿਅਕਤੀ ਤਾਕਤ ਕੁਮਾਰੀ ਬੇਨਜ਼ੀਰ ਭੁੱਟੋ ਇਸਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਲੋਕਰਾਜੀ ਢੰਗ ਨਾਲ ਚਲਾ ਸਕਦੀ ਹੈ ਜਿਸ ਨਾਲ ਕਿ ਫੌਜ ਹੱਥਲ ਹੋ ਜਾਵੇਗੀ । ਉਹ ਇਕ ਸਾਂਝਾ ਪਹਿਲੂ ਹੈ। ਉਹ ਇਕ ਅਜਿਹੀ ਕੁੰਜੀ ਹੈ ਜਿਹੜੀ ਵੱਖ ਵੱਖ ਤਾਲੇ ਖੋਲ੍ਹ ਸਕਦੀ ਹੈ। ਉਹ ਇਕੱਲੀ ਹੀ ਸਰਹੱਦੀ ਅਤੇ ਕੌਮੀਅਤਾਂ ਨੂੰ ਪਾਰ ਕਰ ਸਕਦੀ ਹੈ। ਪਰ ਇਹ ਪ੍ਰਭਾਵ ਵੀ ਜ਼ੋਰ ਫੜ ਰਿਹਾ ਹੈ ਕਿ ਉਹ ਜਨਰਲ ਜ਼ਿਆ ਨੂੰ ਲਾਂਭੇ ਕਰਕੇ ਆਪ ਤਾਕਤ ਸੰਭਾਲਣਾ ਚਾਹੁੰਦੀ ਹੈ। ਉਹ ਲੋਕਾਂ ਵਿਚ ਬੜੀ ਹਰਮਨ ਪਿਆਰੀ ਹੈ ਪਰ ਇਸ ਵੇਲੇ ਵੀ ਉਸ ਵਿਚ ਅਜਿਹਾ ਕੁਝ ਨਹੀਂ ਵਿਖਾਈ ਦਿੰਦਾ ਜਿਸ ਨਾਲ ਫੌਜ ਲਾਂਭੇ ਹੋ ਜਾਵੇਗੀ। ਲੋਕ ਇਹ ਗੱਲ ਚੰਗੀ ਤਰ੍ਹਾਂ ਯਾਦ ਕਰਦੇ ਹਨ ਕਿ ਉਸਨੇ ਅਗਸਤ ਵਿਚ ਆਪਣੇ ਆਦਰ ਮਾਣ ਦਾ ਕਿਵੇਂ ਬਿਨਾਂ ਕਿਸੇ ਪ੍ਰਤੀਕ੍ਰਿਆ ਦੇ ਗਲਤ ਅਨੁਮਾਨ ਲਾ ਲਿਆ ਸੀ। ਜਦੋਂ ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ ।

ਜੇ ਪਾਕਿਸਤਾਨ ਵਿਚ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਾਈਆਂ ਜਾਣ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਮਾਰੀ ਭੁੱਟੋ ਪੰਜਾਬ,ਸਿੰਧ ਅਤੇ ਇਥੋਂ ਤੱਕ ਕਿ ਸੂਬਾ ਸਰਹੱਦ ਵਿਚ ਹੂੰਝਾ ਫੇਰ ਦੇਵੇਗੀ । ਉਸਨੂੰ ਬਲੋਚਿਸਤਾਨ ਵਿਚ ਵੀ ਬਹੁਗਿਣਤੀ ਮਿਲ ਸਕਦੀ ਹੈ ਪਰ ਵੱਡੀ 'ਜੇ'ਇਹ ਹੈ ਕਿ ਇਸ ਮੁਲਕ ਵਿਚ ਸੁਤੰਤਰ ਅਤੇ ਨਿਰਪੱਖ ਚੋਣਾਂ ਹੋਣਗੀਆਂ ਵੀ ? ਜਨਰਲ ਜ਼ਿਆ 1990 ਤੱਕ ਆਪਣੀ ਗੱਦੀ 'ਤੇ ਟਿਕੇ ਰਹਿਣ ਬਾਰੇ ਕਹਿ ਚੁੱਕੇ ਹਨ ।

ਜਨਰਲ ਜ਼ਿਆ ਦਾ ਇਸ ਵੇਲੇ ਫੌਜ ਉਤੇ ਪੂਰਾ ਕੰਟਰੋਲ ਹੈ। ਅੱਗੋਂ ਫੌਜ ਦਾ ਪੂਰੇ ਪਾਕਿਸਤਾਨ ਉਤੇ । ਜੇ ਇਹ ਕੁਝ ਹੈ ਤਾਂ ਫਿਰ ਇਨ੍ਹਾਂ ਦੋਹਾਂ ਦੀ ਹੁਕਮਅਦੂਲੀ ਕੌਣ ਕਰੇਗਾ ਅਤੇ ਕੌਣ ਇਨ੍ਹਾਂ ਨੂੰ ਲਾਂਭੇ ਕਰ ਸਕੇਗਾ ? ਸਿਰਫ ਗਿਣਤੀ ਦੇ ਲੋਕ ਹੀ ਹਥਿਆਰਬੰਦ ਫੌਜਾਂ ਨਾਲ ਮੱਥਾ ਲਾਉਣ ਲਈ ਗਲੀਆਂ ਵਿਚ ਨਿਕਲ ਸਕਦੇ ਹਨ ਤੇ ਉਹ ਵੀ ਕਿਵੇਂ ? ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਦਿਆਂ ਲੋਕ ਗਾਹੇ ਬਗਾਹੇ ਅਮਰੀਕਾ 'ਤੇ ਟੇਕ ਰੱਖ ਰਹੇ ਹਨ ਜਿਸ ਨੂੰ ਜ਼ਿਆ ਹਕੂਮਤ ਨੂੰ ਠੁੰਮਣਾ ਦੇਣ ਵਜੋਂ ਵੇਖਿਆ ਜਾਂਦਾ ਹੈ । ਕੀ ਇਹੋਓ ਕਾਰਨ ਹੋ ਸਕਦਾ ਹੈ ਕਿ ਕਿਉਂ ਕੁਮਾਰੀ ਭੁੱਟੋ ਕਦੀ ਅਮਰੀਕਾ ਦੀ ਨਿੰਦਾ ਨਹੀਂ ਕਰੇਗੀ ।

Kuldip Nayar




NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167



An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL Ph. 872-7375



ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਬਾਬੂ ਬਾਂਸਲ

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਇਸ ਕਿਤਾਬ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

ਫੋਨ : 872-7375

# 15 Pacific Rim Nations to be represented at the 1987 Asia Pacifisc Festival

VANCOUVER,B.C.—Vancouver will host a major International event when the 1987 Asia Pacific Festival opens at the British Columbia Complex on Saturday,June 20th.The Festival will be the first significent event produced on the B.C. Pavilion site since the close of the 1986 World Exposition.The Asia Pacific Festival will continue the magic and spirit of Expo 86.

Based on the theme "Traditions in Translation",the Festival will present performances and demonstrations showcasing the cultures of 15 visiting Nations from the Pacific Rim along with the Asian and Native Communites from Vancouver and British Columbia.The Festival will be a fun filled Celebration of entertainment,food,sports and crafts featuring over 1,200 performers,artisans,athletes,and Craftspeople.

"The emphasis at the Festival is on participation,"said Digby Peers,President of the Asia Pacific Festival Society."Renowned international performers from across the Pacific will share their skills with those of Canadian Groups.This cultural interaction will offer British Columbian and tourist visitors to Vancouver a new spectacle at this world famous site."Peers invites all Canadians and our Southern neighbours to come and renew the spell of Expo.

In addition to a variety of performances,wotkshops, fashion shows and craft demonstrations,the Festival will present the flavours and aromas of Asia in an international food Bazaar.Demonstrations of Asian sports and martial arts will also play an integral part of the Festival program.Coincoding with the Asia Pacific Festival will be the second annual Vancouver Dragon Boat Festival to be held in False Creek on June 20 and 21."With the return of the dramatic and exciting Dragon Boat Races organized by the Chinese Cultural Centre,the Festival promises to be a fun.../2

# "THE CHANCE TO GIVE:MULTICULTURALISM IN CANADA"—

# NATIONAL LIBRARY'S LATEST EXHIBITION

Ottawa,March 23,1987-"The Chance to Give: Multiculturalism in Canada"is the theme of the latest exhibition held at the National Library of Canada,395 Wellington Street,Ottawa.The exhibition,which opens on April 9,will be complemented throughout May on Tuesdays and Thursdays at 10:00 a.m. by performances of dancing,reading, story-telling and music-playing,given by artists of many backgrounds.The performances will be directed towards students from grades 3 to 13 and their teachers in the Ottawa-Hull area.For reservations,Schools should contact the National Library's Cultural Events Office at (613) 993-6618.

Arranged according to three themes-A Country of Immigrants,A Country of Settlers and A Country of Searchers--the exhibit "The Chance to Give"explores the many ways in which people from all lands have contributed to the Canadian heritage.A highlight of the exhibit are displays on five prominent Canadians: Farmer-artist Leo B.LeBlanc,businessmen Ed Mirvish, illustratior Elizabeth Mrazik Cleaver,teacher activist Art Miki,and Scientist Saran Narang. Besides a wide variety of books,photographs posters,hand-made pictures and advertisements,articles of clothing and personal will also be featured.Representing the many diverse cultures that create the Canadian whole,there are Quotations from Immigrants recalling their experiences in Canada,and items that range from Chinese slippers to wooden spoon scoops.

"The Chance to Give: Multiculturalism in Canada"will be open from 9 a.m. to 9 p.m. every day from April 9 to September 13,1987.A free poster is available.Guided tours may be arranged by calling (613) 993-6618.More information on the performances to be given throughout May will be available in April.

Media information:Richard Carver (613) 996-3945

## ਲੁਟੇਰਿਆਂ ਦੀ ਭਾਲ ਸ਼ੁਰੂ

ਰਾਂਚੀ:—ਰਾਂਚੀ ਪੁਲਸ ਨੇ ਉਨ੍ਹਾਂ ਹਥਿਆਰਬੰਦ ਲੁਟੇਰਿਆਂ ਦੀ ਭਾਲ ਬੜੀ ਤੇਜ਼ੀ ਨਾਲ ਸ਼ੁਰੂ ਕਰ ਦਿਤੀ ਹੈ। ਜਿਨ੍ਹਾਂ ਨੇ ਕੱਲ ਬਿਰਲਾ ਇੰਸਟੀਚਿਊਟ ਵਿਚ ਪਿਸਤੌਲ ਦੀ ਨੋਕ ਤੇ 1.50 ਲੱਖ ਰੁਪਏ ਲੁੱਟ ਲਏ ਸਨ।


Business Financial Planning



How can I ensure that in the future my estate will have the necessary liquidity to meet outstanding debts, taxes, etc.?

Estate Analysis

Taking Care of Your Family and Business



What about a basic benefits package for my employees?

Group Insurance

Recruiting and Retaining Key Employees



How can I increase my retirement benefits?

Registered Retirement Savings Plan

Affordable Retirement Packages for You and Your Employees

Find Out More About The Plan(s) That Interest You Call Your Financial Planner and Complete Brokerage Service:



Sudesh Kalia

Bus: (604) 685-9335

Res: (604) 254-5837

ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

# ਸਿਆਸੀ ਵਿਅੰਗ

## ਗੁਰਨਾਮ ਸਿੰਘ ਤੀਰ

### ਅਤਿਵਾਦੀਆਂ ਨੂੰ ਪਨਾਹ

ਅਤਿਵਾਦੀ ਪੈਦਾ ਕਰਨ ਵਿਚ ਪੰਜਾਕ ਦੀ ਪੁਲੀਸ ਦਾ ਵੀ ਚੋਖਾ ਹੱਥ ਹੈ। ਕਈ ਵਾਰ ਪੁਲੀਸ ਵਾਲੇ ਅਜਿਹੀਆਂ ਕਾਰਵਾਈਆਂ ਕਰਦੇ ਹਨ ਕਿ ਚੰਗਾ-ਭਲਾ ਸ਼ਾਂਤਮਈ ਵਿਚ ਰਹਿਣ ਵਾਲਾ ਬੰਦਾ ਅਤਿਵਾਦੀ ਬਣ ਜਾਂਦਾ ਹੈ।

ਜ਼ਿਲਾ ਫਰੀਦਕੋਟ ਦੇ ਇਕ ਪਿੰਡ ਭੋਲੇਵਾਲ ਤੋਂ ਖਬਰ ਪੁੱਜੀ ਹੈ ਕਿ ਜ਼ਿਲਾ ਫਿਰੋਜ਼ਪੁਰ ਦੇ ਇਕ ਥਾਣੇ ਦੀ ਪੁਲੀਸ ਨੇ ਉਥੇ ਜਾਕੇ ਇਕ ਹਿੰਦੂ ਦੁਕਾਨਦਾਰ ਨੂੰ ਇਸ ਦੋਸ਼ ਵਿਚ ਪਕੜ ਲਿਆ ਕਿ ਉਹ ਅਤਿਵਾਦੀਆਂ ਨੂੰ ਪਨਾਹ ਦਿੰਦਾ ਹੈ। ਇਹੀ ਕਾਰਵਾਈ ਕਰਨ ਤੋਂ ਪਹਿਲਾਂ ਧਰਮਸ਼ਾਲਾ ਵਿਚ ਠਹਿਰੇ ਪੁਲਸੀਆਂ ਵਲੋਂ ਆਪ੍ਰ ਵਿਚ ਬਹਿਸ ਹੋਈ। ਇਕ ਥਾਣੇਦਾਰ ਕਹਿ ਰਿਹਾ ਸੀ ਕਿ ਫਲਾਣੇ ਸਿਖ ਨੂੰ ਅਤਿਵਾਦੀਆਂ ਦੀ ਮੱਦਦ ਕਰਨ ਦੇ ਦੋਸ਼ ਵਿਚ ਫੜਨਾ ਚਾਹੀਦਾ ਹੈ। ਪਰ ਇਕ ਹੌਲਦਾਰ ਨੇ ਸੁਝਾਓ ਦਿੱਤਾ ਕਿ ਸਿਖ ਨੂੰ ਫੜਨ ਦਾ ਕੋਈ ਫਾਇਦਾ ਨਹੀਂ। ਸਿਖ ਕੁੱਟ ਤਾਂ ਖਾ ਲਏਗਾ ਪਰ ਪੈਸੇ ਨਹੀਂ ਦੇ ਸਕੇਗਾ। ਇਸ ਲਈ ਕਿਸੇ ਚੰਗੇ ਲਾਲੇ ਨੂੰ ਹੱਥ ਪਾਉਣਾ ਚਾਹੀਦਾ ਹੈ। ਅਖੀਰ ਇਕ ਲਾਲਾ ਜੀ ਨੂੰ ਧਰਮਸ਼ਾਲਾ ਵਿਚ ਸੱਦ ਕੇ ਕੁਟਾਈ ਸ਼ੁਰੂ ਕਰ ਦਿਤੀ ਕਿ ਤੂੰ ਅਤਿਵਾਦੀਆਂ ਨੂੰ ਪਨਾਹ ਦਿੰਦਾ ਹੈਂ।

ਰੌਲਾ ਰੱਪਾ ਸੁਣਕੇ ਪਿੰਡ ਦੇ ਲੋਕ ਤੇ ਪੰਚਾਇਤ ਵਾਲੇ ਇਕੱਠੇ ਹੋ ਗਏ। ਉਨ੍ਹਾਂ ਨੇ ਪੁਲੀਸ ਵਾਲਿਆਂ ਨੂੰ ਕਿਹਾ ਕਿ ਇਹ ਲਾਲਾ ਜੀ ਬੜੇ ਅਮਨ ਪਸੰਦ ਹਨ ਤੇ ਪਿੰਡ ਵਿਚ ਕੋਈ ਅਤਿਵਾਦੀ ਨਹੀਂ ਆਉਂਦਾ। ਪਰ ਜੇ ਤੁਸੀਂ ਇਨ੍ਹਾਂ ਨੂੰ ਫੜਨਾ ਹੈ ਤਾਂ ਜਿੱਥੇ ਚਾਹੋ,ਕੱਲ੍ਹ ਨੂੰ ਪੇਸ਼ ਕਰ ਦਿਆਂਗੇ। ਪੁਲੀਸ ਵਾਲਿਆਂ ਆਪਣਾ ਫਿਰੋਜ਼ਪੁਰ ਦਾ ਅਡਰੈਸ ਦੇ ਦਿਤਾ ਅਗਲੇ ਦਿਨ ਪੰਚਾਇਤ ਵਾਲੇ ਦੁਕਾਨਦਾਰ ਨੂੰ ਲੈ ਕੇ ਫਿਰੋਜ਼ਪੁਰ ਪੁੱਜੇ। ਫਿਰੋਜ਼ਪੁਰ ਪੁਲੀਸ ਨੇ ਇਸ ਗੱਲ ਤੋਂ ਉਕਾ ਇਨਕਾਰ ਕਰ ਦਿਤਾ ਕਿ ਉਨ੍ਹਾਂ ਦਾ ਕੋਈ ਬੰਦਾ ਪਿੰਡ ਭੋਲੇਵਾਲ ਗਿਆ ਸੀ। ਫਿਰ ਪਿੰਡ ਵਾਲੇ ਲਾਲਾ ਜੀ ਨੂੰ ਦੋ-ਤਿੰਨ ਹੋਰ ਥਾਣਿਆਂ ਵਿਚ ਲੈਕੇ ਫਿਰਦੇ ਰਹੇ। ਉਹੀ ਪੁਲੀਸ ਜਿਹੜੀ ਲਾਲਾ ਜੀ ਨੂੰ ਉਨ੍ਹਾਂ ਦੇ ਘਰ ਲਭਦੀ ਫਿਰਦੀ ਸੀ ਆਪਣੇ ਦੁਆਰ ਆਇਆਂ ਨੂੰ ਸਿਆਨਣ ਤੱਕ ਲਈ ਤਿਆਰ ਨਹੀਂ ਸੀ।

ਲਾਲਾ ਜੀ ਨੂੰ ਹੋਰ ਹੌਂਸਲਾ ਹੋਇਆ ਤੇ ਉਨ੍ਹਾਂ ਨੇ ਪੰਜਾਬ ਪੁਲੀਸ ਵਲੋਂ ਪੈਸੇ ਲੈਣ ਆਲੀ ਗੱਲ ਦੀ ਰਿਪੋਰਟ ਕਰ ਦਿਤੀ ਹੈ। ਹੁਣ ਪੁਲੀਸ ਵਾਲੇ ਆਪਣੇ ਸ਼ਾਹਿਬਜ਼ਾਦਿਆਂ ਤੋਂ ਇਸ ਬਾਰੇ ਪੁੱਛ ਗਿੱਛ ਕਰ ਰਹੇ ਹਨ।

### ਜੁੱਲੀ,ਗੁੱਲੀ ਤੇ ਕੁੱਲੀ

ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਮਨੁੱਖੀ ਲੋੜਾਂ ਤੇ ਅਧਿਕਾਰਾਂ ਦੀ ਗੱਲ ਕਰਦਿਆਂ ਪੁਰਜ਼ੋਰ ਸ਼ਬਦਾਂ ਵਿਚ ਕਿਹਾ ਹੈ ਕਿ ਅੱਜ ਦੇ ਭਾਰਤੀ ਸ਼ਹਿਰੀਆਂ ਦੀਆਂ ਤਿੰਨ ਨਹੀਂ ਸਗੋਂ ਕਈ ਬੁਨਿਆਦੀ ਲੋੜਾਂ ਹਨ। ਜੁੱਲੀ,ਗੁੱਲੀ ਤੇ ਕੁੱਲੀ ਤੋਂ ਬਿਨਾਂ ਵਿਦਿਆ,ਸਿਹਤ ਤੇ ਚੰਗੀ ਧੋਤੀ ਟੋਪੀ ਵੀ ਚਾਹੀਦੀ ਹੈ,ਭਾਵ ਕਿ ਵਿਦਿਆ ਦੇ ਨਾਲ ਨਾਲ ਕੁਝ ਰਾਜਸੀ ਦਰਜਾ ਵੀ ਮਿਲਣਾ ਚਾਹੀਦਾ ਹੈ।

ਜੇ ਗਿਆਨੀ ਜੀ ਦੇ ਹਿਸਾਬ ਨਾਲ "ਸ਼ੋਸ਼ਲਿਜ਼ਮ" ਮਾਪਿਆ ਜਾਣ ਲੱਗਾ ਤਾਂ ਗਿਆਨੀ ਜੀ ਨੇ ਸਪਸ਼ਟ ਸ਼ਬਦਾਂ ਵਿਚ ਕਹਿਣ ਦੇਣਾ ਹੈ ਕਿ ਧੰਨੇ ਜੱਟ ਵਾਲੇ ਰਾਸ਼ਨ ਕਾਰਡ ਦੇ ਹਿਸਾਬ ਨਾਲ ਘਰੇਲੂ ਲੋੜਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਜਿਹੜੇ ਲੋਕ ਪੜ੍ਹ ਲਿਖ ਜਾਣ ਉਨ੍ਹਾਂ ਨੂੰ "ਬੇਗਮਪੁਰਾ ਸ਼ਹਿਰ ਕਾ ਨਾਓਂ" ਦੇ ਹਿਸਾਬ ਨਾਲ ਬੇਫਿਕਰੀ ਦਾ ਜੀਵਨ ਪ੍ਰਾਪਤ ਹੋਣਾ ਚਾਹੀਦਾ ਹੈ।

ਗਿਆਨੀ ਜੀ ਨੂੰ ਅਗਲੇ ਰਾਸ਼ਟਰਪਤੀ ਦੀ ਚੋਣ ਲਈ ਅਜਿਹਾ ਚੋਣ ਮੈਨੀਫੈਸਟੋ ਤਿਆਰ ਕਰਕੇ ਹੁਣ ਤੋਂ ਹੀ ਪ੍ਰਸਾਰਨਾ ਚਾਹੀਦਾ ਹੈ ਤਾਂ ਕਿ ਲੋਕ ਆਪਣਾ ਮਨ ਬਣਾ ਸਕਣ ਕਿ ਦੇਸ਼ ਦੇ ਸ਼ੋਸ਼ਲਿਜ਼ਮ ਦੇ ਭਵਿੱਖ ਕੈਸਾ ਹੋਣਾ ਚਾਹੀਦਾ ਹੈ।

### ਮਹਿਕਮਾ ਜੰਗਲਾਤ ਵਰਗੀ ਗੱਲ

ਪੰਜਾਬ ਸਰਕਾਰ ਦੇ ਜੰਗਲਾਤ ਮਹਿਕਮੇ ਨੇ ਕੁਝ ਨੌਕਰੀਆਂ ਕੱਢੀਆਂ ਹਨ। ਉਨ੍ਹਾਂ ਨੂੰ ਭਰਨ ਲਈ ਉਮੀਦਵਾਰਾਂ ਲਈ ਅਜੀਬ ਕਿਸਮ ਦੇ ਟੈਸਟ ਰੱਖੇ ਹਨ।

ਕੁਝ ਥਾਵਾਂ ਤੋਂ ਖਬਰਾਂ ਆਈਆਂ ਹਨ ਕਿ ਇੰਟਰਵੀਊ ਲੈਣ ਵਾਲਿਆਂ ਨੇ ਉਮੀਦਵਾਰਾਂ ਨੂੰ ਲੰਮੀਆਂ ਲੰਮੀਆਂ ਤੇ ਟੇਢੀਆਂ ਦੌੜਾਂ ਦੌੜਨ ਦਾ ਆਦੇਸ਼ ਦਿਤਾ। ਦੌੜਾਂ ਵੀ ਜੰਗਲ ਵਿਚ ਦੌੜਨੀਆਂ ਪਈਆਂ ਕਈ ਉਮੀਦਵਾਰ ਜ਼ਖਮੀ ਹੋ ਗਏ। ਮਹਿਕਾ ਜੰਗਲਾਤ ਦੇ ਇਕ ਅਫਸਰ ਨੇ ਫਰੀਦਕੋਟ ਦੇ ਇਕ ਬੁਰੀ ਤਰ੍ਹਾਂ ਜ਼ਖਮੀ ਹੋਏ ਉਮੀਦਵਾਰ ਨੂੰ ਕਿਹਾ, "ਤੂੰ ਤਾਂ ਸਿਰ ਤੋਂ ਲੈ ਕੇ ਪੈਰਾਂ ਤੱਕ ਲਹੂ-ਲੁਹਾਣ ਹੋ ਗਿਆ ਹੈਂ। ਜਾਪਦੇ,ਤੇਰੀ ਇਕ ਲੱਤ ਵੀ ਟੁੱਟ ਗਈ ਹੈ। ਤੇਰੀ ਖੱਬੀ ਅੱਖ ਦਾ ਆਨਾ ਬਾਹਰ ਨੂੰ ਆਉਣ ਨੂੰ ਫਿਰਦਾ ਹੈ। ਪਰ ਜਵਾਨ ਤੈਨੂੰ ਘਬਰਾਉਣਾ ਨਹੀਂ ਚਾਹੀਦਾ। ਤੂੰ ਮਹਿਕਮਾ ਜੰਗਲਾਤ ਦੇ ਟੈਸਟ ਵਿਚ ਪਾਸ ਹੋ ਗਿਆ ਏਂ। ਹੁਣ ਤੈਨੂੰ ਨੌਕਰੀ ਦੇਣਾ ਸਾਡਾ ਫਰਜ਼ ਬਣਦਾ ਹੈ ਕਿਉਂਕਿ ਤੇਰੇ ਵਰਗੇ ਜਵਾਨ ਹੀ ਮਹਿਕਮਾ ਜੰਗਲਾਤ ਦੇ ਉਜਾੜੇ ਨੂੰ ਜਾਨ 'ਤੇ ਖੇਡ ਕੇ ਬਚਾ ਸਕਦੇ ਹਨ।

ਇਸ ਗੱਲ ਉਤੇ ਨਾ ਹੀ ਹਾਸਾ ਆ ਰਿਹਾ ਹੈ ਤੇ ਨਾ ਹੀ ਰੋਣਾ। ਸ਼ਾਇਦ ਇਸ ਲਈ ਕਿ ਜਿਸ ਸਰਕਾਰ ਨੇ ਉਮੀਦਵਾਰਾਂ ਲਈ ਅਜਿਹੇ ਟੈਸਟ ਰੱਖੇ ਹਨ,ਉਸਦੇ ਮੁੱਖ ਮੰਤਰੀ ਦੀ ਹਾਲਤ ਵੀ ਕੇਂਦਰ ਦੀ ਨੀਤੀ ਨੇ ਏਸ ਜਵਾਨ ਵਰਗੀ ਹੀ ਕਰ ਰੱਖੀ ਹੈ।

### 18 ਸੈਕਟਰ ਦੀ ਬਿਜਲੀ

ਪਿਛਲੇ ਦਿਨੀਂ ਜਦੋਂ ਚੰਡੀਗੜ੍ਹ ਵਿਚ ਜ਼ੋਰ ਦਾ ਮੀਂਹ ਪਿਆ ਅਤੇ ਬਿਜਲੀ ਕੜਕੀ ਤਾਂ ਸੈਕਟਰ 18 ਦੀ ਬਿਜਲੀ ਇਸ ਤਰ੍ਹਾਂ ਅਲੋਪ ਹੋ ਗਈ ਜਿਵੇਂ ਬਿੱਲੀ ਨੂੰ ਵੇਖ ਕੇ ਚੂਹਾ ਖੁੱਡ ਵਿਚ ਵੜ ਜਾਂਦਾ ਹੈ। ਜਿੰਨਾ ਚਿਰ ਆਕਾਸ਼ ਦੀ ਬਿਜਲੀ ਨੇ ਇਸ ਗੱਲ ਦੀ ਲਿਖਤੀ ਗਾਰੰਟੀ ਨਾ ਦਿਤੀ ਕਿ ਇਹ ਆਖਰੀ ਚਮਤਕਾਰ ਸੀ,ਹੁਣ ਨਹੀਂ ਚਮਕਾਂਗੀ,ਓਨਾ ਚਿਰ ਬਿਜਲੀ ਬਾਹਰ ਨਹੀਂ ਆਈ।

ਇਸ ਸੈਕਟਰ ਦੀ ਬਿਜਲੀ ਬਾਰੇ ਪੰਜਾਬ ਬਿਜਲੀ ਬੋਰਡ ਦੇ ਚੇਅਰਮੈਨ ਸ੍ਰੀ ਐਨ.ਐਸ.ਵਸੰਤ ਕੋਲ ਵੀ ਅਰਜ਼ੀਆਂ ਪਾਈਆਂ ਗਈਆਂ ਹਨ। ਉਨ੍ਹਾਂ ਨੇ ਵੀ ਅਜੇ ਇਸ ਸੈਕਟਰ ਦੀ ਬਿਜਲੀ ਦਾ ਕੋਈ ਇਲਾਜ ਨਹੀਂ ਕੀਤਾ। ਸੁਣਨ ਵਿਚ ਆਇਆ ਹੈ ਕਿ ਉਹ ਕਹਿ ਰਹੇ ਹਨ ਕਿ ਅਗਲਾ ਥਰਮਲ ਪਲਾਂਟ ਧੂਰੀ ਵਿਖੇ ਬਣੇਗਾ। ਉਥੋਂ ਜੋ ਬਿਜਲੀ ਬਚੇਗੀ,ਉਹ ਇਸ ਸੈਕਟਰ ਨੂੰ ਸਪਲਾਈ ਕੀਤੀ ਜਾਵੇਗੀ। ਗੜਬੜ ਨਿਰੀ ਬਿਜਲੀ ਸਪਲਾਈ ਕਰਨ ਦੀ ਨਹੀਂ ਸਗੋਂ ਬਿਜਲੀ ਕਰਮਚਾਰੀਆਂ ਦੇ ਪੈਸੇ ਖਾਕੇ ਮਾੜਾ ਸਮਾਨ ਜੜਨ ਦੀ ਹੈ। ਜਿੰਨਾ ਚਿਰ ਸਾਰਾ ਸਮਾਨ ਬਦਲਿਆ ਨਹੀਂ ਜਾਂਦਾ,ਓਨਾ ਚਿਰ ਇਸ ਸੈਕਟਰ ਦੀ ਬਿਜਲੀ ਇਸ ਤਰ੍ਹਾਂ ਦੁਬਿਧਾ ਵਿਚ ਪਈ ਰਹੇਗੀ।

ਚੰਡੀਗੜ੍ਹ ਦੇ ਚੋਰ ਵੀ ਇਸ ਸੈਕਟਰ ਦੀ ਬਿਜਲੀ ਤੋਂ ਬੜੇ ਪ੍ਰੇਸ਼ਾਨ ਹਨ। ਉਹ ਕਈ ਵਾਰ ਮਨ ਬਣਾਕੇ ਜਾਂਦੇ ਹਨ ਕਿ ਇਸੇ ਘਰ ਵਿਚੋਂ ਕੁਝ ਚੁੱਕਾਂਗੇ,ਉਦੋਂ ਬਿਜਲੀ ਆ ਜਾਂਦੀ ਹੈ। ਜਦੋਂ ਉਹ ਕੁਝ ਚੁੱਕ ਕੇ ਤੁਰਦੇ

ਬਾਕੀ ਸਫਾ 21 ਤੇ




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



NORTH AMERICAN LIFE, DOES IT FOR YOU!

• ਬਿਜਨਸ ਤੇ ਮਾਰਗੇਜ਼ . • ਬੱਚਿਆਂ ਦੀ ਪੜ੍ਹਾਈ ਇੰਨਸ਼ੋਰੈਂਸ • ਰਿਟਾਇਰ ਮੈਂਟ ਤੇ ਪੈਨਸ਼ਨ ਪਲਾਨ • ਲਾਈਫ ਇੰਨਸ਼ੋਰੈਂਸ • ਗਰੁਪ ਇੰਨਸ਼ੋਰੈਂਸ

COMPAY PROVIDES

- HIGHEST INTEREST RATES of its 5- year Investment account on your savings Dollars
- Provides you free advice on keeping the interest earnings tax-sheltered
- Computerized tailor-made plan for your family

& YOU DECIDE:

- The amount to Life Insurance
- The period after which you could STOP premium payment
- FLEXIBILITY in premium payments (Within Limits)

TOGETHER WE ARE STRONGER



KARNAIL SINGH NAGRA
TEL. 270-2100
NAGRA INSURANCE AGENCIES 11420 GRANVILLE AVE
RICHMOND, B.C. V6Y 1RG



■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

ਪੰਨਾ 27 ਦੀ ਬਾਕੀ

ਹਨ ਤਾਂ ਬਿਜਲੀ ਚਲੀ ਜਾਂਦੀ ਹੈ। ਇਸ ਅੱਖ ਮਚੋਲੀ ਵਿਚ ਘਰ ਵਾਲਿਆਂ ਦਾ ਨੁਕਸਾਨ ਤਾਂ ਹੋਣਾ ਹੀ ਸੀ,ਚੋਰਾਂ ਨੂੰ ਵੀ ਕਈ ਵਾਰ ਘਾਟਾ ਪੈ ਜਾਂਦਾ ਹੈ।

ਹਾਸ ਵਿਅੰਗ ਕਵੀ ਸਵਰਗੀ ਸੂਬਾ ਸਿੰਘ ਨੇ ਇਕ ਸ਼ੇਅਰ ਲਿਖਿਆ ਸੀ:—

ਤੇਰੀ ਯਾਂਦ ਸੱਜਣੀ ਬਿਜਲੀ ਵਾਂਗ ਆਉਂਦੀ,
ਇਕ ਦਿਨ ਆਂਵਦੀ ਤੇ ਦਸ ਦਿਨ ਆਂਵਦੀ ਨਾ।

ਸ਼ਿਅਰ ਤਾਂ ਚੰਗਾ ਹੈ ਪਰ ਇਸ ਗੱਲ ਦੀ ਖੋਜ ਹੋਣੀ ਚਾਹੀਦੀ ਹੈ ਕਿ ਇਹ ਸ਼ੇਅਰ ਸਮੇਂ ਉਤੇ ਟਿੱਪਣੀ ਸੀ ਜਾਂ ਭਵਿੱਖ ਬਾਣੀ ? ਭਾਵ ਚੰਡੀਗੜ੍ਹ ਬਨਣ ਤੌਂ ਪਹਿਲਾਂ ਹੀ ਲਿਖ ਦਿਤਾ ਸੀ ਜਾਂ 18 ਸੈਕਟਰ ਦੀ ਉਸਾਰੀ ਤੌਂ ਪਿਛੋਂ।

## ਪੰਜ ਦਿਨਾਂ ਦਾ ਹਫਤਾ

ਕੁਝ ਜ਼ਿਲਾ ਕਚਹਿਰੀਆਂ ਦੇ ਵਕੀਲਾਂ ਨੇ ਜੁਡੀਸ਼ਰੀ ਤੌਂ ਮੰਗ ਕੀਤੀ ਹੈ ਕਿ ਹਾਈਕੋਰਟ ਦੇ ਵਕੀਲਾਂ ਵਾਂਗ ਜ਼ਿਲੇ ਦੇ ਵਕੀਲਾਂ ਦੀਆਂ ਅਦਾਲਤਾਂ 5 ਦਿਲਾਂ ਦਾ ਹਫਤਾ ਮਨਾਇਆ ਕਰਨ ਲਤੇ ਸ਼ਨਿਚਰ,ਐਤਵਾਰ ਦੀ ਛੁੱਟੀ ਰੱਖਿਆ ਕਰਨ।

ਜ਼ਿਲਾ ਗੁਰਦਾਸਪੁਰ ਦੇ ਇਕ ਵਕੀਲ ਨੇ ਪੰਜ ਦਿਨਾਂ ਦੇ ਹਫਤੇ 'ਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਅੱਗੇ ਛੇ ਦਿਨਾਂ ਦੇ ਹਫਤੇ ਵਿਚ ਕਈ ਕੇਸ ਚਹੁੰ ਸਾਲਾਂ ਬਾਅਦ ਸੁਣਵਾਈ ਲਈ ਪੇਸ਼ ਹੁੰਦੇ ਹਨ ਤੇ ਹੁਣ ਪੰਜ ਦਿਨਾਂ ਦਾ ਹਫਤਾ ਹੋ ਗਿਆ ਤਦ ਛੇ ਸਾਲਾਂ ਪਿਛੋਂ ਕਿਸੇ ਕੇਸ ਦੀ ਵਾਰੀ ਆਇਆ ਕਰੇਗੀ। ਜੇ ਥੋੜ੍ਹੀ ਜਿਹੀ ਹਿੰਮਤ ਹੋਰ ਕਰਕੇ ਚਾਰ ਦਿਨਾਂ ਦਾ ਹਫਤਾ ਕਰ ਲਿਆ ਜਾਵੇ ਤਦ ਪੱਕੀ ਪੇਸ਼ੀ ਦਸਾਂ ਸਾਲਾਂ ਬਾਅਦ ਪਿਆ ਕਰੇਗੀ। ਇਸ ਲਈ ਛੁੱਟੀਆਂ ਦਾ ਖਿਆਲ ਕਰਨ ਵਾਲੇ ਵਕੀਲਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਮੁਕੱਦਮਿਆਂ ਦਾ ਕੀ ਬਣੇਗਾ।

ਨਾ ਤੈਨੂੰ ਦਰਦ ਆਇਆ ਹੈ ਨਾ ਤੈਨੂੰ ਦਰਦ ਆਏਗਾ।
ਪਈ ਜਦ ਮਾਰ ਲੋਕਾਂ ਨੂੰ ਤਾਂ ਕੋਈ ਮਰਦ ਆਏਗਾ।

ਖ਼ੁਦਾ ਬੇਰਹਿਮ ਹੈ ਜਦ ਕਿ ਜਦੋਂ ਬੇਦਰਦ ਹੈ ਹਾਕਿਮ
ਭਲੇ ਲੋਕੋ ਨਾ ਸੋਚੋ ਕਿ ਕੋਈ ਹਮਦਰਦ ਆਏਗਾ।

ਕਿਸੇ ਦੇ ਪਿਆਰ ਵਿਚ ਨਿਘ ਹੈ ਨਾਂ ਹੁਣ ਉਹ ਗਰਮ ਜੋਸ਼ੀ ਹੈ
ਪਤਾ ਕਿਸ ਨੂੰ ਸੀ ਕਿ ਏਨਾ ਵੀ ਮੌਸਮ ਸਰਦ ਆਏਗਾ।

ਕਰੋ ਨਾ ਆਸ ਰਹਿਮਤ ਦੀ ਇਨ੍ਹਾਂ ਬੇਦਿਲ ਮਜੋਰਾਂ ਤੋਂ
ਕਿਸੇ ਬੰਦੇ ਨੂੰ ਹੀ ਬੰਦਿਓ ਤੁਹਾਡਾ ਦਰਦ ਆਏਗਾ।

ਕਦੇ ਹੰਝੂਆਂ ਦੀ ਬਾਰਿਸ਼ ਨਾਲ ਆਇਆ ਹੈ ਨਾ ਆਏਗਾ
ਜਦੋਂ ਵੀ ਇਨਕਲਾਬ ਆਇਆ ਉਡਾਉਂਦਾ ਗਰਦ ਆਏਗਾ।

### ਵਿਚਾਰ ਆਪੋ ਆਪਣੇ

# ਗੁਲਜ਼ਾਰ ਸਿੰਘ ਸੰਧੂ ਦੀ ਰਿਪੋਰਟ 'ਤੇ ਟਿੱਪਣੀ



**ਸ੍ਰੀ ਮਾਨ ਸੰਪਾਦਕ ਦਰਪਣ,**

ਕੈਨੇਡਾ ਦਰਪਣ ਦੇ ਮਾਰਚ 27,1987 ਵਾਲੇ ਅੰਕ ਦੇ ਸਫਾ ਤਹਿ.ਤੀਹ ਉਪਰ ਗੁਲਜ਼ਾਰ ਸਿੰਘ ਸੰਧੂ ਵਲੋਂ ਲਿਖੀ ਇਕ ਰਿਪੋਰਟ,"ਮਿਹਣੋ-ਮਿਹਣੀ ਹੋ ਕੇ ਟੁੱਟਗੀ" ਪੜ੍ਹੀ। ਰੀਪੋਰਟ ਭਾਰਤ ਦੀਆਂ ਦੋ ਪ੍ਰਸਿੱਧ ਲੇਖਕਾਵਾਂ—ਅੰਮ੍ਰਿਤਾ ਪ੍ਰੀਤਮ ਤੇ ਕ੍ਰਿਸ਼ਨਾ ਸੋਬਤੀ—ਵਿਚਾਲੇ ਚੱਲ ਰਹੇ ਇਕ ਬੜੇ ਦਿਲਚਸਪ,ਪਰ ਹਾਸੋਹੀਣੇ ਝਗੜੇ ਬਾਰੇ ਹੈ। ਰੀਪੋਰਟ ਜਿਥੇ ਕਈ.ਕਾਫੀ ਜਾਣਕਾਰੀ ਭਰਪੂਰ ਤੇ ਦਿਲਚਸਪ ਹੈ ਉਥੇ ਇਹਦੇ ਵਿਚ ਕੁਝ ਇਕ ਗੱਲਾਂ ਔਰਤਾਂ ਪ੍ਰਤੀ ਬੜੀਆਂ ਨਾਂਹ-ਪੱਖੀ ਹੋਣ ਕਰਕੇ ਬੜੀਆਂ ਇਤਰਾਜ਼ਯੋਗ ਹਨ। ਦੋ ਲੇਖਕਾਂ ਦੇ ਆਪਸੀ ਝਗੜੇ ਨੂੰ ਆਪਣੇ ਸਭਿਆਚਾਰ ਦੇ ਔਰਤਾਂ ਪ੍ਰਤੀ ਨਜ਼ਰੀਏ 'ਚ ਫਿੱਟ ਕਰਕੇ ਦੋ ਵਿਹਲੀਆਂ ਔਰਤਾਂ ਦੀ "ਲੜਾਈ"ਬਣਾ ਕੇ ਪੇਸ਼ ਕੀਤਾ ਹੈ। ਸੰਧੂ ਝਗੜੇ ਦੇ ਕਾਰਨ ਦਾ ਜਿੰਨਾ ਵੀ ਮਖੌਲ ਉਡਾਵੇ ਉਸ ਉਪਰ ਕੋਈ ਇਤਰਾਜ਼ ਨਹੀਂ ਕੀਤਾ ਜਾ ਸਕਦਾ। ਕਿਉਂਕਿ ਝਗੜਾ ਹੈ ਹੀ ਬੜਾ ਘਟੀਆ ਕਿਸਮ ਦਾ ਪਰ ਝਗੜੇ ਦੇ ਉਹਲੇ ਲੁਕ ਕੇ ਸੰਧੂ ਵਰਗਾ ਸੁਲਝਿਆ ਲੇਖਕ ਸਮੁੱਚੀ ਔਰਤ ਦਾ ਮਖੌਲ ਉਡਾਵੇ ਇਹ ਸਹਿਣ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਅੱਜ ਦੇ ਜ਼ਮਾਨੇ ਵਿਚ ਇਹੋ ਜਿਹੀ ਗੱਲ ਸਹਿਣ ਕਰਨੀ ਚਾਹੀਦੀ ਹੈ।

ਬੁਰਜਵਾ ਮੱਧ-ਸ਼੍ਰੇਣੀ ਦੇ ਲੇਖਕਾਂ ਦਰਮਿਆਨ ਤਾਂ ਇਸਤੋਂ ਵੀ ਘਟੀਆ ਕਿਸਮ ਦੀਆਂ ਗੱਲਾਂ ਬਦਲੇ ਨਿੱਤ ਝਗੜੇ ਹੁੰਦੇ ਹਨ। ਖਾਸ ਕਰਕੇ ਪੰਜਾਬੀ ਲੇਖਕਾਂ ਵਿਚ,ਤੇ ਇਕ ਲੇਖਕ ਹੋਣ ਦੇ ਨਾਤੇ ਇਹਦੀਆਂ ਕਈ ਉਦਾਹਰਣਾਂ ਤਾਂ ਖੁਦ ਸੰਧੂ ਕੋਲ ਵੀ ਜ਼ਰੂਰ ਹੋਣਗੀਆਂ। ਜੇ ਅੰਮ੍ਰਿਤਾ ਤੇ ਕ੍ਰਿਸ਼ਨਾ ਦੌਰਾਨ ਇਹ ਮਸਲਾ ਇਨੀ ਵੱਡੇ ਪੱਧਰ ਤੇ ਪਹੁੰਚ ਗਿਆ ਹੈ ਤਾਂ ਇਹ ਉਨ੍ਹਾਂ ਦੇ ਇਸਤਰੀਆਂ ਹੋਣ ਕਰਕੇ ਨਹੀਂ ਸਗੋਂ ਇੰਨੀਆਂ ਪ੍ਰਸਿੱਧ ਲੇਖਕਾਂ ਹੋਣ ਕਰਕੇ ਹੈ ਜਦੋਂ ਦੋ ਪ੍ਰਸਿੱਧ ਲੇਖਕਾਂ ਦਾ ਕਿਸੇ ਲਿਖਤ ਕਰਕੇ ਆਪਸ ਵਿਚ ਝਗੜਾ ਹੋਵੇਗਾ ਤਾਂ ਉਹ ਝਗੜਾ ਵੀ ਜ਼ਰੂਰ ਬਹੁਤ ਲੋਕਾਂ ਦਾ ਧਿਆਨ ਖਿਚੇਗਾ,ਉਹ ਲੇਖਕ ਚਾਹੇ ਮਰਦ ਹੋਣ ਜਾਂ ਔਰਤਾਂ ਇਸ ਨਾਲ ਬਹੁਤਾ ਫਰਕ ਨਹੀਂ ਪਵੇਗਾ। ਇਸ ਕਰਕੇ ਸੰਧੂ ਸਾਹਿਬ ਜਦੋਂ ਲਿਖਦੇ ਹਨ ਕਿ,"ਇਸਨੂੰ ਏਥੇ ਤੱਕ ਪਹੁੰਚਣ ਦਾ ਕੰਮ ਕਿਸੇ ਮਰਦ ਦੇ ਵਸ ਦਾ ਤਾਂ ਨਹੀਂ ਸੀ"ਤਾਂ ਉਹ ਐਵੇਂ ਮਰਦੇ ਦੇ ਔਰਤ ਨਾਲੋਂ ਵਧੀਆ ਹੋਣ ਦੇ ਭੁਲੇਖੇ ਨੂੰ ਪੱਠੇ ਪਾ ਰਹੇ ਲਗਦੇ ਹਨ। ਅਸਲੀਅਤ ਵਿਚ ਉਹ ਵੀ ਜਾਣਦੇ ਹਨ ਕਿ ਮੂਰਖਤਾ ਵਿਚ ਮਰਦ ਔਰਤਾਂ ਨਾਲੋਂ ਘੱਟ ਨਹੀਂ ਹਨ। ਲੇਖਕ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ। ਅੱਜ ਦੁਨੀਆਂ ਦੋ ਮਹਾਂਭਾਕਤਾਂ ਦੀ ਪ੍ਰਮਾਣੂ ਹਥਿਆਰਾਂ ਦੀ ਦੌੜ ਕਾਰਨ ਤਬਾਹੀ ਕੰਢੇ ਖੜੀ ਹੈ ਤੇ ਇਨ੍ਹਾਂ ਦੋਹਾਂ ਦੇ ਮੁਖੀ ਮਰਦ ਹਨ। ਇਸ ਲਈ ਜੇ ਸੰਧੂ ਸਾਹਿਬ ਨੇ ਮਨੁੱਖ ਜਾਤੀ ਨੂੰ ਮਰਦ ਤੇ ਔਰਤ ਵਿੱਚ ਵੰਡ ਕੇ ਹੱਸਣਾ ਹੈ ਤਾਂ ਰੀਗਨ ਤੇ ਗੁਰਬਾਚੋਵ 'ਤੇ ਹੱਸੇ ਤਾਂ ਗੱਲ ਜ਼ਿਆਦਾ ਜਾਇਜ਼ ਲੱਗੇਗੀ

ਰੀਪੋਰਟ ਪੜ੍ਹਨ ਉਪਰੰਤ ਲਗਦਾ ਹੈ ਕਿ ਲੇਖਕ ਨੇ ਔਰਤਾਂ ਦਾ ਮਖੌਲ ਉਡਾਕੇ ਸੁਆਦ ਲੈਣ ਦੀ ਕੋਸ਼ਿਸ਼ ਕੀਤੀ ਹੈ ਜੋਕਿ ਅਜੋਕੇ ਸਮੇਂ ਮੁਤਾਬਕ ਏਨੀ ਗਤਿਆ ਨਹੀਂ ਜਾਪਦੀ। ਆਪਣੇ ਲਿਖੇ ਦਾ ਆਪ ਹੀ ਸੁਆਦ ਲੈਂਦੇ ਹੋਏ ਉਹ ਰੀਪੋਰਟ ਦੇ ਅਖੀਰ 'ਚ ਕੋਰਟ ਨੂੰ ਸੁਝਾ ਦਿੰਦੇ ਹਨ:"ਹਾਈਕੋਰਟ ਨੂੰ ਇਸ ਫੈਸਲੇ ਦੀ ਅੰਤਿਮ ਸੁਣਵਾਈ ਤੋਂ ਪਿਛੋਂ ਇਹ ਗੱਲ ਵੀ ਲਿਖਣੀ ਚਾਹੀਦੀ ਹੈ ਕਿ ਇਸਤਰੀਆਂ ਦੀ ਇਹੋ ਜਿਹੀ ਲੜਾਈ ਕਿਉਂ ਤੇ ਕਦੋਂ ਹੁੰਦੀ ਹੈ ? ਕੀ ਸੰਧੂ ਸਾਹਿਬ ਮਰਦਾਂ ਵਿਚਲੀਆਂ ਲੜਾਈਆਂ ਦਾ ਤੁਹਾਨੂੰ ਪੱਕਾ ਗਿਆਨ ਹੈ ਕਿ ਕਿਹੋ ਜਿਹੀਆਂ ਲੜਾਈਆਂ ਕਦੋਂ ਤੇ ਕਿਉਂ ਹੁੰਦੀਆਂ ਹਨ ?"ਜੇ ਇਸ ਬਾਰੇ ਗਿਆਨ ਹੈ ਤਾਂ ਕੈਨੇਡਾ ਉਹ ਗਿਆਨ ਜ਼ਰੂਰ ਭੇਜੇ,ਤਾਂਕਿ ਏਥੇ ਧਾਰਮਿਕ ਅਦਾਰਿਆਂ ਵਿੱਚ ਕਈਆਂ ਦੀਆਂ ਦਾੜ੍ਹੀਆਂ ਦੀ ਰੱਖਿਆ ਕੀਤੀ ਜਾ ਸਕੇ।

ਅਖੀਰ ਵਿਚ ਅਸੀਂ ਕੈਨੇਡਾ ਦਰਪਣ ਨੂੰ ਤਾਂ ਇਹ ਰੀਪੋਰਟ ਛਾਪਣ ਲਈ ਬੁਰਾ ਭਲਾ ਨਹੀਂ ਆਖ ਸਕਦੇ ਸਗੋਂ ਸ਼ਾਬਾਸ਼ੇ ਹੀ ਦੇਵਾਂਗੇ ਪਈ ਉਨ੍ਹਾਂ ਇਹ ਜਾਣਕਾਰੀ ਪਾਠਕਾਂ ਤੱਕ ਤਾਂ ਪਹੁੰਚਾਈ। ਪਰ ਅਸੀਂ ਆਪਣੇ ਪੰਜਾਬੀ ਲੇਖਕਾਂ ਨੂੰ ਜ਼ਰੂਰ ਅਪੀਲ ਕਰਾਂਗੇ ਬਈ ਆਪਾਂ ਨੂੰ ਵੀ ਹੁਣ ਵੀਹਵੀਂ ਸਦੀ ਵਿੱਚ ਆ ਜਾਣਾ ਚਾਹੀਦਾ ਹੈ ਤੇ ਦੂਜੇ ਲਿੰਗ ਵੱਲ ਇਹ ਸ਼ਾਵਨਵਾਦੀ ਰਵੱਈਆ ਬਦਲ ਲੈਣਾ ਚਾਹੀਦਾ ਹੈ।

ਵੈਨਕੂਵਰ ਸੱਥ(ਸਾਧੂ,ਸੁਖਵੰਤ)


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5






# ਰਾਜੇਸ਼-ਟੀਨਾ

## ਟੁੱਟ ਗਈ ਤੜੱਕ ਕਰਕੇ

ਰਾਜੇਸ਼ ਖੰਨਾ ਵੱਲੋਂ ਟੀਨਾ ਮੁਨੀਮ ਨਾਲ ਬਾਕਾਇਦਾ ਵਿਆਹ ਰਚਾਉਣ ਦਾ ਕਈ ਵਾਰ ਐਲਾਨ ਕਰਨ ਦੇ ਬਾਵਜੂਦ ਕੱਚੀ ਯਾਰੀ ਲਡੂਆਂ ਦੀ ਤੜੱਕ ਕਰਕੇ ਉਸ ਸਮੇਂ ਟੁੱਟ ਗਈ ਜਦੋਂ ਟੀਨਾ ਰਾਜੇਸ਼ ਖੰਨਾ ਨੂੰ ਚੁੱਪ-ਚਾਪ ਛੱਡ ਕੇ ਇਕ ਮਾਲਦਾਰ ਨੌਜਵਾਨ ਨੂੰ ਦਿਲ ਦੇ ਬੈਠੀ। ਇਸ ਤੜੱਕ ਕਰਕੇ ਯਾਰੀ ਟੁੱਟਣ ਪਿੱਛੇ ਰਾਜੇਸ਼ ਖੰਨਾ ਵੱਲੋਂ ਡਿੰਪਲ ਨੂੰ ਅਜੇ ਤਕ ਤਲਾਕ ਨਾ ਦੇਣ ਦਾ ਕਾਰਨ ਕਿਹਾ ਜਾ ਰਿਹਾ ਹੈ। ਇਸੇ ਲਈ ਰਾਜੇਸ਼ ਨੇ ਅੱਗੋਂ ਕਿਸੇ ਹੋਰ ਨੂੰ ਪੱਟਣ ਲਈ ਡਿੰਪਲ ਨਾਲੋਂ ਬਾਕਾਇਦਾ ਤਲਾਕ ਲੈਣ ਲਈ ਅਦਾਲਤ ਵਿਚ ਤਲਾਕ ਦੇ ਕਾਗਜ਼ ਭਰ ਦਿੱਤੇ ਹਨ।



ਕਈ ਵਾਰ ਸ਼ਾਦੀ ਕਰਾਉਣ ਦਾ ਐਲਾਨ ਕਰਨ ਦੇ ਨਾਲ-ਨਾਲ ਰਾਜੇਸ਼ ਖੰਨਾ ਤੇ ਟੀਨਾ ਮੁਨੀਮ ਦੇ 'ਸੁਨੇਹ ਪੂਰਨ ਸੰਬੰਧਾਂ' ਵਿਚ ਦਰਾੜ ਪੈਣ ਦੀਆ ਅਫਵਾਹਾਂ ਵੀ ਉਡਦੀਆਂ ਰਹੀਆਂ ਪਰ ਦੋਨੋਂ ਇਕ ਦੂਜੇ ਲਈ ਜੀਉਂਦੇ ਰਹੇ ਤੇ ਰਾਜੇਸ਼ ਖੰਨਾ ਦਾ ਅਸ਼ੀਦਰਵਾਦ ਟੀਨਾ ਲਈ ਖੁੱਲ੍ਹਾ ਰਿਹਾ। ਇਨ੍ਹਾਂ ਗੱਲਾਂ 'ਦੇ ਬਾਵਜੂਦ ਦੋਨਾਂ ਨੇ ਵਿਆਹ ਵੀ ਨਹੀਂ ਕਰਾਇਆ ਤੇ ਹੁਣ ਉਹ ਅਲੱਗ-ਅਲੱਗ ਵੀ ਹੋ ਗਏ ਹਨ। ਇਥੇ ਹੀ ਬਸ ਨਹੀਂ, ਟੀਨਾ ਮੁਨੀਮ ਦੇ ਵਿਆਹ ਦੀ ਅਫਵਾਹ ਵੀ ਉਡਾ ਰਹੀ ਹੈ ਤੇ ਉਹ ਵੀ ਇਕ ਗੈਰ-ਫਿਲਮੀ ਨੌਜਵਾਨ ਨਾਲ...

ਰਾਜੇਸ਼ ਖੰਨਾ ਉਰਫ ਕਾਕਾ ਇਕ ਵਾਰ ਫਿਰ ਇਕੱਲਾ ਰਹਿ ਗਿਆ ਹੈ। ਆਖਿਰ ਟੀਨਾ ਮੁਨੀਮ ਵੀ ਉਸਨੂੰ ਛੱਡਕੇ ਚਲੀ ਗਈ ਹੈ। ਇਸਦੇ ਨਾਲ ਹੀ ਇਹ ਅਫਵਾਹਾਂ ਵੀ ਗਰਮ ਹਨ ਕਿ ਟੀਨਾ ਇਕ ਪੂੰਜੀਪਤੀ ਨੌਜਵਾਨ ਅਨਿਲ ਅੰਬਾਨੀ ਨਾਲ ਵਿਆਹ ਰਚਾਉਣ ਵਾਲੀ ਹੈ।

ਦੂਜੇ ਪਾਸੇ ਇਹ ਅਫਵਾਹ ਵੀ ਕੰਨੀ ਪੈ ਰਹੀ ਹੈ ਕਿ ਰਾਜੇਸ਼ ਖੰਨਾ ਇਕੱਲਤਾ ਤੋਂ ਏਨਾ ਬੋਖਲਾ ਹੋ ਗਿਆ ਹੈ ਕਿ ਉਹ ਆਪਣੀ ਸਾਬਕਾ ਪ੍ਰੇਮਿਕਾ ਅੰਜੂ ਨੂੰ ਹੀ ਆਪਣੀ ਅਸ਼ੀਰਵਾਦ ਦੀ ਮਲਿਕਾ ਬਣਾਉਣ ਲਈ ਉਤਾਵਲਾ ਹੈ। ਇਸ ਕਰਕੇ ਉਹ ਦੋਨੋਂ ਅੱਧੀ ਰਾਤ ਨੂੰ ਮਿਲਣ ਵੀ ਲਗ ਪਏ ਹਨ।

ਟੀਨਾਂ ਅਤੇ ਕਾਕਾ ਦੇ ਅਲੱਗ ਹੋਣ ਦੀ ਖਬਰ ਨਾਲ ਸ਼ਾਇਦ ਕਿਸੇ ਨੂੰ ਹੈਰਾਨੀ ਵੀ ਹੋਈ ਹੋਵੇ ਕਿਉਂਕਿ ਪਿਛਲੇ ਇਕ ਸਾਲ ਤੋਂ ਅਜਿਹੀਆਂ ਖਬਰਾਂ ਗਰਮ ਸਨ ਤੇ ਇਹ ਯਕੀਨ ਸੀ ਕਿ ਕਿਸੇ ਸਮੇਂ ਵੀ ਅਜਿਹੀ ਖਬਰ ਆ ਸਕਦੀ ਹੈ।

ਦਰਅਸਲ ਸ਼ੁਰੂ ਤੋਂ ਹੀ ਰਾਜੇਸ਼ ਅਤੇ ਟੀਨਾ ਦੇ ਸਬੰਧਾਂ ਦਾ ਕੋਈ ਠੋਸ ਆਧਾਰ ਨਹੀਂ ਸੀ। ਦੋਨਾਂ ਵਿਚ ਨਾ ਤਾਂ ਸੁਭਾਵਿਕ ਢੰਗ ਨਾਲ ਇਸ਼ਕ ਹੋਇਆ ਸੀ ਤੇ ਨਾ ਹੀ ਦੋਨਾਂ ਦੀ ਦੋਸਤੀ ਕਿਸੇ ਪ੍ਰੰਪਰਿਕ ਖਿਚ ਜਾਂ ਅੰਦਰੂਨੀ ਖਾਹਿਸ਼ ਦੀ ਬੁਨਿਆਦ ਦੇ ਹੋਈ ਸੀ। ਸਗੋਂ ਦੋਨੋਂ ਇਕ ਦੂਜੇ ਦੀ ਜ਼ਰੂਰਤ ਕਰਕੇ ਨੇੜੇ ਆਏ ਸਨ। ਦੋਨਾਂ ਦਰਮਿਆਨ ਇਕ ਕਿਸਮ ਦਾ ਸਮਝੌਤਾ ਹੋਇਆ ਸੀ। ਇਸ ਪਾਸੇ ਰਾਜੇਸ਼ ਖੰਨਾ ਡਿੰਪਲ ਵਲੋਂ ਦੂਜੀ ਵਾਰ 'ਅਸ਼ੀਰਵਾਦ' ਛੱਡਣ ਪਿਛੋਂ ਇਕ ਵਾਰ ਫਿਰ ਇਕੱਲਤਾ ਮਹਿਸੂਸ ਕਰ ਰਿਹਾ ਸੀ ਤੇ ਦੂਜੇ ਪਾਸੇ ਸੰਜੇ ਦੱਤ ਵਲੋਂ ਬਿਲਕੁਲ ਤਾਰ ਟੁੱਟਣ ਪਿਛੋਂ ਟੀਨਾ ਵੀ ਕਿਸੇ ਕੱਟੀ ਹੋਈ ਪਤੰਗ ਵਾਂਗ ਡੋਲ ਰਹੀ ਸੀ। ਅਜਿਹੇ ਨਾਜ਼ੁਕ ਸਮੇਂ ਸਿਰ ਕੱਟੀ ਹੋਈ ਪਤੰਗ ਦੀ ਡੋਰ ਰਾਜੇਸ਼ ਖੰਨਾ ਵਰਗੇ ਖਿਡਾਰੀ ਦੇ ਹੱਥਾਂ ਵਿਚ ਆ ਗਈ। ਪਤੰਗ ਦੀ ਡੋਰ ਉਂਗਲੀ ਨਾਲ ਲਪੇਟ ਕੇ ਤੁਣਕੇ ਮਾਰਨ ਦਾ ਸਿਲਸਿਲਾ ਸਾਵਨ ਕੁਮਾਰ ਟਾਕ ਦੀ ਫਿਲਮ 'ਸੌਤਨ' ਦੀ ਸ਼ੂਟਿੰਗ ਦੌਰਾਨ ਸਿੰਘਾਪੁਰ ਸ਼ੁਰੂ ਹੋਇਆ। 'ਸੌਤਨ' ਵਿਚ ਟੀਨਾ ਤੇ ਰਾਜੇਸ਼ ਖੰਨਾ ਇਕੱਠੇ ਕੰਮ ਕਰ ਰਹੇ ਸਨ ਦੋਨੋਂ ਦਿਲੋਂ ਦੁੱਖੀ ਸਨ। ਦੋਨੋਂ ਇਕ ਦੂਜੇ ਦੇ ਕਰੀਬ, ਹੋਰ ਕਰੀਬ ਆਉਂਦੇ ਗਏ ਤੇ ਹੌਲੀ ਹੌਲੀ ਉਨ੍ਹਾਂ ਦਾ ਆਪਸੀ ਖਾਮੋਸ਼ ਸਮਝੌਤਾ ਇਕ ਅਨਜਾਨੇ ਬੰਧਨ ਵਿਚ ਬੱਝਦਾ ਗਿਆ। ਟੀਨਾ ਨੇ ਵਰਸੋਵਾ ਵਿਚ ਨਵਾਂ ਬੰਗਲਾ ਖਰੀਦਿਆ ਜਿਸਦਾ ਨਾਂ 'ਅਭਿਸ਼ੇਕ' ਰਖਿਆ। ਰਾਜੇਸ਼ ਖੰਨਾ 'ਅਸ਼ੀਰਵਾਦ' ਛੱਡ ਕੇ 'ਅਭਿਸ਼ੇਕ' ਵਿਚ ਆ ਗਿਆ। ਦੋਨੋਂ ਗੁਪਤ ਤੌਰ ਤੇ ਗ੍ਰਹਿਸਥ ਜੀਵਨ ਬਿਤਾਉਣ ਲੱਗ ਪਏ।

ਇਸ ਸਮੇਂ ਦੌਰਾਨ ਦੋਨਾਂ ਦੀ ਬਾਕਾਇਦਾ ਵਿਆਹ ਦੀ ਗੱਲ ਤੁਰਦੀ ਰਹੀ। ਰਾਜੇਸ਼ ਖੰਨਾ ਇਸ ਮਸਲੇ ਨੂੰ ਹਮੇਸ਼ਾ ਇਹ ਕਹਿ ਕੇ ਟਾਲਦਾ ਰਿਹਾ ਕਿ ਬਸ ਡਿੰਪਲ ਨਾਲ ਤਲਾਕ ਦੀ ਉਡੀਕ ਹੈ, ਫਿਰ ਉਹ ਇਸ ਸਾਲ ਦੇ ਆਖਿਰ ਤੱਕ ਉਸ ਨਾਲ ਵਿਆਹ ਕਰ ਲਏਗਾ। ਪਰ ਡਿੰਪਲ ਨੇ ਸਾਰੀ ਨਰਾਜ਼ਗੀ ਅਤੇ ਖੁੱਲ੍ਹੀ ਨਫਰਤ ਦਰਸਾਉਣ ਦੇ ਬਾਵਜੂਦ ਅਜੇ ਤੱਕ ਤਲਾਕ ਦੇ ਕਾਗਜ਼ਾਤ ਅਦਾਲਤ ਤੱਕ ਨਹੀਂ ਪਹੁੰਚਾਏ ਤੇ ਇਸੇ ਕਰਕੇ 'ਸਾਲ ਦਾ ਆਖੀਰ' ਕਦੀ ਨਾ ਆਇਆ। ਤੇ ਨਾ ਹੀ ਰਾਜੇਸ਼ ਟੀਨਾ ਦੀ ਸ਼ਾਦੀ ਹੋ ਸਕੀ। ਨੌਂ ਮਣ ਤੇਲ ਹੁੰਦਾ ਤਾਂ ਹੀ ਰਾਧਾ ਨੱਚਦੀ। ਸਪਸ਼ਟ ਸੀ ਕਿ ਰਾਜੇਸ਼ ਖੰਨਾ ਵਿਆਹ ਦੀ ਬੰਧਨ ਵਿਚ ਬੱਝਣਾ ਨਹੀਂ ਸੀ ਚਾਹੁੰਦਾ, ਸਿਰਫ ਟੀਨਾ ਨਾਲ ਮਕਾਰੀ ਕਰ ਰਿਹਾ ਸੀ।

ਦੂਜੇ ਪਾਸੇ ਟੀਨਾ ਨੂੰ ਵਿਆਹ ਕਰਾਉਣ ਦੀ ਬਹੁਤ ਰੀਝ ਸੀ। ਉਸਨੇ ਆਪਣੀ ਇਸ ਰੀਝ ਦਾ ਖੁੱਲ੍ਹ ਕੇ ਇਜ਼ਹਾਰ ਵੀ ਕੀਤਾ। ਉਸਨੂੰ ਆਪਣੇ ਆਪ ਤੇ ਯਕੀਨ ਵੀ ਸੀ ਤੇ ਕਾਕਾ ਤੇ ਭਰੋਸਾ ਵੀ। ਉਸਨੂੰ ਯਕੀਨ ਸੀ ਕਿ ਇਕ ਨਾ ਇਕ ਦਿਨ ਇਹ ਸ਼ਾਦੀ ਹੋਵੇਗੀ। ਸ਼ਾਇਦ ਇਸ ਲਈ ਉਹ ਸਾਰੀ ਦੁਨੀਆਂ ਦਹੈ ਇਤਰਾਜ਼ਾਂ ਦੀ ਬੌਛਾਰ ਸਹਿੰਦਿਆਂ ਬਿਨਾਂ ਰਸਮੀ ਸ਼ਾਦੀ ਦੇ ਕਾਕਾ ਨਾਲ ਰਹਿੰਦੀ ਰਹੀ ਅਤੇ ਸਾਰਿਆਂ ਨੂੰ ਇਹ ਯਕੀਨ ਦਿਵਾਉਂਦੀ ਰਹੀ ਕਿ ਦੋਨਾਂ ਦਾ ਵਿਆਹ ਹੋਵੇਗਾ ਅਤੇ ਜ਼ਰੂਰ ਹੋਵੇਗਾ।

ਟੀਨਾ ਦੇ ਸੰਜੇ ਦੱਤ ਕੋਲ ਵਾਪਸ ਜਾਣ ਦੀ ਅਤੇ ਕਾਕਾ ਨੂੰ ਘਰੋਂ ਕੱਢਣ ਦੀਆਂ ਧਮਕੀਆਂ ਦੇਣ ਦੀਆਂ ਖਬਰਾਂ ਫੈਲੀਆਂ ਤਾਂ ਬਹੁਤ, ਪਰ ਕਿਸੇ ਵੀ ਖਬਰ ਦੀ ਪੁਸ਼ਟੀ ਨਾ ਹੋ ਸਕੀ। ਦੋਨਾਂ ਦਰਮਿਆਨ ਦਰਾੜ ਜੇ ਪਈ ਵੀ ਤਾਂ ਬਹੁਤ ਖੁੱਲ੍ਹ ਕੇ ਸਾਹਮਣੇ ਨਾ ਆਈ।

ਬਾਕੀ ਸਫਾ30ਤੇ



ਨਵਿਆਂ ਦੇ ਸੰਗ ਲੱਗ ਕੇ...ਟੀਨਾ ਮੁਨੀਮ

*ਸਾਗਰ ਸਰਹੱਦੀ ਵਲੋਂ ਪੰਜਾਬੀ ਦੀ ਲੋਕ ਗਾਇਕਾ ਅਮਰ ਨੂਰੀ (ਦੀਦਾਰ ਸੰਧੂ ਦੀ ਸਾਥਣ) ਨੂੰ ਹੀਰੋਇਨ ਲੈ ਕੇ ਬਣਾਈ ਜਾਣ ਵਾਲੀ ਪੰਜਾਬੀ ਫ਼ਿਲਮ ਵਿਚ ਮੇਹਰ ਮਿੱਤਲ ਨੂੰ ਸਾਈਨ ਨਹੀਂ ਕੀਤਾ ਗਿਆ। ਭਾਵੇਂ ਕਿ ਮੇਹਰ ਮਿੱਤਲ ਦੀ ਪ੍ਰਾਈਸ ਵੀ ਹੀਰੋ ਨਾਲੋਂ ਘਟ ਨਹੀਂ।

*'ਅੱਖਾਂ ਹੀਰ ਦੀਆਂ' ਫ਼ਿਲਮ ਦੀ ਹੀਰੋਇਨ ਨੀਰੂ ਪੰਡਿਤ, ਹੀਰੋਇਨ ਬਣੇ ਜਾਂ ਨਾ ਪਰ ਸੁਲੱਕਸ਼ਣਾ ਪੰਡਿਤ ਵਲੋਂ ਦੰਦ ਖੱਟੇ ਹੋਣ ਪਿਛੋਂ ਠਾਕੁਰ ਤਪੱਸਵੀ ਨੀਰੂ ਪੰਡਿਤ ਦੇ ਘਰ ਚੱਕਰ ਮਾਰਨ ਲੱਗ ਪਿਆ ਹੈ। ਖੁਦਾ ਖੈਰ ਕਰੇ।

*ਪੰਜਾਬੀ ਫ਼ਿਲਮਾਂ ਦੀ ਤਾਜ਼ਾ ਸਥਿਤੀ ਅਨੁਸਾਰ 'ਪਟੋਲਾ' ਤਕਰੀਬਨ ਮੁਕੰਮਲ ਹੋ ਗਈ ਹੈ। ਸਤੀਸ਼ ਕੌਲ, ਸੁਰਿੰਦਰ ਛਿੰਦਾ ਅਤੇ ਵਰਿੰਦਰ ਜਿਹੇ ਮਹਾਰਥੀਆਂ ਨਾਲ ਦਿਖਾਈ ਦੇਣਗੀਆਂ ਦਿਲਜੀਤ ਕੌਰ, ਸ਼ੋਭਨੀ ਸਿੰਘ ਤੇ ਗੋਗੀ ਖੁਰਾਨਾ ਜਦਕਿ ਮੇਹਰ ਮਿੱਤਲ, ਹਰਭਜਨ ਜੱਬਲ ਤੇ ਅਮਰ ਚਮਕੀਲਾ ਅਤੇ ਪੂਜਾ ਲਖੀ ਵੀ ਉਨ੍ਹਾਂ ਦਾ ਸਾਥ ਦੇ ਰਹੇ ਹਨ। ਇਸ ਫ਼ਿਲਮ ਦੇ ਗੀਤ ਤੇ ਡਾਇਲਾਗ ਉਸਤਾਦ ਗੀਤਕਾਰ ਬਾਬੂ ਸਿੰਘ ਮਾਨ ਦੇ ਲਿਖੇ ਹੋਏ ਹਨ ਤੇ ਨਿਰਦੇਸ਼ਕ ਹੈ ਜਗਜੀਤ। ਮੁਹੰਮਦ ਸਦੀਕ ਫ਼ਿਲਮ ਦਾ ਸੰਗੀਤਕਾਰ ਹੈ।


**THINKING OF BUYING or SELLING**

(RESIDENTIAL, COMMERCIAL, FARMS & INDUSTRIAL)

L/R

Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE




NIRMAL (NEIL) DHALIWAL

Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.




ਪੰਨਾ29 ਦੀ ਬਾਕੀ

ਪਰ ਪਿਛਲੇ ਦਿਨੀਂ ਕਈ ਰੋਜ਼ਾਨਾ ਅਖਬਾਰਾਂ ਵਿਚ ਇਹ ਖਬਰ ਛਪੀ ਕਿ ਟੀਨਾ ਮੁਨੀਮ ਇਕ ਗੈਰ-ਫਿਲਮੀ ਮਾਲਦਾਰ ਨੌਜਵਾਨ ਅਨਿਲ ਅੰਬਾਨੀ ਨਾਲ ਵਿਆਹ ਰਚਾਉਣ ਵਾਲੀ ਹੈ। ਇਸ ਖਬਰ ਨਾਲ ਲੋਕਾਂ ਨੂੰ ਯਕੀਨ ਹੋ ਗਿਆ ਕਿ ਹੁਣ 'ਅਭਿਸ਼ੇਕ' ਵਿਚ ਰਹਿ ਰਹੇ ਦੋਨਾਂ ਦੋਸਤਾਂ ਵਿਚ ਪਈ ਦਰਾੜ ਡੂੰਘੀ ਖਾਈ ਬਣ ਚੁੱਕੀ ਹੈ ਤੇ ਇਹ ਖਾਈ ਛੇਤੀ ਹੀ ਏਨੀ ਚੌੜੀ ਹੋ ਜਾਣ ਵਾਲੀ ਹੈ ਪਰ ਫਿਰ ਪੂਰੀ ਨਹੀਂ ਹੋ ਸਕੇਗੀ।

ਠੀਕ ਇਸੇ ਤਰ੍ਹਾਂ ਹੀ ਹੋਇਆ। ਕੁਝ ਦਿਨ ਪਹਿਲਾਂ ਟੀਨਾ ਖੁਦ ਆਪਣਾ ਹੀ ਘਰ ਛੱਡ ਕੇ ਚਲੀ ਗਈ। ਦਿਲਚਸਪ ਗੱਲ ਇਹ ਹੈ ਕਿ ਰਾਜੇਸ਼ ਖੰਨਾ ਅਜੇ ਤੱਕ ਉਸੇ ਬੰਗਲੇ ਵਿਚ ਰਹਿ ਰਿਹਾ ਹੈ ਜਦ ਕਿ ਆਮ ਤੌਰ ਤੇ ਲੋਕਾਂ ਦਾ ਕਹਿਣਾ ਹੈ ਕਿ ਟੀਨਾ ਹੁਣ ਕਾਕਾ ਦੀ ਸ਼ਕਲ ਦੇਖਣ ਲਈ ਵੀ ਤਿਆਰ ਨਹੀਂ। ਪਰ ਦੂਜੇ ਪਾਸੇ ਕਾਕਾ ਇਹੋ ਦਾਅਵੇ ਕਰੀ ਜਾ ਰਿਹਾ ਹੈ ਕਿ ਟੀਨਾ ਸਿਰਫ ਨਾਰਾਜ਼ ਹੈ, ਉਸਨੂੰ ਛੱਡ ਕੇ ਨਹੀਂ ਗਈ ਤੇ ਹੁਣ ਵੀ ਰੋਜ਼ਾਨਾ ਅਭਿਸ਼ੇਕ ਆਉਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਟੀਨਾ-ਰਾਜੇਸ਼ ਨੇ ਇਕ ਦੂਜੇ ਨਾਲ ਖੂਬ ਪਿਆਰ ਕੀਤਾ। ਚਾਰ-ਪੰਜ ਸਾਲ ਦੇ ਸਮੇਂ ਵਿਚ ਰਾਜੇਸ਼ ਨੇ ਟੀਨਾ ਦੇ ਕਦੀ ਨਾ ਬਣ ਸਕਣ ਵਾਲੇ ਕੈਰੀਅਰ ਨੂੰ ਚਮਕਾਉਣ ਲਈ ਪੂਰੀ ਪੂਰੀ ਕੋਸ਼ਿਸ਼ ਕੀਤੀ। ਉਸਦੀ ਅੰਦਰੂਨੀ (?) ਪ੍ਰਤਿਭਾ ਖਿਚਕੇ ਬਾਹਰ ਕੱਢਣ ਲਈ ਬਹੁਤ ਪਾਪੜ ਵੇਲੇ। ਉਸਨੂੰ ਚੰਗੀਆਂ ਫਿਲਮਾਂ ਦਿਵਾਈਆਂ। ਆਪਣੇ ਸਾਹਮਣੇ ਉਸਤੋਂ ਉਹ ਭੂਮਿਕਾਵਾਂ ਕਰਾਈਆਂ, ਜਿਹੜੀਆਂ ਅਸਲ ਵਿਚ ਰੇਖਾ, ਸ਼ਬਾਨਾ ਅਤੇ ਜਯਾ ਪ੍ਰਦਾ ਦੇ ਕਰਨਯੋਗ ਸਨ। ਇਥੋਂ ਤੱਕ ਕਿ ਖੁਦ ਇਕ ਫਿਲਮ 'ਅਲੱਗ-ਅਲੱਗ' ਬਣਾਈ ਤੇ ਉਸ ਵਿਚ ਟੀਨਾ ਲਈ ਖਾਸ ਭੂਮਿਕਾ ਰਖੀ। ਪਰ ਨੀਤਜਾ ਉਹੀ ਰਿਹਾ-ਸੁਪਰ ਫਲਾਪ। ਟੀਨਾ ਨੇ ਨਾ ਅਭਿਨੇਤਰੀ ਬਣਨਾ ਸੀ, ਨਾ ਸਫਲ ਸਟਾਰ, ਇਸ ਲਈ ਉਹ ਕੁਝ ਵੀ ਨਾ ਬਣ ਸਕੀ। ਸੱਚ ਇਹ ਹੈ ਕਿ ਇਨ੍ਹਾਂ ਦੋਨਾਂ ਗੱਲਾਂ ਵਿਚ ਉਸ ਦਾ ਖਿਆਲ ਵੀ ਨਹੀਂ ਸੀ। ਹਾਂ, ਕਾਕਾ ਦੇ ਦਿਲ ਦੀ ਰਾਣੀ ਤੇ ਉਸਦੇ ਘਰ ਦੀ ਮਾਲਕਿਨ ਉਹ ਜ਼ਰੂਰ ਬਣਨਾ ਲੋਚਦੀ ਸੀ। ਪਰ ਬਦਕਿਸਮਤੀ ਨਾਲ ਉਸਦੀ ਇਹ ਤਮੰਨਾ ਪੂਰੀ ਨਾ ਹੋ ਸਕੀ।

ਇਹ ਤਾਂ ਮੰਨਣਾ ਹੀ ਪਏਗਾ ਕਿ ਜੇ ਰਾਜੇਸ਼ ਨੇ ਟੀਨਾ ਮੁਨੀਮ ਲਈ ਏਨਾ ਕੁਝ ਸੋਚਿਆ ਤਾਂ ਟੀਨਾ ਨੇ ਵੀ ਕਾਕਾ ਦੀ ਭਟਕਦੀ ਜ਼ਿੰਦਗੀ ਵਿਚ ਸੰਤੁਲਨ ਲਿਆਉਣ ਦੀ ਕੋਸ਼ਿਸ਼ ਦਿਲੋਂ ਕੀਤੀ, ਉਸਦੇ ਖਾਲੀਪਨ ਨੂੰ ਭਰਨ ਦੀ ਕੋਸ਼ਿਸ਼ ਕੀਤੀ। ਬਾਕਾਇਦਾ ਸ਼ਾਦੀ ਕੀਤੇ ਬਿਨਾਂ ਉਸਨੂੰ ਇਕ ਭਰਪੂਰ ਗ੍ਰਹਿਸਥ ਜੀਵਨ ਅਤੇ ਉਸਦਾ ਆਨੰਦ ਦੇਣ ਲਈ ਆਪਣੇ ਵਲੋਂ ਸਭ ਕੁਝ ਕੀਤਾ। ਕਾਕਾ ਦੇ ਨਾਜ਼-ਨਖਰੇ, ਲਟਕੇ-ਝਟਕੇ, ਉਸਦੇ ਬਦਲਦੇ ਮੂਡ ਤੇ ਉਸਦਾ ਸਨਕੀਪਨ ਸਭ ਕੁਝ ਬਰਦਾਸ਼ਤ ਕੀਤਾ, ਉਸਦੇ ਬੱਚਿਆਂ ਤੱਕ ਨੂੰ ਚਾਹਿਆ।

ਪਰ ਗੱਲ ਫਿਰ ਵੀ ਨਾ ਬਣ ਸਕੀ। ਸੁਆਲ ਇਹ ਹੈ ਕਿ ਏਨਾ ਸਮਰਪਣ ਅਤੇ ਲਗਾਓ ਦੇ ਬਾਅਦ, ਆਖਿਰ ਕਿਸ ਗੱਲ ਨੇ ਟੀਨਾ ਨੂੰ ਰਾਜੇਸ਼ ਕੋਲੋਂ ਇਸ ਹੱਦ ਤੱਕ ਦੂਰ ਕਰ ਦਿਤਾ ਕਿ ਉਹ ਕੁਝ ਦਿਨ 'ਆਸ਼ੀਰਵਾਦ' ਦੀ ਮੁਕੰਮਲ ਪੂਰੀ ਹੋਣ ਦੀ ਉਡੀਕ ਵੀ ਨਾ ਕਰ ਸਕੀ ਤੇ ਆਪਣੇ ਹੀ ਘਰੋਂ ਇਕ ਅਜਨਬੀ ਵਾਂਗ ਰੁਖਸਤ ਹੋਣਾ ਵੀ ਗਵਾਰਾ ਕਰ ਲਿਆ।

ਇਸ ਬਾਰੇ ਕਈ ਕਿਸਮ ਦੇ ਅੰਦਾਜ਼ੇ ਲਗਾਏ ਗਏ। ਜਿਵੇਂ, ਰਾਜੇਸ਼ ਨੇ ਟੀਨਾ ਨੂੰ ਅਮਰੀਕਾ ਵਿਚ ਦੋ ਮਹੀਨਿਆਂ ਤੱਕ ਜੋ ਇੰਤਜ਼ਾਰ ਕਰਾਇਆ ਸੀ, ਉਹ ਉਸੇ ਕਰਕੇ ਬੇਮੁੱਖ ਹੋ ਗਈ ਸੀ। ਫਿਲਮ ਉਦਯੋਗ ਦੀ ਹੜਤਾਲ ਅਤੇ ਹੋਪ -86 ਦੌਰਾਨ ਕਾਕਾ ਆਪਣਾ ਬਹੁਤਾ ਸਮਾਂ ਆਪਣੇ ਦਫਤਰ ਵਿਚ ਬਿਤਾਉਂਦਾ ਸੀ ਤੇ ਟੀਨਾ ਘਰ ਵਿਚ ਪਈ ਉਂਗਲੀਆਂ ਦੇ ਨਹੁੰ ਚੱਬਦੀ ਰਹਿੰਦੀ ਸੀ ਤੇ ਆਖਿਰ ਬਰਦਾਸ਼ਤ ਕਰਨ ਦੀ ਵੀ ਕੋਈ ਹੱਦ ਹੁੰਦੀ ਹੈ। ਟੀਨਾ ਰਾਜੇਸ਼ ਦਾ ਸਨਕੀਪਨ ਵੀ ਬਰਦਾਸ਼ਤ ਨਹੀਂ ਕਰ ਸਕਦੀ ਸੀ। ਇਸ ਲਈ ਉਸਦਾ ਜੀਅ ਭਰ ਗਿਆ ਤੇ ਉਸਨੇ ਆਪਣੇ ਆਪ ਨੂੰ ਰਾਜੇਸ਼ ਦੀ ਜ਼ਿੰਦਗੀ ਵਿਚੋਂ ਕੱਢ ਲਿਆ।

ਤੇ ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਟੀਨਾ ਨੂੰ ਇਕ ਸਹਾਰਾ ਮਿਲ ਗਿਆ। ਇਕ ਚਾਹੁਣ ਵਾਲਾ ਮਿਲ ਗਿਆ। ਇਕ ਅਜਿਹਾ ਨੌਜਵਾਨ (ਤੇ ਉਹ ਵੀ ਗੈਰ-ਫਿਲਮੀ) ਜਿਹੜਾ ਮਾਲਦਾਰ ਵੀ ਹੈ (ਉਹ ਰਿਲਾਇੰਸ ਕੰਪਨੀ ਦਾ ਹੋਣ ਵਾਲਾ ਮਾਲਿਕ ਹੈ) ਘੱਟ ਉਮਰ ਵੀ (27) ਅਤੇ ਖੂਬਸੂਰਤ ਵੀ। ਹੋਰ ਅੰਨ੍ਹੇ ਨੂੰ ਵੀ ਕੀ ਚਾਹੀਦਾ ਹੈ—ਦੋ ਅੱਖਾਂ। ਟੀਨਾ ਨੇ ਮੌਕੇ ਨੂੰ ਗਨੀਮਤ ਸਮਝਿਆ ਤੇ ਕਾਕਾ ਨੂੰ ਦੇ ਦਿਤਾ ਅਸਤੀਫਾ।



ਰਲ ਸੰਨਿਆਸੀ ਅਦਾਲਤ ਵਿਚ-ਰਾਜੇਸ਼ ਖੰਨਾ

ਵੈਸੇ ਫਿਲਹਾਲ ਕਿਹਾ ਇਹੋ ਜਾਂਦਾ ਹੈ ਕਿ ਟੀਨਾ ਦੀ ਮਾਤਾ ਜੀ ਦਾ ਦਿਲ ਦਾ ਅਪ੍ਰੇਸ਼ਨ ਹੋਇਆ ਹੈ ਤੇ ਉਹ ਉਸ ਕੋਲ ਉਸਦੀ ਸੇਵਾ ਲਈ ਗਈ ਹੋਈ ਹੈ। ਪਰ ਸਾਰੇ ਜਾਣਦੇ ਹਨ ਕਿ ਦਾਲ ਵਿਚ ਕੁਝ ਕਾਲਾ ਕਾਲਾ ਜ਼ਰੂਰ ਹੈ।

ਅਨਿਲ ਅੰਬਾਨੀ ਨਾਲ ਟੀਨਾ ਦੀ ਮੁਲਾਕਾਤ ਅੱਜ ਦੀ ਨਹੀਂ, ਦਸ ਸਾਲ ਪੁਰਾਣੀ ਹੈ। ਪਰ ਗੱਲ ਮਾਮੂਲੀ ਪਛਾਣ ਅਤੇ 'ਹੈਲੋ ਹੈਲੋ' ਤੋਂ ਅੱਗੇ ਨਹੀਂ ਵਧੀ ਸੀ। ਨਜ਼ਦੀਕੀਆਂ ਵਧਾਉਣ ਦਾ ਬਹਾਨਾ ਤਾਂ ਕਰਨ ਸ਼ਾਹ ਬਣਿਆ। ਕਰਨ ਸ਼ਾਹ ਹੈ ਤਾਂ ਟੀਨਾ ਦਾ ਭਾਣਜਾ ਪਰ ਕਿਸੇ ਦੋਸਤ ਵਾਂਗ ਹਮਦਰਦ ਹੈ। ਇਹ ਕਰਨ ਸ਼ਾਹ ਅਨਿਲ ਅੰਬਾਨੀ ਦਾ ਵੀ ਗੂੜ੍ਹਾ ਮਿੱਤਰ ਹੈ। ਕਰਨ ਦੀ ਮੰਗਣੀ ਵਿਚ ਅਨਿਲ ਤੇ ਟੀਨਾ ਦੀ ਲੰਮੀ ਮੁਲਾਕਾਤ ਹੋਈ ਹੈ ਗੱਲ ਅੱਗੇ ਤੁਰ ਪਈ।

ਇਸ ਮਸਲੇ ਦੇ ਤਿਕੋਨ ਦੇ ਤਿੰਨ ਕੋਨ ਹਨ—ਰਾਜੇਸ਼ ਖੰਨਾ, ਟੀਨਾ ਮੁਨੀਮ ਅਤੇ ਅਨਿਲ ਅੰਬਾਨੀ। ਤੇ ਇਸ ਸੰਬੰਧ ਵਿਚ ਤਿੰਨਾਂ ਦੀ ਪ੍ਰਤੀਕ੍ਰਿਆ ਵੱਖਰੀ-ਵੱਖਰੀ ਹੈ। ਟੀਨਾ ਨੇ ਤਾਂ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿਤਾ। ਉਸਨੇ ਕਿਹਾ, "ਮੈਂ ਅਜੇ ਕੁਝ ਨਹੀਂ ਕਹਿਣਾ ਚਾਹੁੰਦੀ—ਮੈਂ ਕੁਝ ਦਿਨ ਇੰਤਜ਼ਾਰ ਕਰਾਂਗੀ।' ਪਰ ਰਾਜੇਸ਼ ਖੰਨਾ ਨੇ ਖੁੱਲ੍ਹ ਕੇ ਆਪਣੇ ਵਿਚਾਰ ਸਾਹਮਣੇ ਰੱਖੇ। ਟੀਨਾ ਅਤੇ ਅਨਿਲ ਦਾ ਇਹ ਮਾਮਲਾ ਨਹੀਂ, ਇਹ ਸੱਚ ਨਹੀਂ। ਹਾਂ, ਉਹ ਮੇਰੇ ਨਾਲ ਨਾਰਾਜ਼ ਹੋ ਗਈ ਹੈ। ਮੈਂ ਪਿਛਲੇ ਕਈ ਮਹੀਨਿਆਂ ਦੌਰਾਨ ਉਸ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਪਰ ਨਹੀਂ, ਇਹ ਠੀਕ ਨਹੀਂ ਕਿ ਉਹ ਇਥੋਂ ਬਿਲਕੁਲ ਚਲੀ ਗਈ ਹੈ। ਉਹ ਕੱਲ੍ਹ ਹੀ ਇਥੇ ਸੀ, ਮੇਰੀਆਂ ਬੱਚੀਆਂ ਵੀ ਸਨ।'

ਦੂਜੇ ਪਾਸੇ ਅਨਿਲ ਅੰਬਾਨੀ ਨੇ ਇਸ ਸੰਬੰਧੀ ਕੁਝ ਵੀ ਕਹਿਣ ਤੋਂ ਸਾਫ ਨਾਂਹ ਕਰ ਦਿਤੀ।

ਹੁਣ ਆਉਂਦਾ ਹੈ ਅਸਲੀ ਸਵਾਲ, ਤੇ ਉਹ ਇਹ ਕਿ ਕੀ ਅਸਲ ਵਿਚ ਟੀਨਾ ਤੇ ਅਨਿਲ ਦਾ ਵਿਆਹ ਹੋਏਗਾ ? ਤੇ ਇਸ ਨਾਲੋਂ ਵੀ ਅਹਿਮ ਸਵਾਲ ਇਹ ਹੈ ਕਿ ਕੀ ਅੰਬਾਨੀ ਪਰਿਵਾਰ ਟੀਨਾ ਵਰਗੀ ਫਿਲਮੀ ਲੜਕੀ ਨੂੰ ਬਹੂ ਬਣਾਉਣ ਲਈ ਰਾਜ਼ੀ ਹੋਣਗੇ ? ਜਦ ਕਿ ਉਨ੍ਹਾਂ ਨੂੰ ਇਕ ਘਰੇਲੂ ਪਰੰਪਰਿਕ ਲੜਕੀ ਦੀ ਭਾਲ ਹੈ, ਜਿਹੜੀ ਨਾ ਤਾਂ ਸ਼ਰਾਬ ਪੀਂਦੀ ਹੋਵੇ, ਨਾ ਮਾਸ ਖਾਂਦੀ ਹੋਵੇ। ਟੀਨਾ ਇਸ ਸ਼ਰਤ ਤੇ ਪੂਰੀ ਉਤਰ ਸਕੇਗੀ ? ਇਹ ਸਾਰੇ ਸਵਾਲ ਧੌਣ ਉਠਾਈ ਖੜ੍ਹੇ ਹਨ। ਇਨ੍ਹਾਂ ਦਾ ਜਵਾਬ ਸ਼ਾਇਦ ਟੀਨਾ ਕੋਲ ਵੀ ਨਹੀਂ। ਆਉਣ ਵਾਲਾ ਸਮਾਂ ਹੀ ਸਹੀ ਤਸਵੀਰ ਦਿਖਾ ਸਕੇਗਾ।



*'ਗਭਰੂ ਪੰਜਾਬ ਦਾ' ਫ਼ਿਲਮ ਦਾ ਨਿਰਮਾਤਾ ਇਕਬਾਲ ਢਿਲੋਂ ਜਣੇਪਾ ਕੱਟਣ ਆਈ ਜ਼ਨਾਨੀ ਵਾਂਗ ਸੱਤ ਮਹੀਨੇ ਜਲੰਧਰ ਬਿਤਾ ਕੇ ਵਾਪਸ ਬੰਬਈ ਪਰਤ ਗਿਆ ਹੈ। ਤੁਸੀਂ ਸੋਚੋਗੇ ਕਿ ਸ਼ਾਇਦ ਉਹ ਨਵੀਂ ਪੰਜਾਬੀ ਫ਼ਿਲਮ ਦੇ ਸਿਲਸਿਲੇ ਵਿਚ ਬੰਬਈ ਗਿਆ ਹੋਵੇਗਾ। ਪਰ ਨਹੀਂ। ਸੁਣਿਆਂ, ਉਹ ਆਪਣੀ ਹਰਿਆਣਵੀ ਫ਼ਿਲਮ 'ਛੋਹਰਾ ਹਰਿਆਣੇ ਕਾ' ਦੇ ਪ੍ਰਿੰਟ ਲੈਣ ਗਿਆ ਹੈ। ਜਲੰਧਰ ਵਿਚ ਇਹ ਵੀ ਵਾਦ-ਵਿਵਾਦ ਚਲ ਰਿਹਾ ਹੈ ਕਿ 'ਛੋਹਰਾ ਹਰਿਆਣੇ ਕਾ' ਦਾ ਇਕਬਾਲ ਢਿਲੋਂ ਨਾਂ ਦਾ ਹੀ ਨਿਰਮਾਤਾ ਹੈ, ਅਸਲ ਵਿਚ ਫ਼ਿਲਮ ਨਿਰਮਾਣ ਦੇ ਪਿਛੇ ਪੂਰਾ ਹੱਥ ਤਾਂ ਮਾਹਣੀ ਖੇੜੇ ਵਾਲਿਆਂ ਦਾ ਹੈ। ਪਰ ਸਾਨੂੰ ਇਸ ਨਾਲ ਕੀ, ਪੋਸਟਰਾਂ ਤੇ ਨਾਂ ਤਾਂ ਇਕਬਾਲ ਢਿਲੋਂ ਦਾ ਹੀ ਹੁੰਦਾ ਹੈ।

*ਫ਼ਿਲਮੀ ਪੈਂਤੜੇਬਾਜ਼ੀ ਤੋਂ ਬੇਖਬਰ ਕਰਤਾਰ ਪਹਿਲਵਾਨ ਆਪਣੀ ਫ਼ਿਲਮ 'ਸ਼ਰੀਕਾ' ਦੀ ਨਿਰੰਤਰ ਸ਼ੂਟਿੰਗ ਕਰ ਰਿਹਾ ਹੈ। ਫ਼ਿਲਮ ਮੁਕੰਮਲ ਹੋਣ ਤੇ ਹੈ। 'ਸ਼ਰੀਕਾ' ਵਿਚ ਦਿਲਜੀਤ ਕੌਰ ਤੇ ਸ਼ਸ਼ੀਪੁਰੀ ਦੀ ਰੁਮਾਂਟਿਕ ਜੋੜੀ ਤੋਂ ਇਲਾਵਾ ਸੁਬੀ ਰਾਜ, ਯਸ਼ ਸ਼ਰਮਾ, ਮੋਹਨ ਕੁਮਾਰ, ਮੇਹਰ ਮਿੱਤਲ ਤੇ ਜਤਿੰਦਰ ਜੀਤੂ ਦੀਆਂ ਮੁੱਖ ਭੂਮਿਕਾਵਾਂ ਹਨ।

ਖੁਦ ਮਿਟ ਗਏ ਹਾਂ ਸੁਪਨੇ ਸਾਕਾਰ ਕਰਦੇ ਕਰਦੇ।
ਨਫ਼ਰਤ ਮਿਲੀ ਹੈ ਸਾਨੂੰ ਉਫ਼! ਪਿਆਰ ਕਰਦੇ ਕਰਦੇ।

## ਕੁਝ ਪੇਸ਼ਾਵਰ ਲੋਕ ਅੱਤਵਾਦੀਆਂ 'ਚ ਸ਼ਾਮਲ ਹੋਕੇ ਉਨ੍ਹਾਂ ਦੀ ਹਿਮਾਇਤ ਕਰਦੇ ਹਨ—ਡੋਗਰਾ

ਹੁਸ਼ਿਆਰਪੁਰ:—ਜਲੰਧਰ ਰੇਂਜ ਦੇ ਡੀ.ਆਈ.ਜੀ ਸ੍ਰੀ ਪੀ.ਸੀ.ਡੋਗਰਾ ਨੇ ਕਿਹਾ ਹੈ ਕਿ ਯੂਨੀਵਰਸਿਟੀ ਦੇ ਇਮਤਿਹਾਨ ਨਿਰਧਾਰਤ ਸਮੇਂ ਤੇ ਹੋਣ ਲਈ ਬਕਾਇਦਾ ਤੌਰ ਤੇ ਸੁਰੱਖਿਆ ਦੇ ਪ੍ਰਬੰਧ ਕਰ ਦਿਤੇ ਗਏ ਹਨ।

ਅੱਜ ਇਥੇ ਸੀਨੀਅਰ ਪੁਲਿਸ ਅਧਿਕਾਰੀਆਂ ਜਿਨ੍ਹਾਂ ਵਿਚ ਸੀ.ਆਰ.ਪੀ. ਅਤੇ ਬੀ.ਐਸ.ਐਫ. ਦੇ ਅਧਿਕਾਰੀ ਸ਼ਾਮਲ ਸਨ ਦੀ ਮੀਟਿੰਗ ਨੂੰ ਸੰਬੋਧਨ ਕਰਨ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪੇਪਰਾਂ ਦੇ ਸਹੀ ਢੰਗ ਨਾਲ ਕਰਾਉਣ ਲਈ ਸੀ.ਆਰ.ਪੀ.ਐਫ.ਅਤੇ ਬੀ.ਐਸ.ਐਫ.ਦੀਆਂ ਹੋਰ ਟੁਕੜੀਆਂ ਮੰਗਵਾ ਲਈਆਂ ਗਈਆਂ ਹਨ ਤਾਂ ਜੋ ਬੱਚਿਆਂ ਦੇ ਇਮਤਿਹਾਨ ਅਮਨ ਪੂਰਨ ਢੰਗ ਨਾਲ ਹੋ ਸਕਣ।

ਉਨ੍ਹਾਂ ਨੇ ਅੱਤਵਾਦ ਦੇ ਸੰਬੰਧ ਵਿਚ ਫੜੇ ਗਏ ਕੁਝ ਲੋਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਹੁਣ ਅੱਤਵਾਦ ਵਿਚ ਕੁਝ ਪੇਸ਼ਾਵਰ ਲੋਕ ਸ਼ਾਮਲ ਹੋ ਗਏ ਹਨ ਜੋ ਕਿ ਅਤਵਾਦੀਆਂ ਦੀ ਹਿਮਾਇਤ ਕਰਦੇ ਹੋਏ ਉਨ੍ਹਾਂ ਨੂੰ ਪਨਾਹ ਵੀ ਦਿੰਦੇ ਹਨ।

ਸ੍ਰੀ ਡੋਗਰਾ ਨੇ ਦਸਿਆ ਕਿ ਇਸ ਗੱਲ ਦਾ ਪਤਾ ਉਸ ਸਮੇਂ ਲੱਗਾ ਕਿ ਤਿੰਨ ਦਰਜਨ ਬਦਮਾਸ਼ ਫੜੇ ਗਏ ਤੇ ਉਨ੍ਹਾਂ ਨੇ ਉਕਤ ਇਨਕਸਾਫ ਕੀਤਾ ਜਿਸਤੇ ਕਈ ਹੋਰ ਸ਼ੱਕੀ ਲੋਕਾਂ ਬਾਰੇ ਜਾਣਕਾਰੀ ਮਿਲੀ ਹੈ।

ਉਨ੍ਹਾਂ ਕਿਹਾ ਕਿ ਬਹੁਤ ਸਾਰੇ ਅੱਤਵਾਦੀ ਫੜੇ ਗਏ ਜਾਂ ਮਾਰੇ ਜਾ ਚੁੱਕੇ ਹਨ। ਇਸ ਲਈ ਅੱਤਵਾਦੀ ਹੁਣ ਕਾਫੀ ਪਛੜ ਗਏ ਹਨ ਤੇ ਉਹ ਕੁਝ ਪੇਸ਼ਾਵਰ ਲੋਕ ਹੀ ਕੰਮ ਕਰ ਰਹੇ ਹਨ।

## ਸ਼ਿਵ ਸੈਨਾ ਦੇ ਰਵਈਏ ਕਾਰਣ ਨਕੋਦਰ 'ਚ ਮੁੜ ਖਿਚਾਅ ਸੰਭਵ

ਨਕੋਦਰ:—ਸਥਾਨਕ ਸ਼ਿਵ ਸੈਨਾ ਦੇ 40 ਵਰਕਰਾਂ ਦੀ ਗ੍ਰਿਫਤਾਰੀ ਉਪਰੰਤ ਉਨ੍ਹਾਂ ਦੀ ਰਿਹਾਈ ਦੇ ਸਵਾਲ ਨੂੰ ਕੁਝ ਰਾਜਸੀ ਆਗੂਆਂ ਨੇ ਆਪਣੇ ਵਕਾਰ ਦਾ ਸਵਾਲ ਬਣਾ ਲਿਆ ਹੈ ਅਤੇ ਹਾਲਾਤ ਕਿਸੇ ਵੇਲੇ ਵੀ ਨਵਾਂ ਮੋੜ ਲੈ ਸਕਦੇ ਹਨ। ਜਿਥੋਂ ਤੱਕ ਪ੍ਰਸ਼ਾਸ਼ਨ ਦਾ ਸਬੰਧ ਹੈ ਵਰਕਰਾਂ ਦੀਆਂ ਜ਼ਮਾਨਤਾਂ ਤੇ ਰਿਹਾਈ ਦੀ ਵਿਰੋਧਤਾ ਉਸ ਵਲੋਂ ਨਹੀਂ ਕੀਤੀ ਜਾ ਰਹੀ ਪਰ ਕੇਸ ਵਾਪਸ ਲੈਣ ਲਈ ਤਿਆਰ ਨਹੀਂ। ਇਕ ਸੂਚਨਾ ਮੁਤਾਬਕ ਬੀਤੇ ਦਿਨ ਉਪਰੋਕਤ ਵਰਕਰਾਂ ਨੂੰ ਡੀਊਟੀ ਮੈਜਿਸਟਰੇਟ ਲੁਧਿਆਣਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿਥੋਂ ਉਨ੍ਹਾਂ ਨੂੰ 4 ਅਪਰੈਲ ਤੱਕ ਫਿਰ ਜੇਲ੍ਹ ਭੇਜਣ ਦਾ ਹੁਕਮ ਦਿਤਾ ਗਿਆ। ਇਸ ਮੌਕੇ ਤੇ ਵਰਕਰਾਂ ਨੇ ਪ੍ਰਸ਼ਾਸ਼ਨ ਵਿਰੁਧ ਨਾਹਰੇਬਾਜ਼ੀ ਕਰਕੁ ਰੋਸ ਪ੍ਰਗਟਾਵਾ ਕੀਤਾ। ਇਕ ਹੋਰ ਸੂਚਨਾ ਮੁਤਾਬਕ 3 ਅਪਰੈਲ ਪਿਛੋਂ ਸ਼ਿਵ ਸੈਨਾ ਆਗੂਆਂ ਨੇ ਸਿੱਧੀ ਕਾਰਵਾਈ ਦਾ ਐਲਾਨ ਕੀਤਾ ਹੈ ਪਰ ਵਪਾਰ ਮੰਡਲ ਦੇ ਪ੍ਰਧਾਨ ਸ:ਗੁਰਬਚਨ ਸਿੰਘ ਧੀਮਾਨ ਮੁਤਾਬਕ ਉਹ ਕਿਸੇ ਬੰਦ ਲਈ ਸਾਥ ਨਹੀਂ ਦੇਣਗੇ। ਪ੍ਰਸ਼ਾਸ਼ਨ ਇਸ ਹਾਲਤ ਨੂੰ ਮੁਖ ਰਖਦਿਆਂ ਪੂਰੀ ਚੌਕਸੀ ਵਰਤ ਰਿਹਾ ਹੈ ਅਤੇ ਲੋੜੀਂਦੇ ਸ਼ਿਵ ਸੈਨਕਾਂ ਦੀ ਗ੍ਰਿਫਤਾਰੀ ਲਈ ਯਤਨਸ਼ੀਲ ਹੈ ਸ਼ਹਿਰ ਵਿਚ ਕਾਰੋਬਾਰ ਆਮ ਵਰਗਾ ਹੈ ਅਤੇ ਸਭ ਮਾਰਕੀਟਾਂ ਖੁੱਲ੍ਹੀਆਂ ਹਨ।

ਗਰਦਨ ਉਤਾਰੋ ਮੇਰੀ ਸੀਨੇ 'ਚ ਖੋਭੋ ਖੰਜਰ।
ਕਿਉਂ ਰੁਕ ਗਏ ਹੋ ਯਾਰੋ, ਹੁਣ ਵਾਰ ਕਰਦੇ ਕਰਦੇ।

## ਸਾਡੇ ਸਮਕਾਲੀ

### ੦ ਸਿੰਘ ਸਾਹਿਬਾਨ ਬਨਾਮ ਹਕੂਮਤੀ ਪਾਰਟੀ:

ਧਰਮ ਅਤੇ ਸਿਆਸਤ ਦੇ ਆਪਸੀ ਰਿਸ਼ਤੇ ਬਾਰੇ ਕੁਝ ਗੱਲਾਂ ਨਿਖਰਕੇ ਸਾਹਮਣੇ ਆਈਆਂ ਹਨ ਜੋ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਤੇ ਡੂੰਘਾ ਅਸਰ ਰੱਖਣਗੀਆਂ। ਅਕਾਲੀ ਦਲ ਦੀ ਸਾਰੀ ਸਿਆਸਤ ਦਾ ਆਧਾਰ ਧਰਮ ਤੇ ਰਿਹਾ ਹੈ। ਇਹਦੀਆਂ ਬਹੁਤ ਸਾਰੀਆਂ ਨੀਤੀਆਂ ਦਾ ਵਿਸ਼ਲੇਸਣ ਕਰਦਿਆਂ ਹੋਇਆਂ ਇਹ ਨਤੀਜੇ ਨਿਕਲਦੇ ਰਹੇ ਕਿ ਇਹ ਪਾਰਟੀ ਮੁੱਖ ਤੌਰ ਤੇ ਧਨੀ ਕਿਸਾਨਾਂ ਦੀ ਨੁਮਾਇੰਦਗੀ ਕਰਦੀ ਹੈ ਪਰ ਕੁਝ ਵੀ ਹੋਵੇ,ਬੁਨਿਆਦ ਹਮੇਸ਼ਾ ਇਸ ਪਾਰਟੀ ਦੀ ਧਰਮ ਤੇ ਹੀ ਰਹੀ। ਇਹਦੇ ਸਾਰੇ ਅੰਦੋਲਨ ਧਰਮ ਦੇ ਨਾਂ ਤੇ ਹੀ ਚਲਦੇ ਰਹੇ ਅਤੇ ਉਨ੍ਹਾਂ ਦੇ ਗੜ੍ਹ ਵੀ ਧਰਮ ਅਸਥਾਨ ਰਹੇ। ਇਹ ਸਿਆਸਤ ਭਾਵੇਂ ਲੋਕਾਂ ਦੇ ਧਾਰਮਿਕ ਜਜ਼ਬਿਆਂ ਨੂੰ ਵਰਤਕੇ ਵੱਡੀ ਸਫਲਤਾ ਵੀ ਲੈਂਦੀ ਰਹੀ ਹੈ,ਪਰ ਅੱਜ ਦੇ ਪ੍ਰਸੰਗ ਵਿਚ ਇਹ ਸਿਆਸਤ ਪਿਛਾਕੜ ਹੀ ਸੀ। ਇਹਦਾ ਸਾਧਾਰਨ ਸਿੱਖਾਂ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ। ਇਸਦਾ ਪ੍ਰਮਾਣ ਪਹਿਲੇ ਹੀ ਇਮਤਿਹਾਨ ਵਿਚ ਸਾਹਮਣੇ ਆ ਗਿਆ ਹੈ। ਸਿੰਘ ਸਾਹਿਬਾਨ ਨੇ ਜਦੋਂ ਹੁਕਮਨਾਮਾ ਕੱਢਿਆ ਕਿ ਸਾਰੇ ਅਕਾਲੀ ਦਲ ਆਪਣੇ ਆਪ ਨੂੰ ਭੰਗ ਕਰ ਦੇਣ ਤਾਂ ਜਿਹੜੇ ਕੁਰਸੀਆਂ ਤੋਂ ਲਾਂਭੇ ਸਨ,ਉਨ੍ਹਾਂ ਨੇ ਇਕ ਮਿੰਟ ਨਾਂ ਲਾਇਆ ਤੇ ਸਿੰਘ ਸਾਹਿਬਾਨ ਦਾ ਹੁਕਮ ਮੰਨ ਲਿਆ ਪਰ ਜਿਹੜੇ ਕੁਰਸੀਆਂ ਤੇ ਬੈਠੇ ਸਨ,ਉਹ ਸ਼ਸ਼ੋਪੰਜ ਵਿਚ ਪੈ ਗਏ ਤੇ ਅਖੀਰ ਉਨ੍ਹਾਂ ਵਿਚੋਂ ਬਹੁਤਿਆਂ ਨੇ ਸਿੰਘ ਸਾਹਿਬਾਨ ਦੀ ਗੱਲ ਠੁਕਰਾ ਦਿੱਤੀ। ਸਾਬਤ ਹੋ ਗਿਆ ਹੈ ਕਿ ਧਰਮ ਤਾਂ ਇਕ ਬਹਾਨਾ ਸੀ ਜਿਸਦੇ ਰਾਹੀਂ ਇਹ ਲੋਕ ਕੁਰਸੀਆਂ ਤੇ ਪੁੱਜਦੇ ਹਨ। ਸਿੰਘ ਸਾਹਿਬਾਨ ਦਾ ਸਿਆਸੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਦਿਆਂ ਹੋਇਆ ਹੁਕਮਨਾਮਾ ਰੱਦ ਹੋ ਜਾਣਾ ਪੰਜਾਬ ਦੀ ਸਿਆਸਤ ਲਈ ਇਕ ਚੰਗਾ ਹੀ ਸ਼ਗਨ ਹੈ।

### ਕੁਝ ਗੱਲਾਂ ਬਾਰੇ ਬਿਲਕੁਲ ਸਪਸ਼ਟ ਹੋਈਏ

ਪੰਜਾਬ ਦੀ ਸਿਆਸਤ ਵਿਚ ਦੋ ਗੱਲਾਂ ਸਾਹਮਣੇ ਉਭਰਕੇ ਆਈਆਂ ਹੋਈਆਂ ਹਨ। ਇਕ ਗੱਲ ਤੇ ਸਿਆਸੀ ਸੰਘਰਸ਼ ਦੀ ਹੈ ਜਿਸਦਾ ਆਧਾਰ ਹੈ ਕਿ ਕੇਂਦਰ ਨੇ ਬਹੁਤ ਸਾਰਿਆਂ ਮਾਮਲਿਆਂ ਵਿਚ ਪੰਜਾਬ ਦੇ ਲੋਕਾਂ ਵੱਲ ਇਕ ਮਤਰੇਈ ਮਾਂ ਵਾਲਾ ਸਲੂਕ ਅਪਣਾਇਆ ਹੋਇਆ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਆਪਣੇ ਹੱਕਾਂ ਲਈ ਇਕ ਲੜਾਈ ਲੜਨੀ ਪੈਣੀ ਹੈ। ਇਹ ਲੜਾਈ ਹੋਰ ਵੀ ਬਹੁਤ ਸਾਰੇ ਸੂਬਿਆਂ ਨੂੰ ਲੜਣੀ ਪੈ ਰਹੀ ਹੈ,ਜਿਨ੍ਹਾਂ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਨਹੀਂ। ਇਹ ਇਕ ਸਿਆਸੀ ਲੜਾਈ ਹੈ ਤੇ ਸਿਆਸੀ ਪਾਰਟੀਆਂ ਨੂੰ ਇਹ ਹੱਕ ਹੈ ਕਿ ਉਹ ਲੋਕਾਂ ਨੂੰ ਇਸ ਲੜਾਈ ਲਈ ਲਾਮਬੰਦ ਕਰਨ,ਸੰਘਰਸ਼ ਕਰਨ,ਮੋਰਚੇ ਲਗਾਉਣ ਅਤੇ ਵਿਸ਼ਾਲ ਪੱਧਰ ਤੇ ਅੰਦੋਲਨ ਚਲਾਉਣ। ਦੂਜੀ ਗੱਲ ਜਾਂ ਦੂਜਾ ਵਰਤਾਰਾ ਜੋ ਪੰਜਾਬ ਵਿਚ ਚਲ ਰਿਹਾ ਹੈ,ਉਹ ਕਥਿਤ ਕਾਨੂੰਨ ਤੇ ਕਥਿਤ ਅਤਿਵਾਦੀਆਂ ਦੇ ਦਰਮਿਆਨ ਦਾ ਸੰਘਰਸ਼ ਹੈ। ਇਸ ਵਰਤਾਰੇ ਵਿਚ ਦੋਨੋਂ ਧਿਰਾਂ ਹੀ ਦੂਰੋਂ ਅਤੇ ਗੰਦੀ ਖੇਡ ਖੇਡ ਰਹੀਆਂ ਹਨ। ਕਾਨੂੰਨ ਵਾਲੇ ਕਾਨੂੰਨ ਨੂੰ ਛਿੱਕੇ ਟੰਗ ਕੇ ਝੂਠੇ ਪੁਲਸ ਮੁਕਾਬਲੇ ਬਣਾਉਂਦੇ ਹਨ,ਕਿਸੇ ਅਤਿਵਾਦੀ ਨੂੰ ਪਕੜ ਨਹੀਂ ਸਕਦੇ ਤਾਂ ਉਹਦੇ ਘਰ ਵਾਲਿਆਂ ਨਾਲ ਨਜ਼ਾਇਜ਼ ਹਰਕਤਾਂ ਕਰਦੇ ਹਨ,ਆਪਣੀ ਨਲਾਇਕੀ ਨੂੰ ਛੁਪਾਉਣ ਦੀ ਖਾਤਿਰ ਛਿੱਥੇ ਪੈ ਕੇ ਪਿੰਡਾਂ ਸ਼ਹਿਰਾਂ ਵਿਚ ਦਹਿਸ਼ਤ ਪਾਉਂਦੇ ਹਨ ,ਤਲਾਸ਼ੀਆਂ ਲੈਣ ਦੇ ਬਹਾਨੇ ਡਾਕਾਜ਼ਨੀ ਕਰਦੇ ਹਨ,ਸਾਧਾਰਨ ਸ਼ਹਿਰੀਆਂ ਨੂੰ ਜ਼ਲੀਲ ਕਰਦੇ ਹਨ। ਇਸੇ ਤਰ੍ਹਾਂ ਅਤਿਵਾਦੀ ਗੰਦੀ ਖੇਡ ਖੇਡਦਿਆਂ ਬੱਸਾਂ ਵਿਚ ਕਤਲ ਕਰਦੇ ਹਨ ਆਪਣੇ ਸਿਆਸੀ ਵਿਰੋਧੀਆਂ ਨੂੰ ਮਾਰ ਮੁਕਾਉਣ ਦੀਆਂ ਧਮਕੀਆਂ ਦਿੰਦੇ ਹਨ ਅਤੇ ਮਾਰਦੇ ਵੀ ਹਨ। ਬੱਚਿਆਂ ਔਰਤਾਂ ਦਾ ਕਤਲ ਕਰਦੇ ਹਨ। ਛਿੱਥੇ ਪੈ ਕੇ ਪੁਲਸ ਅਧਿਕਾਰੀਆਂ ਦੇ ਬਾਲ—ਬੱਚਿਆਂ ਜਾਂ ਬੁੱਢੇ ਮਾਪਿਆਂ ਦਾ ਕਤਲ ਕਰਦੇ ਹਨ। ਇਨ੍ਹਾਂ ਦਾ ਪੰਜਾਬ ਦੀ ਕਿਸੇ ਮੰਗ ਨਾਲ ਕੋਈ ਸਰੋਕਾਰ ਨਹੀਂ। ਖਾਲਿਸਤਾਨ ਦਾ ਨਾਅਰਾ ਵੀ ਜਦੋਂ ਇਹ ਲਗਾਂਦੇ ਹਨ ਤਾਂ ਉਹਦੇ ਪਿਛੇ ਕੋਈ ਸਿਆਸਤ ਜਾਂ ਸੁਹਿਰਦਤਾ ਨਹੀਂ। ਆਪਣੇ ਕਾਲੇ ਕਾਰਨਾਮਿਆਂ ਨੂੰ ਇਕ ਨੁਮਣਾ ਦੇਣ ਲਈ ਇਹ ਨਾਅਰਾ ਲਗਾਇਆ ਜਾਂਦਾ ਹੈ। ਸਾਨੂੰ ਪਹਿਲੀ ਲੜਾਈ ਅਤੇ ਦੂਜੀ ਲੜਾਈ ਵਿਚ ਸਪਸ਼ਟ ਤੌਰ ਤੇ ਫਰਕ ਸਮਝਣਾ ਚਾਹੀਦਾ ਹੈ। ਪਹਿਲੀ ਕਿਸਮ ਦੀ ਲੜਾਈ ਦੇਸ਼ ਭਰ ਵਿਚ ਜਮਹੂਰੀ ਅੰਸ਼ਾਂ ਨਾਲ ਰਲਕੇ ਲੜੀ ਜਾ ਸਕਦੀ ਹੈ। ਇਹ ਕੇਂਦਰ ਦੀ ਤਾਨਾਸ਼ਾਹੀ ਦੇ ਵਿਰੁਧ ਹੈ ਅਤੇ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਲੜਾਈ ਦਾ ਹੀ ਰੂਪ ਹੈ। ਇਹਦੇ ਵਿਚ ਸਾਧਾਰਨ ਬੰਦੇ ਦਾ ਪੱਖ ਲੈ ਕੇ ਇਕ ਸਰਗਰਮ ਧਿਰ ਵੀ ਬਣਾਇਆ ਜਾ ਸਕਦਾ ਹੈ ਪਰ ਦੂਜੀ ਲੜਾਈ ਇਹ ਦੋਨੋਂ ਧਿਰਾਂ ਦੀ ਸੌ ਫੀਸਦੀ ਨਿਖੇਧਤਾ ਹੀ ਸਾਡਾ ਫਰਜ਼ ਹੈ। ਦੋਨੋਂ ਧਿਰਾਂ ਸਾਧਾਰਨ ਬੰਦੇ ਦੀ ਤਬਾਹੀ ਦਾ ਕਾਰਨ ਬਣ ਰਹੀਆਂ ਹਨ,ਅਸੀਂ ਕਿਸੇ ਦਾ ਵੀ ਪੱਖ ਨਹੀਂ ਲੈ ਸਕਦੇ।

ਮਾਸਿਕ ਸਮਤਾ ਅੰਮ੍ਰਿਤਸਰ



## ਦੇਸ਼ ਵਾਸੀਆਂ ਦਾ ਸਬਰ ਟੁੱਟ ਗਿਆ ਤਾਂ ਅੱਤਵਾਦੀ ਕਿਤੇ ਲਭਿਆਂ ਨਹੀਂ ਲੱਭਣਗੇ— ਪੱਤਰਕਾਰ ਅਕਬਰ

ਜਲੰਧਰ:—ਪ੍ਰਸਿਧ ਪੱਤਰਕਾਰ ਅਤੇ ਅਖਬਾਰ ਟੈਲੀਗ੍ਰਾਫ (ਕੱਲਕੱਤਾ) ਦੇ ਸੰਪਾਦਕ ਸ੍ਰੀ ਐਮ.ਜੇ.ਅਕਬਰ. ਨੇ ਇਥੇ ਹਿੰਦ ਸਮਾਚਾਰ ਪੱਤਰ ਸਮੂਹ ਦੇ ਦਫਤਰ ਵਿਚ ਹਿੰਤ ਸਮਾਚਾਰ ਸ਼ਹੀਦ ਫੰਡ ਵਿਚੋਂ ਅੰਤਵਾਦੀ ਪੀੜਤ ਪਰਿਵਾਰਾਂ ਨੂੰ ਸਹਾਇਤਾ ਦੇਣ ਸਬੰਧੀ ਸਮਾਗਮ ਵਿਚ ਵੱਖਵਾਦੀਆਂ ਨੂੰ ਚਿਤਾਰਿਆ ਕਿ ਇਹ ਠੀਕ ਹੈ ਕਿ ਭਾਰਤ ਦੇ ਲੋਕਾਂ ਵਿਚ ਸਹਿਨਸ਼ੀਲਤਾ ਬਹੁਤ ਹੈ ਅਤੇ ਇਸੇ ਕਾਰਨ ਹੀ ਉਹ ਹੁਣ ਤੱਕ ਉਨ੍ਹਾਂ ਦੇ ਹਿੰਸਕ ਤੇ ਦੇਸ਼ ਵਿਰੋਧੀਆਂ ਕੰਮਾਂ ਨੂੰ ਸਹਿਣ ਕਰ ਰਹੇ ਹਨ ਪਰ ਜਦੋਂ ਸਹਿਨਸ਼ੀਲਤਾ ਦੀ ਸੀਮਾ ਟੁੱਟ ਗਈ ਤਾਂ ਨਾ ਸਿਰਫ ਪੰਜਾਬ ਦੇ ਲੋਕਾਂ ਦਾ ਸਗੋਂ ਸਮੁੱਚੇ ਦੇਸ਼ ਦੀ ਜਨਤਾ ਦਾ ਹੱਥ ਉਨ੍ਹਾਂ ਵਿਰੁੱਧ ਉੱਠੇਗਾ ਅਤੇ ਉਹ ਕਿਤੇ ਵੀ ਨਜ਼ਰ ਨਹੀਂ ਆਉਣਗੇ।

ਸ੍ਰੀ ਅਕਬਰ ਨੇ ਕਿਹਾ ਕਿ ਅੱਜ ਪੰਜਾਬ ਦੇ ਸਿੱਖਾਂ ਨੂੰ ਕੁਝ ਸ਼ਿਕਾਇਤਾਂ ਹੋਣ ਦੀ ਚਰਚਾ ਹੈ। ਇਹ ਗੱਲ ਠੀਕ ਵੀ ਹੋਵੇਗੀ ਕਿ ਪਿਛਲੇ ਪੰਜ ਸਾਲਾਂ ਵਿਚ ਕੁਝ ਸ਼ਿਕਾਇਤਾਂ ਪੈਦਾ ਹੋ ਗਈਆਂ ਹੋਣਗੀਆਂ। ਪਰ 1971 ਤੱਕ ਤਾਂ ਸਿੱਖਾਂ ਦੇ ਬਾਰੇ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਉਹ ਕਿਸੇ ਸ਼ਿਕਾਇਤ ਦਾ ਸ਼ਿਕਾਰ ਹੋਏ ਹਨ ਜਾਂ ਉਹ ਕਿਸੇ ਸ਼ਿਕਾਇਤ ਤੇ ਇੰਨੇ ਬੇਜ਼ਾਰ ਹੋਣਗੇ। ਉਦੋਂ ਤਾਂ ਸਿੱਖ ਭਾਰਤ ਦੇ ਪਹਿਲੇ ਦਰਜੇ ਦੇ ਨਾਗਰਿਕਾਂ ਦੇ ਰੂਪ ਵਿਚ ਮਾਨਤਾ ਰਖਦੇ ਸਨ ਪਰ ਪਤਾ ਨਹੀਂ ਕਿਉਂ 1971 ਤੋਂ ਕੁਝ ਸਮਾਂ ਬਾਅਦ ਕੁਝ ਲੋਕਾਂ ਨੇ ਸ੍ਰੀ ਨੰਦਪੁਰ ਸਾਹਿਬ ਦਾ ਮਤਾ ਪਾਸ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ। ਅਸਲ ਵਿਚ ਇਹ ਕਿਸੇ ਗਹਿਰੀ ਸਾਜ਼ਿਸ਼ ਹੇਠ ਉਠਾਇਆ ਕਦਮ ਸੀ,ਜੋ ਅੱਜ ਅੱਤਵਾਦ ਤੇ ਵੱਖਵਾਦ ਦੇ ਰੂਪ ਵਿਚ ਫਲਿਆ ਫੁਲਿਆ ਨਜ਼ਰ ਆਉਂਦਾ ਹੈ।


# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ**

**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।**

## ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.K.)
Res. 580-1822



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)
Res. 228-0452

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੋਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੰਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।

## IMMIGRATION PROBLEMS?

**Let us assist you as we have been doing since 1946**

**Complete Immigration Service in Canada**

| | |
|---|---|
| Sponsoring Immediate Family | Investors Immigration |
| Close Relatives | Entrepreneurs Immigration |
| Independent Immigrants | Self-Employed Immigration |
| Fiance (e) Application | Family Business Immigration |
| Student Visa | Work Permit |
| Refugee Application | Retired Person Application |
| Visitors Visa | Release Hearing |
| Adoption Application | Immigration Inquiry |
| Returning Resident Permit | Immigration Appeal |
| Citizenship Application | Preparing Application Forms |
| Orphan Relatives Application | Etc.... |

FREE consultation for first interview

**Malkit Singh Parhar & Daljit Sandhu**

**IMMIGRATION CONSULTANTS**

World Wide Immigration & Documentation Services
# 201-1275 W. 6th Avenue, Vancouver, B.C. Canada.

Off. (604) 733-1644

# GILL AUTO SALES

# ਗਿੱਲ ਆਟੋ ਸੇਲਜ਼

DLR #8220

## CONGRATULATE

**David Levi, Paul Gill and Shirley Chan**

**On**

**their election**

**As**

## VAN CITY DIRECTORS



LEVI, David



GILL, Paul



CHAN, Shirley

**ਸਸਤੇ ਭਾਅ ਫਾਰਮ ਵੈਨਾਂ ਦੀਆਂ ਸੀਟਾਂ ਲਾਉਣ ਲਈ**
**ਖਾਸ ਪ੍ਰਬੰਧ ਤੇ ਵਾਜਬ ਰੇਟ**

**MOVING TO**

**New and Bigger Location**

**MAY 1, 1987**

New Address :

7762 - Edmonds St. (near Canada Way)

Burnaby, B.C.

## Gill Van Conversion

## —WINDOWS—

- Complete Conversions
- I.C.B.C. Claims
- Full Line of Accessories
- Sun-roofs

We will build to your plans or ours

**BEST RATES —**
**GUARANTEED WORK**

**ALL QUALITY CARS, PICK UPS & VANS TO CHOOSE FROM**

**6138 KINGSWAY**

**(Between Gilly & Imperial)**

**Ph. 432-7333**